ਕੀਤੀ ਜਾਵੇਗੀ, ਜਿੱਥੇ ਵਿਦਿਆਰਥੀ ਉਨ੍ਹਾਂ ਦੇ ਜੀਵਨ ਤੇ ਵਿਚਾਰਾਂ 'ਤੇ ਗੰਭੀਰ ਅਧਿਐਨ ਅਤੇ ਖੋਜ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਗੁਰੂ ਤੇ.ਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਦਿਹਾੜਾ ਮੌਕੇ 1 ਨਵੰਬਰ ਤੋਂ ਸ਼ੁਰੂ ਹੋਏ ਸਮਾਰੋਹ 25 ਨਵੰਬਰ ਤੱਕ ਚਲਣਗੇ। ਮੁੱਖ ਸਮਾਰੋਹ ਕੁਰੁਕਸ਼ੇਤਰ ਵਿੱਚ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਚਾਰ ਪਵਿੱਤਰ ਨਗਰ ਕੀਰਤਨ ਕੱਡੀਆਂ, ਜਿਨ੍ਹਾਂ ਵਿੱਚੋਂ ਪਹਿਲੀ ਨਗਰ ਕੀਰਤਨ ਦਾ ਸ਼ੁਭਾਰੰਭ ਅੱਜ ਸਿਰਸਾ ਜਿਲ੍ਹੇ ਦੇ ਰੋੜੀ ਧਾਮ ਤੋਂ ਹੋਇਆ ਹੈ। ਮੁੱਖ ਮੰਤਰੀ ਨੇ ਦੇਸ਼ ਭਰ ਤੋਂ ਆਏ ਸਾਧੂ-ਸੰਤਾਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਅਜਿਹੇ ਮਹਾਨ ਆਦਰਸ਼ ਪੁਰਖ ਦੇ ਜੀਵਨ ਅਤੇ ਉਪਦੇਸ਼ਾਂ 'ਤੇ ਵਿਚਾਰ ਕਰ ਰਹੇ ਹਾਂ, ਜਿਨ੍ਹਾਂ ਨੇ ਸਿਖਾਇਆ ਕਿ ਧਰਮ ਦਾ ਮਤਲਬ ਸਿਰਫ਼ ਆਪਣਾ ਧਰਮ ਬਚਾਉਣਾ ਨਹੀਂ, ਸਗੋਂ ਪੂਰੀ ਦੁਨੀਆ ਦੀ ਨੈਤਿਕਤਾ ਅਤੇ ਅੰਤਰਾਤਮਾ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਮਨੁੱਖਤਾ ਤਕਨੀਕੀ ਯੁੱਗ ਵਿੱਚ ਦਾਖਲ ਹੋ ਚੁੱਕੀ ਹੈ, ਤਦ ਵੀ ਗੁਰੂ ਤੇ.ਗ ਬਹਾਦਰ ਜੀ ਦੇ ਆਦਰਸ਼ ਭਾਰਤ ਨੂੰ ਸਹੀ ਦਿਸ਼ਾ ਦੇ ਰਹੇ ਹਨ। 21ਵੀਂ ਸਦੀ ਵਿੱਚ ਭਾਰਤ ਦੀ ਅਸਲੀ ਤਾਕਤ ਸਿਰਫ਼ ਤਕਨਾਲੋਜੀ ਨਹੀਂ, ਸਗੋਂ ਨੈਤਿਕ ਮੁੱਲਾਂ, ਆਧਿਆਤਮਿਕਤਾ ਅਤੇ ਹਿੰਮਤ ਵਿੱਚ ਸਮਾਈ ਹੋਈ ਹੈ। ਉਨ੍ਹਾਂ ਕਿਹਾ ਕਿ ਜਦੋਂ ਜਵਾਨ ਪੀੜ੍ਹੀ ਤੀਬਰ ਮੁਕਾਬਲੇ, ਮਨੋਵੈਜਾਨਕ ਦਬਾਅ ਅਤੇ ਤੁਲਨਾ ਦੀ ਸੰਸਕ੍ਰਿਤੀ ਦਾ ਸਾਹਮਣਾ ਕਰ ਰਹੀ ਹੈ, ਤਦ ਗੁਰੂ ਤੇ.ਗ ਬਹਾਦਰ ਜੀ ਅਤੇ ਉਨ੍ਹਾਂ ਦੇ ਚਾਰ ਸ਼ਹੀਦ ਸ਼ਿਸ਼ਿਆ ਜਵਾਨਾਂ ਲਈ ਪ੍ਰਕਾਸ਼-ਪੁਰਖ ਵਾਂਗ ਰਾਹ ਦਿਖਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਨੇਤ੍ਰਿਤਵ ਹੇਠ ਭਾਰਤ, ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਅਨੁਸਾਰ, ਮਨੁੱਖਤਾ ਨੂੰ ਸਹੀ ਰਾਹ ਦਿਖਾਉਣ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਨੇਤ੍ਰਿਤਵ ਹੇਠ ਦੇਸ਼ "ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ"ਦੇ ਸਿਧਾਂਤ 'ਤੇ ਅੱਗੇ ਵੱਧ ਰਿਹਾ ਹੈ — ਜੋ ਗੁਰੂ ਪਰੰਪਰਾ ਦੀ ਹੀ ਵਿਸਤਾਰਿਤ ਭਾਵਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਸਿੱਖ ਇਤਿਹਾਸ ਅਤੇ ਵਿਰਾਸਤ ਦੀ ਸੁਰੱਖਿਆ ਤੇ ਪ੍ਰਚਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ 1984 ਦੇ ਦੰਗਿਆਂ ਦੌਰਾਨ ਆਪਣੇ ਪ੍ਰੀਤਮ ਗੁਆ ਚੁੱਕੇ ਹਰਿਆਣਾ ਦੇ 121 ਸਿੱਖ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਦਸੰਬਰ 2022 ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਕੇ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਕੀਤੀ ਗਈ ਹੈ

## ਚੰਦਰਯਾਨ-2 ਦੇ ਆਰਬਿਟਰ ਨੇ ਭੇਜਿਆ ਡਾਟਾ, ਭਵਿੱਖੀ ਮਿਸ਼ਨਾਂ 'ਚ ਮਿਲੇਗੀ ਮਦਦ

ਨਵੀਂ ਦਿੱਲੀ 9 ਨਵੰਬਰ। ਚੰਦਰਯਾਨ-2 ਦੇ ਆਰਬਿਟਰ ਨੇ ਚੰਦਰਮਾ ਨਾਲ ਸਬੰਧਤ ਕਈ ਅਹਿਮ ਜਾਣਕਾਰੀਆਂ ਭੇਜੀਆਂ ਹਨ। ਚੰਦਰਯਾਨ-2 ਦਾ ਆਰਬਿਟਰ 2019 ਤੋਂ ਲਗਾਤਾਰ ਚੰਦਰਮਾ ਦੀ ਪਰਿਕਰਮਾ ਕਰ ਰਿਹਾ ਹੈ। ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਚੰਦਰਯਾਨ-2 ਆਰਬਿਟਰ ਤੋਂ ਉੱਨਤ ਡਾਟਾ ਪ੍ਰਾਪਤ ਹੋਣ ਦਾ ਸ਼ਨੀਵਾਰ ਨੂੰ ਐਲਾਨ ਕੀਤਾ। ਇਸ ਨਾਲ ਵਿਗਿਆਨੀਆਂ ਨੂੰ ਚੰਦਰਮਾ 'ਤੇ ਬਰਫ਼, ਸਤ?ਹਾ ਦੀ ਬਣਤਰ ਅਤੇ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਮਿਲੇਗੀ। ਇਹ ਭਵਿੱਖ ਦੇ ਚੰਦਰ ਮਿਸ਼ਨਾਂ ਲਈ ਬਹੁਤ ਅਹਿਮ ਹੈ। ਇਸਰੋ ਨੇ 'ਐਕਸ' 'ਤੇ ਪੋਸਟ 'ਚ ਕਿਹਾ ਕਿ ਚੰਦਰਯਾਨ-2 ਦੇ ਆਰਬਿਟਰ ਤੋਂ ਮਿਲਿਆ ਡਾਟਾ ਚੰਦਰਮਾ ਦੇ ਧਰੁਵੀ ਖੇਤਰਾਂ ਦੀ ਡੂੰਘਾਈ ਨਾਲ ਸਮਝ ਲਈ ਉਪਯੋਗੀ ਹੈ। ਇਸ 'ਚ ਚੰਦਰਮਾ ਦੀ ਸਤ?ਹਾ ਦੇ ਭੌਤਿਕ ਅਤੇ ਡਾਈਇਲੈਕਟ੍ਰਿਕ ਗੁਣਾਂ ਦਾ ਵਰਣਨ ਕਰਨ ਵਾਲਾ ਅਹਿਮ ਡਾਟਾ ਸ਼ਾਮਲ ਹੈ। ਚੰਦਰਯਾਨ-2 ਆਰਬਿਟਰ ਨੇ ਆਪਣੇ ਡੁਅਲ ਫ੍ਰਿਕਵੈਂਸੀ ਸਿੰਥੈਟਿਕ ਅਪਰਚਰ ਰਾਡਾਰ (ਡੀ. ਐੱਫ. ਐੱਸ. ਏ. ਆਰ.) ਤੋਂ ਉੱਚ ਗੁਣਵੱਤਾ ਵਾਲਾ ਡਾਟਾ ਭੇਜਿਆ ਹੈ। ਅਹਿਮਦਾਬਾਦ ਸਥਿਤ ਇਸਰੋ ਦੇ ਸਪੇਸ ਐਪਲੀਕੇਸ਼ਨ ਸੈਂਟਰ (ਐੱਸ. ਏ. ਸੀ.) ਦੇ ਵਿਗਿਆਨੀਆਂ ਨੇ ਡਾਟਾ ਦੀ ਵਰਤੋਂ ਕਰ ਕੇ 25 ਮੀਟਰ ਪ੍ਰਤੀ ਪਿਕਸਲ ਦੇ ਹਾਈ-ਰੈਜ਼ੋਲਿਊਸ਼ਨ 'ਤੇ ਚੰਦਰਮਾ ਦਾ ਪਹਿਲਾ ਪੂਰਨ-ਧਰੁਵੀ ਜਾਂ ਪੋਲਾਰਿਮੈਟ੍ਰਿਕ, ਐੱਲ-ਬੈਂਡ ਰਡਾਰ ਮੈਪ ਤਿਆਰ ਕੀਤਾ ਹੈ। ਇਹ ਰਡਾਰ ਹੁਣ ਤੱਕ ਦਾ ਸਭ ਤੋਂ ਉੱਨਤ ਯੰਤਰ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਵਰਟੀਕਲ ਅਤੇ ਹੌਰੀਜ਼ੋਂਟਲ ਦੋਵੇਂ ਸਿਗਨਲ ਭੇਜਦਾ ਅਤੇ ਪ੍ਰਾਪਤ ਕਰਦਾ ਹੈ।

## ਰਾਹੁਲ ਤੇ ਤੇਜਸਵੀ ਸੀਮਾਂਚਲ ਨੂੰ ਘੁਸਪੈਠੀਆਂ ਦਾ ਅੱਡਾ ਬਣਾਉਣ 'ਤੇ ਤੁਲੇ ਹੋਏ ਹਨ: ਸ਼ਾਹ

ਪੁਰਣੀਆ 9 ਨਵੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਦੋਸ਼ ਲਾਇਆ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਨੇਤਾ ਤੇਜਸਵੀ ਯਾਦਵ ਬਿਹਾਰ ਦੇ ਸੀਮਾਂਚਲ ਖੇਤਰ ਨੂੰ 'ਘੁਸਪੈਠੀਆਂ ਦਾ ਅੱਡਾ' ਬਣਾਉਣ 'ਤੇ ਤੁਲੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਰ ਗੈਰ-ਕਾਨੂੰਨੀ ਪ੍ਰਵਾਸੀ ਦੀ ਪਛਾਣ ਕਰੇਗੀ, ਉਨ੍ਹਾਂ ਦੇ ਨਾਂ ਵੋਟਰ ਸੂਚੀ ਤੋਂ ਹਟਾਏਗੀ ਅਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜੇਗੀ। ਪੁਰਣੀਆ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਭਰੋਸਾ ਪ੍ਰਗਟਾਇਆ ਕਿ ਰਾਸ਼ਟਰੀ ਲੋਕਤੰਤਰਿਕ ਗੱਠਜੋੜ (ਰਾਜਗ) ਬਿਹਾਰ 'ਚ ਸਪੱਸ਼ਟ ਬਹੁਮਤ ਨਾਲ ਸਰਕਾਰ ਬਣਾਵੇਗਾ। ਉਨ੍ਹਾਂ ਕਿਹਾ, "243 ਮੈਂਬਰੀ ਵਿਧਾਨ ਸਭਾ 'ਚ ਰਾਜਗ 160 ਤੋਂ ਵੱਧ ਸੀਟਾਂ 'ਤੇ ਜਿੱਤ ਹਾਸਲ ਕਰੇਗਾ।"ਗ੍ਰਹਿ ਮੰਤਰੀ ਨੇ ਕਿਹਾ, "ਸੂਬੇ ਦਾ ਅੱਧਾ ਹਿੱਸਾ ਪਹਿਲਾਂ ਹੀ ਕਾਂਗਰਸ-ਰਾਜਦ ਗੱਠਜੋੜ ਨੂੰ ਬਾਹਰ ਦਾ ਰਸਤਾ ਵਿਖਾ ਚੁੱਕਾ ਹੈ।"ਉਨ੍ਹਾਂ ਇਹ ਗੱਲ 6 ਨਵੰਬਰ ਨੂੰ ਹੋਈ ਪਹਿਲੇ ਪੜਾਅ ਦੀ ਵੋਟਿੰਗ ਦਾ ਹਵਾਲਾ ਦਿੰਦਿਆਂ ਕਹੀ। ਸ਼ਾਹ ਨੇ ਕਿਹਾ, "ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਸੀਮਾਂਚਲ ਖੇਤਰ ਨੂੰ ਘੁਸਪੈਠੀਆਂ ਦਾ ਅੱਡਾ ਬਣਾਉਣ 'ਤੇ ਤੁਲੇ ਹੋਏ ਹਨ। ਅਸੀਂ ਹਰ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕਰਾਂਗੇ, ਉਨ੍ਹਾਂ ਦੇ ਨਾਂ ਵੋਟਰ ਸੂਚੀ ਤੋਂ ਹਟਾਵਾਂਗੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਾਂਗੇ।"ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਵਿਚ ਚੰਗਾ ਸ਼ਾਸਨ ਅਤੇ ਸੁਰੱਖਿਆ ਬਣਾਈ ਰੱਖਣ ਲਈ ਰਾਜਗ ਨੂੰ ਪੂਰਨ ਬਹੁਮਤ ਨਾਲ ਜਿੱਤਾਉਣ।

# ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ ! ਕਾਂਗਰਸ 'ਚ ਹੋਣ ਜਾ ਰਿਹੈ ਵੱਡਾ ਬਦਲਾਅ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਜਲੰਧਰ 9 ਨਵੰਬਰ। ਰਾਹੁਲ ਗਾਂਧੀ ਦੇ ਦਰਬਾਰ ਵਿਚ ਪੰਜਾਬ ਕਾਂਗਰਸ ਵਿਚ ਜ਼ਿਲ੍ਹਾ ਪ੍ਰਧਾਨਾਂ ਦੀ ਸੀਕ੍ਰੇਟ ਲਿਸਟ ਰੈਡੀ ਹੈ ਪਰ ਹਾਈਕਮਾਨ ਨੇ ਸਿਆਸੀ ਰੂਪ ਵਿਚ ਤਰਨਤਾਰਨ ਜ਼ਿਮਨੀ ਚੋਣ ਦੇ ਨਤੀਜਿਆਂ ਦੀ ਉਡੀਕ ਕਰਨ ਦਾ ਫ਼ੈਸਲਾ ਲਿਆ ਹੈ। ਕਿਉਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਭਰ ਵਿਚ ਮੌਜੂਦਾ ਪ੍ਰਧਾਨਾਂ ਅਤੇ ਨਵੇਂ ਚਿਹਰਿਆਂ ਦੀ ਟੱਕਰ ਵੇਖਣ ਨੂੰ ਮਿਲੇਗੀ ਪਰ ਸੰਗਠਨ ਸਿਰਜਨ ਮੁਹਿੰਮ ਦੇ ਕਲਾਈਮੈਕਸ ਨੂੰ ਹਾਲੇ ਜਨਤਕ ਇਸ ਲਈ ਨਹੀਂ ਕੀਤਾ ਗਿਆ ਤਾਂ ਜੋ ਦਾਅਵੇਦਾਰਾਂ ਵਿਚ ਅਸੰਤੋਸ਼ ਜਾਂ ਧੜੇਬੰਦੀ ਦਾ ਅਸਰ ਸਿੱਧੇ ਤੌਰ 'ਤੇ 11 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ 'ਤੇ ਨਾ ਪਵੇ। ਹਾਈਕਮਾਨ ਨੇ 'ਟੈਨਸ਼ਨ ਫ?ਰੀ ਚੋਣ' ਲਈ ਦੀਵਾਲੀ ਤੋਂ ਪਹਿਲਾਂ ਹੋਣ ਵਾਲੇ ਐਲਾਨ ਨੂੰ ਰੋਕ ਦਿੱਤਾ ਸੀ। ਜ਼ਿਕਰਯੋਗ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਨੇ ਸੰਗਠਨ ਸਿਰਜਨ ਮੁਹਿੰਮ ਤਹਿਤ ਜ਼ਿਲ੍ਹਾ ਪੱਧਰ 'ਤੇ ਨਵੇਂ ਸਿਰੇ ਤੋਂ ਸੰਗਠਨ ਨੂੰ ਮਜ਼ਬੂਤ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਸ ਮੁਹਿੰਮ ਤਹਿਤ ਹਰ ਜ਼ਿਲ੍ਹੇ ਵਿਚ ਆਬਜ਼ਰਵਰ ਅਤੇ ਸਹਿ-ਆਬਜ਼ਰਵਰ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਕੰਮ ਸੀ ਸੰਭਾਵਿਤ ਦਾਅਵੇਦਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਤਜਰਬੇ, ਜਨ ਆਧਾਰ, ਜਾਤੀ ਸਮੀਕਰਨ ਅਤੇ ਸੰਗਠਨਾਤਮਕ ਸਮਰਥਾਵਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕਰਨਾ। ਪਹਿਲੇ ਪੜਾਅ ਵਿਚ ਸਹਿ-ਆਬਜ਼ਰਵਰਾਂ ਨੇ ਮੁਲਾਕਾਤਾਂ ਅਤੇ ਚਰਚਾ ਦੇ ਆਧਾਰ 'ਤੇ ਦਾਅਵੇਦਾਰਾਂ ਦੀ ਸੂਚੀ ਨੂੰ ਸ਼ਾਰਟਲਿਸਟ ਕੀਤਾ। ਇਸ ਤੋਂ ਬਾਅਦ ਸੂਚੀ ਨੂੰ ਮੁੱਖ ਆਬਜ਼ਰਵਰ ਦੇ ਹਵਾਲੇ ਕੀਤਾ ਗਿਆ, ਜਿਸ ਨੇ ਜਾਤੀ ਸੰਤੁਲਨ, ਸਮਾਜਿਕ ਸਮੀਕਰਨ ਅਤੇ ਵਿਧਾਨ ਸਭਾ ਹਲਕਿਆਂ ਵਿਚ ਸਰਗਰਮੀ ਨੂੰ ਧਿਆਨ ਵਿਚ ਰੱਖਦੇ ਹੋਏ 6 ਦਾਅਵੇਦਾਰਾਂ ਦਾ ਪੈਨਲ ਹਾਈਕਮਾਨ ਨੂੰ ਭੇਜਿਆ। ਪੁਸ਼ਟ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ ਅਤੇ ਕਾਂਗਰਸ ਹਾਈਕਮਾਨ ਨੇ ਸਾਰੇ ਜ਼ਿਲ੍ਹਿਆਂ ਤੋਂ ਪ੍ਰਾਪਤ ਪੈਨਲਾਂ 'ਤੇ ਵਿਸਤ੍ਰਿਤ ਚਰਚਾ ਕੀਤੀ ਹੈ। ਕਈ ਥਾਵਾਂ 'ਤੇ ਨੌਜਵਾਨ ਵੋਟਰਾਂ ਨੂੰ ਮੌਕਾ ਦੇਣ ਅਤੇ ਕੁਝ ਥਾਵਾਂ 'ਤੇ ਪੁਰਾਣੇ ਤਜਰਬੇਕਾਰ ਨੇਤਾਵਾਂ ਨੂੰ ਦੋਬਾਰਾ ਜ਼ਿੰਮੇਵਾਰੀ ਸੌਂਪਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਸੂਬੇ



ਭਰ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਦੇ ਨਾਂ ਫਾਈਨਲ ਕਰ ਲਏ ਗਏ ਹਨ। ਜੋ ਵੀ ਹੋਵੇ, ਹਾਈਕਮਾਨ ਨੇ ਇਸ ਵਾਰ ਜਿਸ ਸਾਵਧਾਨੀ ਨਾਲ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਦੀ ਪ੍ਰਕਿਰਿਆ ਅਪਣਾਈ ਹੈ, ਉਹ ਸਾਫ਼ ਸੰਕੇਤ ਦਿੰਦੀ ਹੈ ਕਿ ਪਾਰਟੀ ਸੰਗਠਨ ਨੂੰ ਸਿਰਫ਼ ਅਹੁਦੇ ਵੰਡਣ ਦੇ ਨਜ਼ਰੀਏ ਨਾਲ ਨਹੀਂ, ਸਗੋਂ ਭਵਿੱਖ ਦੀ ਚੋਣ ਰਣਨੀਤੀ ਵਜੋਂ ਦੇਖ ਰਹੀ ਹੈ। ਉਪ ਚੋਣ ਦੇ ਮੱਦੇਨਜ਼ਰ ਧੜੇਬੰਦੀ ਨੂੰ ਰੋਕਣਾ ਹਾਈਕਮਾਨ ਦੀ ਸਭ ਤੋਂ ਵੱਡੀ ਪਹਿਲ ਰਹੀ ਅਤੇ ਇਸ ਲਿਹਾਜ ਨਾਲ ਸੂਚੀ ਨੂੰ ਰੋਕੇ ਰੱਖਣਾ ਇਕ ਸਫ਼ਲ ਫ਼ੈਸਲਾ ਸਾਬਿਤ ਹੋਇਆ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਜ਼ਿਮਨੀ ਚੋਣ ਤੋਂ ਬਾਅਦ ਆਉਣ ਵਾਲੀ ਉਸ ਸੂਚੀ 'ਤੇ ਹੈ, ਜੋ ਅੱਗੇ ਆਉਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਸੰਗਠਨਾਤਮਕ ਦਿਸ਼ਾ ਅਤੇ ਡਿਸਿਪਲਿਨ ਤੈਅ ਕਰੇਗੀ। ਨਾਂ ਫਾਈਨਲ ਹੋਣ ਦੇ ਬਾਵਜੂਦ ਸੂਚੀ ਜਾਰੀ ਕਰਨ 'ਚ ਦੇਰੀ ਇਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਕਾਂਗਰਸ ਹਾਈਕਮਾਨ ਨੇ ਇਸ ਸੂਚੀ ਨੂੰ ਜਾਰੀ ਕਰਨ ਵਿਚ ਦੇਰੀ ਇਸ ਲਈ ਕੀਤੀ ਕਿਉਂਕਿ ਜੇਕਰ ਜਿਨ੍ਹਾਂ ਜ਼ਿਲ੍ਹਿਆਂ ਵਿਚ ਨਵੇਂ ਚਿਹਰਿਆਂ ਨੂੰ ਕਮਾਨ ਮਿਲਦੀ, ਉਥੇ ਮੌਜੂਦਾ ਅਹੁਦੇਦਾਰਾਂ ਦੇ ਸਮਰਥਕਾਂ ਵਿਚ ਨਾਰਾਜ਼ਗੀ ਵਧ ਸਕਦੀ ਸੀ। ਇਸ ਨਾਲ ਵਰਕਰਾਂ ਵਿਚ ਅਸਹਿਮਤੀ ਡੂੰਘੀ ਹੁੰਦੀ ਅਤੇ ਚੋਣ ਮਾਹੌਲ ਵਿਚ ਇਸ ਦਾ ਸਿੱਧਾ ਅਸਰ ਤਰਨਤਾਰਨ ਜ਼ਿਮਨੀ ਚੋਣ 'ਤੇ ਪੈਂਦਾ।

# ਹਿਬਰੂ ਭਾਸ਼ਾ ਗਿਆਤਾ ਸਨ ਯਿਸੂ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਪਿਤਾ ਯੂਸਫ਼ ਅਤੇ ਮਾਂ ਮਰੀਅਮ ਨੂੰ ਤਾਂ ਯਿਸੂ ਬਾਰੇ ਮੁਕੰਮਲ ਜਾਣਕਾਰੀ ਸੀ ਕਿ ਉਹ ਪਵਿੱਤਰ ਆਤਮਾ ਵੱਲੋਂ ਪੈਦਾ ਹੋਏ ਸਨ, ਇਸੇ ਲਈ ਉਹ ਹੋਰ ਬੱਚਿਆਂ ਸਾਹਮਣੇ ਕਦੇ-ਕਦੇ ਯਿਸੂ ਦੀ ਤਰਫ਼ਦਾਰੀ ਵੱਧ ਕਰ ਦਿੰਦੇ ਸਨ ਪਰ ਯਿਸੂ ਨੇ ਅਜਿਹੀ ਵਿਸ਼ੇਸ਼ ਤਰਫ਼ਦਾਰੀ ਨੂੰ ਛੇਤੀ ਪਰਵਾਨ ਨਹੀਂ ਕਰਦੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਨਾਲ ਕੋਈ ਵੀ ਵਿਸ਼ੇਸ਼ ਵਿਵਹਾਰ ਕਰੇ (ਯੂਰੈਂਸ਼ੀਆ-124 3.2)

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਨਾਸਰਤ ਵਿਚ ਦੂਰ-ਦੁਰਾਡੇ ਦੇ ਦੇਸ਼ਾਂ ਦੇ ਸੈਲਾਨੀ, ਵਪਾਰੀ ਤੇ ਆਮ ਯਾਤਰੀ ਕਾਫ਼ਲਿਆਂ ਦੇ ਰੂਪ ਵਿਚ ਬਹੁਤ ਵੱਧ ਆਉਂਦੇ ਰਹਿੰਦੇ ਸਨ। ਯਿਸੂ ਨੂੰ ਉਨ੍ਹਾਂ ਯਾਤਰੀਆਂ ਨਾਲ ਵੀ ਗੱਲ ਕਰਨਾ ਬਹੁਤ ਵਧੀਆ ਲੱਗਾ ਸੀ ਕਿਉਂਕਿ ਉਨ੍ਹਾਂ ਤੋਂ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਸਿੱਖਣ ਨੂੰ ਮਿਲਦੀਆਂ ਸਨ। ਇਸੇ ਲਈ ਯਿਸੂ ਇਕ ਅਜਿਹੀ ਦੁਕਾਨ ਉੱਤੇ ਚਲੇ ਜਾਂਦੇ ਸਨ, ਜਿਸ ਉੱਤੇ ਵਿਦੇਸ਼ੀ ਸੈਲਾਨੀਆਂ ਦੀ ਭੀੜ ਵੱਧ ਰਹਿੰਦੀ ਸੀ। ਇਸ ਤਰ੍ਹਾਂ ਯਿਸੂ ਇਸ ਛੋਟੀ ਜਿਹੀ ਉਮਰੇ ਵੀ ਪੂਰੀ ਤਰ੍ਹਾਂ ਜਾਗਰੂਕ ਸਨ (ਯੂਰੈਂਸ਼ੀਆ-124 3.3)

ਸੰਨ 5 ਦੀ 24 ਜੂਨ ਬੁੱਧਵਾਰ ਸ਼ਾਮੀਂ ਯੂਸਫ਼ ਤੇ ਮਰੀਅਮ ਦੀ ਸੱਤਵੀਂ ਸੰਤਾਨ ਜਿਯੂਡ ਨੇ ਜਨਮ ਲਿਆ। ਮਾਂ ਮਰੀਅਮ ਉਸ ਵੇਲੇ ਕਈ ਹਫ਼ਤਿਆਂ ਤਕ ਬਹੁਤ ਜ਼ਿਆਦਾ ਬੀਮਾਰ ਰਹੇ ਸਨ, ਇਸੇ ਲਈ ਪਿਤਾ ਯੂਸਫ਼ ਨੂੰ ਬਹੁਤ ਸਮਾਂ ਘਰ 'ਚ ਰਹਿਣਾ ਪਿਆ ਸੀ। ਅਜਿਹੇ ਵੇਲੇ ਯਿਸੂ ਹੀ ਆਪਣੇ ਦੁਨਿਆਵੀ ਪਿਤਾ ਯੂਸਫ਼ ਦੇ ਬਾਹਰਲੇ ਸਾਰੇ ਕੰਮ ਸੰਭਾਲ਼ਦੇ ਰਹੇ ਸਨ। ਨਾਲ ਹੀ ਉਹ ਆਪਣੀ ਦੁਨਿਆਵੀ ਮਾਂ ਦੀ ਪੂਰੀ ਦੇਖਭਾਲ਼ ਕਰਦੇ ਸਨ। ਉਸ ਤੋਂ ਬਾਅਦ ਕਦੇ ਕਿਸੇ ਨੇ ਯਿਸੂ ਵਿਚ ਬਚਪਨ ਵਾਲੀ ਕੋਈ ਗੱਲ ਨਹੀਂ ਵੇਖੀ। ਉਹ ਵੱਡਿਆਂ ਵਾਂਗ ਹੀ ਸਾਰੇ ਕੰਮ ਕਰਦੇ ਸਨ ਤੇ ਤਦ ਉਹ 11 ਸਾਲ ਦੇ ਹੋਣ ਵਾਲੇ ਸਨ (ਯੂਰੈਂਸ਼ੀਆ-124 3.4)

ਇਕ ਯਹੂਦੀ ਧਾਰਮਿਕ ਅਧਿਆਪਕ ਹਰੇਕ ਹਫ਼ਤੇ ਕੇਵਲ ਇਕ ਸ਼ਾਮ ਲਈ ਯਿਸੂ ਨੂੰ ਪੜ੍ਹਾਉਣ ਲਈ ਆਉਂਦਾ ਸੀ। ਉਸੇ ਨੇ ਯਿਸੂ ਨੂੰ ਹਿਬਰੂ ਭਾਸ਼ਾ ਵਿਚ ਲਿਖੇ



ਧਾਰਮਿਕ ਗ੍ਰੰਥਾਂ ਬਾਰੇ ਵਿਸਥਾਰਪੂਰਬਕ ਗਿਆਨ ਦਿੱਤਾ ਸੀ। ਉਹ ਯਿਸੂ ਵਿਚ ਬਹੁਤ ਜ਼ਿਆਦਾ ਦਿਲਚਸਪੀ ਲੈਂਦਾ ਸੀ ਕਿਉਂਕਿ ਯਿਸੂ ਪੜ੍ਹਨ-ਲਿਖਣ ਵਿਚ ਬਹੁਤ ਜ਼ਿਆਦਾ ਹੁਸ਼ਿਆਰ ਸਨ। ਯਿਸੂ ਤੋਂ ਉਸ ਅਧਿਆਪਕ ਨੂੰ ਬਹੁਤ ਆਸਾਂ ਸਨ। ਇਸੇ ਲਈ ਉਹ ਉਨਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨੀ ਚਾਹੁੰਦਾ ਸੀ। ਉਸ ਨੇ ਯਿਸੂ ਨੂੰ ਕਈ ਵਾਰ ਸਲਾਹ ਦਿੱਤੀ ਸੀ ਕਿ ਉਹ ਯੇਰੂਸਲੇਮ ਚਲੇ ਜਾਣ ਤੇ ਉੱਥੇ ਪ੍ਰਸਿੱਧ ਤੇ ਵਿਦਵਾਨ ਰੱਬੀਆਂ ਤੋਂ ਨਵੇਂ ਅਤੇ ਉੱਚ-ਪੱਧਰੀ ਗਿਆਨ ਹਾਸਲ ਕਰਨ ਪਰ ਯਿਸੂ ਨੇ ਕਦੇ ਉਨ੍ਹਾਂ ਦਾ ਇਹ ਸੁਝਾਅ ਨਹੀਂ ਮੰਨਿਆ ਕਿਉਂਕਿ ਉਨ੍ਹਾਂ ਦੇ ਮਨ ਵਿਚ ਤਾਂ ਕੁਝ ਹੋਰ ਹੀ ਚੱਲ ਰਿਹਾ ਸੀ (ਯੂਰੈਂਸ਼ੀਆ-124 3.5)

*ਅਨੁਵਾਦ* ***-ਮਹਿਤਾਬ-ਉਦ-ਦੀਨ***

# ਅਬੂ ਬਕਰ ਸਿੱਦੀਕ, ਹਜ਼ਰਤ

ਪ੍ਰੋ. ਗੁਰਚਰਨ ਸਿੰਘ ਤਲਵਾੜਾ

ਹਜ਼ਰਤ ਅਬੂ ਬਕਰ ਸਿੱਦੀਕ ਪੈਗ਼ੰਬਰੇ ਇਸਲਾਮ ਦੇ ਸਭ ਤੋਂ ਨਜ਼ਦੀਕੀ ਸਾਥੀਆਂ ਵਿੱਚੋਂ ਸਨ ਅਤੇ ਹਜ਼ੂਰੇ ਅਕਰਮ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਆਪ 'ਖ਼ੁਲਫਾ-ਏ-ਰਾਸ਼ਿਦੀਨ' ਵਿੱਚੋਂ ਪਹਿਲੇ ਖ਼ਲੀਫਾ ਸਨ। ਆਪ ਦਾ ਜਨਮ 573 ਈਸਵੀ ਵਿਚ ਮੱਕਾ ਦੇ ਕੁਰੈਸ਼ ਕਬੀਲੇ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਹਜ਼ਰਤ ਉਸਮਾਨ ਅਤੇ ਮਾਤਾ ਦਾ ਨਾਂ ਬੀਬੀ ਸਲਮਾ ਸੀ। ਆਪ ਹਜ਼ਰਤ ਮੁਹੰਮਦ ਸਾਹਿਬ ਦੇ ਨਜ਼ਦੀਕੀ ਦੋਸਤ ਸਨ ਅਤੇ ਉਨ੍ਹਾਂ ਨੂੰ ਜਦੋਂ ਨਬੁੱਵਤ ਅਤਾ ਹੋਈ ਤਾਂ ਉਨ੍ਹਾਂ ਵਿਅਕਤੀਆਂ ਵਿੱਚੋਂ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸਲਾਮ ਕਬੂਲ ਕੀਤਾ। ਆਪ ਅੱਲਾਹ ਦੇ ਰਸੂਲ ਦੇ ਸਭ ਤੋਂ ਵਿਸ਼ਵਾਸ-ਪਾਤਰ ਸਹਾਬੀਆਂ ਵਿੱਚੋਂ ਸਨ। ਸੰਨ 622 ਈਸਵੀ ਵਿਚ ਜਦੋਂ ਮਦੀਨਾ ਲਈ ਹਿਜਰਤ ਕੀਤੀ ਗਈ ਤਾਂ ਹਜ਼ਰਤ ਮੁਹੰਮਦ ਸਾਹਿਬ ਨਾਲ ਆਪ ਇਕੱਲੇ ਵਿਅਕਤੀ ਸਨ। ਆਪ ਨੇ ਹਜ਼ਰਤ ਮੁਹੰਮਦ ਸਾਹਿਬ ਦਾ ਹਰ ਦੁੱਖ-ਸੁੱਖ ਵਿਚ ਸਾਥ ਦਿੱਤਾ। ਦੀਨ ਦੀ ਖ਼ਾਤਰ ਲੜੀਆਂ ਲੜਾਈਆਂ



ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਆਪ ਦੀ ਖ਼ਿਲਾਫ਼ਤ ਦਾ ਸਮਾਂ 632 ਈਸਵੀ ਤੋਂ 634 ਈਸਵੀ ਤਕ ਸੀ। ਆਪ ਦੇ ਦੌਰੇ ਖ਼ਿਲਾਫ਼ਤ ਕੁਰਆਨ ਮਜੀਦ ਦੇ ਸੰਕਲਨ ਦਾ ਕੰਮ ਆਰੰਭ ਹੋ ਗਿਆ ਸੀ। ਇਸਲਾਮੀ ਰਾਜ ਦੇ ਵਿਸਥਾਰ ਦਾ ਆਰੰਭ ਵੀ ਆਪ ਦੇ ਸਮੇਂ ਹੋ ਗਿਆ ਸੀ। ਰੂਮ ਅਤੇ ਈਰਾਨ ਦੇ ਬਹੁਤ ਸਾਰੇ ਨਗਰਾਂ ਉੱਤੇ ਜਿੱਤ ਪ੍ਰਾਪਤ ਕੀਤੀ ਗਈ। ਸੰਨ 634 ਈਸਵੀ ਵਿਚ ਕੁਝ ਸਮਾਂ ਬਿਮਾਰ ਰਹਿਣ ਉਪਰੰਤ ਆਪ ਦਾ ਦੇਹਾਂਤ ਹੋ ਗਿਆ। ਆਪ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਮਜ਼ਾਰ ਦੇ ਸੱਜੇ ਪਾਸੇ ਦਫ਼ਨਾਇਆ ਗਿਆ। ਆਪ ਬਾਰੇ ਪੈਗ਼ੰਬਰੇ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਸੀ,'ਆਪ ਗਾਰ-ਏ-ਸੌਰ ਵਿਚ ਮੇਰੇ ਸਾਥੀ ਸੀ ਅਤੇ ਹੌਜ਼-ਏ-ਕੌਸਰ 'ਤੇ ਵੀ ਮੇਰੇ ਸਾਥੀ ਹੋਵੋਗੇ।"

94634-63193

# ਨਿਰਸਵਾਰਥ ਕੰਮ ਦੀ ਮਹੱਤਤਾ



**ਪਰਮੇਸ਼ਵਾਸ ਦਾ ਅਰਥ ਸਰੇਸ਼ਟ ਧਨੁਸ਼ਵਾਲਾ ਨਹੀਂ, ਬਲਕਿ ਪਰਮ+ਈਸ਼+ਵਾਸ ਹੈ। ਸ਼ਿਖਾ-ਸੂਤਰ ਦਾ ਤਿਆਗ ਹੀ ਸ਼ਿਖੰਡੀ ਹੈ। ਸਿਰ ਦੇ ਵਾਲ ਕਟਣਾ ਇਹ ਸੰਨਿਆਸ ਦਾ ਪ੍ਰਤੀਕ ਹੈ...**

ਕਾਇਆ ਰੂਪੀ ਕਾਸ਼ੀ। ਪੁਰਸ਼ ਜਦ ਸਭ ਪਾਸਿਆਂ ਤੋਂ ਮਨ ਸਮੇਤ ਇੰਦਰੀਆਂ ਨੂੰ ਸਮੇਟ ਕੇ ਕਾਇਆ 'ਚ ਹੀ ਕੇਂਦ੍ਰਿਤ ਕਰਦਾ ਹੈ ਤਾਂ ਪਰੇਸ਼ਵਾਸ ਭਾਵ ਪਰਮ ਈਸ਼ 'ਚ ਵਾਸ ਦਾ ਅਧਿਕਾਰੀ ਬਣ ਜਾਂਦਾ ਹੈ। ਪਰਮ ਈਸ਼ 'ਚ ਵਾਸ ਦਿਵਾਉਣ 'ਚ ਸਮਰੱਥ ਕਾਇਆ ਹੀ ਕਾਸ਼ੀ ਹੈ। ਕਾਇਆ 'ਚ ਵੀ ਪਰਮ ਈਸ਼ ਦਾ ਨਿਵਾਸ ਹੈ। ਪਰਮੇਸ਼ਵਾਸ ਦਾ ਅਰਥ ਸਰੇਸ਼ਟ ਧਨੁਸ਼ਵਾਲਾ ਨਹੀਂ, ਬਲਕਿ ਪਰਮ+ਈਸ਼+ਵਾਸ ਹੈ। ਸ਼ਿਖਾ-ਸੂਤਰ ਦਾ ਤਿਆਗ ਹੀ ਸ਼ਿਖੰਡੀ ਹੈ। ਅੱਜ ਕਲ੍ਹ ਲੋਕ ਸਿਰ ਦੇ ਵਾਲ ਕਟਾ ਲੈਂਦੇ ਹਨ। ਇਹ ਸੰਨਿਆਸ ਦਾ ਪ੍ਰਤੀਕ ਨਹੀਂ ਹੈ। ਅਸਲ 'ਚ ਸ਼ਿਖਾ ਉਦੇਸ਼ ਦਾ ਪ੍ਰਤੀਕ ਹੈ, ਜਿਸ ਨੂੰ ਤੁਸੀਂ ਪ੍ਰਾਪਤ ਕਰਨਾ ਹੈ ਅਤੇ ਸੂਤਰ ਹੈ ਸੰਸਕਾਰਾਂ ਦਾ। ਜਦ ਤਕ ਅੱਗੇ ਪਰਮਾਤਮਾ ਨੂੰ ਪਾਉਣਾ ਬਾਕੀ ਹੈ ਤੇ ਪਿੱਛੇ ਸੰਸਕਾਰਾਂ ਦਾ ਸੂਤਰ ਪਾਤ ਲੱਗਾ ਹੋਇਆ ਹੈ, ਉਦੋਂ ਤਕ ਤਿਆਗ ਕਿਵੇਂ ਹੋ ਸਕਦਾ ਹੈ? ਸੰਨਿਆਸ ਕੇਹਾ? ਅਜੇ ਤਾਂ ਚੱਲਣ ਵਾਲੇ ਮੁਸਾਫਰ ਹੋ। ਜਦ ਉਦੇਸ਼ ਪ੍ਰਾਪਤ ਹੋ ਜਾਵੇ ਪਿੱਛੇ ਲੱਗੇ ਹੋਏ ਸੰਸਕਾਰਾਂ ਦੀ ਡੋਰ ਕੱਟ ਜਾਵੇ, ਅਜਿਹੀ ਹਾਲਤ 'ਚ ਭਰਮ ਬਿਲਕੁਲ ਸ਼ਾਂਤ ਹੋ ਜਾਂਦਾ ਹੈ। ਇਸ ਲਈ ਸ਼ਿਖੰਡੀ ਹੀ ਭਰਮਰੂਪੀ ਭੀਸ਼ਮ ਦਾ ਵਿਨਾਸ਼ ਕਰਦਾ ਹੈ। ਸ਼ਿਖੰਡੀ ਚਿੰਤਨ ਦੇ ਰਾਹ ਦੀ ਵਿਸ਼ੇਸ਼ ਯੋਗਤਾ ਹੈ, ਮਹਾਰਥੀ ਹੈ।

**• ਸਵਾਮੀ ਅੜਗੜਾਨੰਦ ਜੀ**

# ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਭਾਗੂ

ਕੁਲਦੀਪ ਸਿੰਘ ਬੰਗੀ

ਇਸ ਪਵਿੱਤਰ ਸਥਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਜਗ੍ਹਾ 'ਤੇ ਗੁਰੂ ਜੀ ਦੋ ਵਾਰ ਆਏ। ਪਹਿਲੀ ਵਾਰ ਗੁਰੂ ਜੀ ਭਾਈ ਰਾਮ ਸਿੰਘ ਦੇ ਪਿੰਡ ਚੱਕ ਤੋਂ ਚੱਲ ਕੇ ਪਿੰਡ ਭੁੱਚੋ ਖੁਰਦ ( ਗੁਰਦੁਆਰਾ ਲਵੇਰੀਸਰ) ਹੁੰਦੇ ਹੋਏ 19 ਹਾੜ੍ਹ 1763 ਬਿਕਰਮੀ ਨੂੰ ਏਥੇ ਪਹੁੰਚੇ। ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ ਜੀ ਤੇ ਕੁਝ ਸਿੰਘ ਉਨ੍ਹਾਂ ਦੇ ਨਾਲ ਸਨ। ਉਸ ਸਮੇਂ ਏਥੇ ਕੱਚੇ ਤਲਾਅ ਦੁਆਲੇ ਕਰੀਰ ਅਤੇ ਵਣਾਂ ਦੀ ਸੰਘਣੀ ਅਤੇ ਛਾਂਦਾਰ ਝਿੜੀ ਸੀ। ਸੋਹਣੀ ਅਤੇ ਰਮਣੀਕ ਜਗ੍ਹਾ ਵੇਖ ਕੇ ਗੁਰੂ ਜੀ ਨੇ ਏਥੇ ਡੇਰਾ ਲਾਇਆ। ਜਿਸ ਕਰੀਰ ਨਾਲ ਗੁਰੂ ਜੀ ਨੇ ਆਪਣਾ ਘੋੜਾ ਬੰਨਿਆ ਸੀ ਉਹ ਕਰੀਰ ਅੱਜ ਵੀ ਸਰੋਵਰ ਵਾਲੇ ਪਾਸੇ ਖੜ੍ਹਾ ਹੈ।

ਜਦੋਂ ਗੁਰੂ ਜੀ ਪਿੰਡ ਚੱਕ ਠਹਿਰੇ ਹੋਏ ਸਨ ਤਾਂ ਚੌਧਰੀ ਦਿਆਲ ਦਾਸ ਭੁੱਚੋ ਖੁਰਦ ਵਾਲੇ ਨੇ ਗੁਰੂ ਅਤੇ ਸੰਗਤ ਲਈ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਭੇਜਿਆ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਕੜਾਹਿ ਪ੍ਰਸ਼ਾਦਿ ਪ੍ਰਵਾਨ ਨਾ ਕੀਤਾ। ਗੁਰੂ ਜੀ ਦਾ ਇਨਕਾਰ ਕਰਨ ਦਾ ਕਾਰਨ ਇਹ ਸੀ ਕਿ ਜਦ ਗੁਰੂ ਜੀ ਨੇ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਤਿਆਰ ਕੀਤਾ ਸੀ ਤਾਂ ਭਾਈ ਦਿਆਲ ਦਾਸ ਨੇ ਰੰਘਰੇਟੇ ਸਿੰਘਾਂ ਹੱਥੋਂ ਅੰਮ੍ਰਿਤ ਛਕਣ ਤੋਂ ਨਾਂਹ ਕਰ ਦਿੱਤੀ ਸੀ। ਜਦ ਗੁਰੂ ਜੀ ਏਥੇ ਪਹੁੰਚੇ ਤਾਂ ਦਿਆਲ ਦਾਸ ਆਪਣਾ ਕੜਾਹ ਪ੍ਰਸ਼ਾਦਿ ਗੱਡੇ 'ਤੇ ਲੈ ਕੇ ਗੁਰੂ ਜੀ ਦੇ ਪਿੱਛੇ ਏਥੇ ਪੁੱਜੇ। ਆਪਣੀ ਭੁੱਲ ਲਈ ਮੁਆਫੀ ਮੰਗੀ ਤੇ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਮੁਆਫ ਕਰ ਦਿੱਤਾ ਤੇ ਸਾਰਾ ਪ੍ਰਸ਼ਾਦਿ



ਸੰਗਤਾਂ ਵਿਚ ਵਰਤਾਇਆ। ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਦਿਆਲ ਦਾਸ ਨੂੰ ਅੰਮ੍ਰਿਤ ਛਕਾ ਕੇ ਦਿਆਲ ਦਾਸ ਤੋਂ ਦਿਆਲ ਸਿੰਘ ਬਣਾ ਦਿੱਤਾ। ਦੂਸਰੇ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਅਤੇ ਸਰਬੱਤ ਸੰਗਤ ਨੇ ਸਰੋਵਰ ਵਿਚ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਦਾ ਨਿੱਤਨੇਮ ਕੀਤਾ ਅਤੇ ਦਿਨ ਚੜ੍ਹੇ ਗੁਰੂ ਜੀ ਬਠਿੰਡੇ ਦਾ ਕਿਲ੍ਹਾ ਵੇਖਣ ਲਈ ਰਵਾਨਾ ਹੋ ਗਏ।

ਦੂਸਰੀ ਵਾਰ ਗੁਰੂ ਜੀ ਲੱਖੀ ਜੰਗਲ ਹਰ ਰਾਇਪੁਰ ਤੋਂ ਦਮਦਮਾ ਸਾਹਿਬ ਜਾਂਦੇ ਹੋਏ ਇਸ ਜਗ੍ਹਾ 'ਤੇ ਠਹਿਰੇ ਤੇ ਕੁਝ ਚਿਰ ਆਰਾਮ ਕਰ ਕੇ ਅੱਗੇ ਚਲੇ ਗਏ। ਹੁਣ ਇਸ ਜਗ੍ਹਾ 'ਤੇ ਹਰ ਸਾਲ 17, 18 ਅਤੇ 19 ਹਾੜ੍ਹ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਦਿਵਸ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਤੇ ਦੂਰੋਂ-ਦੂਰੋਂ ਸੰਗਤਾਂ ਆ ਕੇ ਨਤਮਸਤਕ ਹੁੰਦੀਆਂ ਹਨ।

**ਮੋਬਾ. - 94174-07778**

# ਧਰਮ ਹੇਤ ਸਾਕਾ ਜਿਨਿ ਕੀਆ



ਗਗਨਦੀਪ ਸਿੰਘ ਗੁਰਾਇਆ
9781500050



ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਸਾਖ ਵਦੀ 5, ਸੰਮਤ 1678 ਮੁਤਾਬਕ 1 ਅਪ੍ਰੈਲ 1621 ਦਿਨ ਐਤਵਾਰ ਨੂੰ ਗੁਰੂ ਨਾਨਕ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਦੇ ਗੁਰੂ ਦੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਅਵਤਾਰ ਧਾਰਿਆ। ਬਚਪਨ ਵਿਚ ਆਪ ਜੀ ਦਾ ਨਾਮ ਤਿਆਗ ਮੱਲ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਗ਼ਲਾਂ ਨਾਲ ਹੋਈ ਜੰਗ ਸਮੇਂ ਆਪ ਨੇ ਤਲਵਾਰਬਾਜ਼ੀ ਦੇ ਅਜਿਹੇ ਜੌਹਰ ਵਿਖਾਏ ਕਿ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਖ਼ੁਸ਼ ਹੋ ਕੇ ਆਪ ਜੀ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ। ਆਪ ਬਚਪਨ ਤੋਂ ਹੀ ਫ਼ਕੀਰਾਨਾ ਤੇ ਮਸਤ ਮੌਲਾ ਸੁਭਾਅ ਦੇ ਮਾਲਕ ਸਨ। ਛੋਟੀ ਉਮਰੇ ਹੀ ਕਿਸੇ ਗ਼ਰੀਬ ਬੱਚੇ ਦਾ ਤਨ ਵਸਤਰਹੀਣ ਤੱਕ ਕੇ ਆਪ ਨੇ ਆਪਣੇ ਸਰੀਰ ਉੱਤੇ ਧਾਰਨ ਕੀਤੇ ਕੀਮਤੀ ਵਸਤਰ ਉਸ ਨੂੰ ਪਹਿਨਾ ਦਿੱਤੇ।

ਉਨ੍ਹਾਂ ਦਾ ਵਿਆਹ 16 ਅਸੂ, ਸੰਮਤ 1689 ਮੁਤਾਬਿਕ 1 ਅਕਤੂਬਰ 1632 ਦਿਨ ਸੋਮਵਾਰ ਨੂੰ ਮਾਤਾ ਗੁਜਰੀ ਜੀ ਨਾਲ ਸੰਪੰਨ ਹੋਇਆ। ਬਾਬਾ ਬਕਾਲਾ ਵਿਖੇ ਭੋਰਾ ਸਾਹਿਬ ਵਿਚ ਆਪ ਨੇ ਲਗਪਗ 27 ਸਾਲ ਭਜਨ ਬੰਦਗੀ ਕੀਤੀ। ਮਾਤਾ ਗੁਜਰੀ ਜੀ ਨੇ ਇਸ ਸਮੇਂ ਦੌਰਾਨ ਭੋਰਾ ਸਾਹਿਬ ਦੇ ਬਾਹਰ ਪਹਿਰਾ ਦੇ ਕੇ ਨਾਮ ਸਿਮਰਨ ਕੀਤਾ। ਇਸ ਸਮੇਂ ਦੌਰਾਨ ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੌਵੇਂ ਗੁਰੂ ਬਾਰੇ ਬਾਬੇ ਬਕਾਲੇ ਵਿਚ ਦੱਸ ਕੇ ਕੇਵਲ 8 ਸਾਲ ਦੀ ਉਮਰ ਵਿਚ ਦਿੱਲੀ ਵਿਚ ਜੋਤੀ ਜੋਤ ਸਮਾ ਗਏ। ਇਸ ਉਪਰੰਤ ਆਪੇ ਬਣੇ 22 ਗੁਰੂ ਬਾਬਾ ਬਕਾਲਾ ਵਿਖੇ ਮੰਜੀਆਂ ਲਗਾ ਕੇ ਬੈਠ ਗਏ ਪਰ ਇਕ ਸੱਚੇ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਨੇ 'ਗੁਰੂ ਲਾਧੋ ਰੇ' ਦਾ ਹੋਕਾ ਦੇ ਕੇ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕੀਤਾ। ਆਪ ਜੀ ਨੂੰ ਗੁਰਿਆਈ ਸਾਵਣ ਅਮਾਵਸ ਸੰਮਤ 1721 ਮੁਤਾਬਿਕ 11 ਅਗਸਤ 1664 ਦਿਨ ਵੀਰਵਾਰ ਨੂੰ ਮਿਲੀ। ਇਸ ਤਰ੍ਹਾਂ ਆਪ ਗੁਰੂ ਨਾਨਕ ਦੀ ਨੌਵੀਂ ਜੋਤ ਦੇ ਰੂਪ ਵਿਚ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਤਲੁਜ ਦੇ ਕੰਢੇ 'ਤੇ ਕਹਿਲੂਰ ਦੇ ਰਾਜੇ ਭੀਮ ਚੰਦ ਤੋਂ ਮਾਖੋਵਾਲ ਪਿੰਡ ਦੀ ਜ਼ਮੀਨ 2200/- ਰੁਪਏ ਵਿਚ ਖ਼ਰੀਦ ਕੇ 19 ਜੂਨ 1665 ਦਿਨ ਸੋਮਵਾਰ ਨੂੰ 'ਚੱਕ ਮਾਤਾ ਨਾਨਕੀ ਜੀ' ਨਗਰ ਵਸਾਇਆ ਜੋ ਕਿ ਅੱਜਕੱਲ੍ਹ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਜੀ ਘਰ ਪੋਹ ਸੁਦੀ ਸੱਤਵੀਂ ਸੰਮਤ 1723 ਮੁਤਾਬਿਕ 22 ਦਸੰਬਰ 1666 ਦਿਨ ਸ਼ਨੀਵਾਰ ਨੂੰ ਪਟਨਾ ਸਾਹਿਬ ਬਿਹਾਰ ਦੀ ਧਰਤੀ 'ਤੇ ਪੁੱਤਰ ਦੇ ਰੂਪ ਵਿਚ ਦਸਵੇਂ ਪਾਤਸ਼ਾਹ ਨੇ ਅਵਤਾਰ ਧਾਰਿਆ।

ਇਸ ਸਮੇਂ ਸਮਕਾਲੀਨ ਹੁਕਮਰਾਨ ਔਰੰਗਜ਼ੇਬ ਨੇ ਜ਼ੁਲਮਾਂ ਦੀ ਅੱਤ ਕੀਤੀ ਹੋਈ ਸੀ। ਉਹ ਧੱਕੇ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ ਅਤੇ ਮੰਦਰਾਂ ਨੂੰ ਤੋੜ ਕੇ ਹਿੰਦੂ ਸੰਸਕ੍ਰਿਤੀ ਨੂੰ ਮਲੀਆ ਮੇਟ ਕਰ ਰਿਹਾ ਸੀ। ਇਸ ਸਮੇਂ ਕਸ਼ਮੀਰੀ ਪੰਡਤ, ਅਮਰਨਾਥ ਦੇ ਮੁੱਖ ਪੁਜਾਰੀ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਹਿੰਦੂ ਧਰਮ ਅਤੇ ਤਿਲਕ ਜੰਞੂ ਦੀ ਰਾਖੀ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ। ਉਸ ਸਮੇਂ ਬਾਲ ਗੋਬਿੰਦ ਰਾਏ ਕੇਵਲ 9 ਵਰ੍ਹਿਆਂ ਦੇ ਸਨ। ਪੰਡਿਤਾਂ ਨੂੰ ਦੁਖੀ ਵੇਖ ਕੇ ਆਪ ਨੇ ਕਾਰਨ ਪੁੱਛਿਆ ਤਾਂ ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਇਨ੍ਹਾਂ ਦਾ ਧਰਮ ਅਤੇ ਹੋਂਦ ਖ਼ਤਰੇ ਵਿਚ ਹੈ। ਜੇਕਰ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਦੇਵੇ ਤਾਂ ਇਨ੍ਹਾਂ ਦੀ ਹੋਂਦ ਬਚ ਸਕਦੀ ਹੈ। ਤਾਂ ਬਾਲ ਗੋਬਿੰਦ ਰਾਏ ਨੇ ਕਿਹਾ ਕਿ ਇਸ ਸਮੇਂ ਆਪ ਜੀ ਤੋਂ ਵੱਡਾ ਹੋਰ ਕੋਈ ਮਹਾਂਪੁਰਸ਼ ਦੁਨੀਆ 'ਤੇ ਨਹੀਂ ਹੈ। ਆਪ ਹੀ ਆਪਣਾ ਬਲੀਦਾਨ ਦੇ ਕੇ ਇਨ੍ਹਾਂ ਦਾ ਧਰਮ ਬਚਾ ਸਕਦੇ ਹੋ। ਇਸ ਤਰ੍ਹਾਂ ਛੋਟੀ ਉਮਰੇ ਹੀ ਉਨ੍ਹਾਂ ਨੇ ਹਿੰਦੂ ਧਰਮ ਅਤੇ ਤਿਲਕ ਜੰਞੂ ਦੀ ਰੱਖਿਆ ਲਈ ਆਪ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵੱਲ ਆਪਣੇ ਸਰੀਰ ਦਾ ਬਲੀਦਾਨ ਦੇਣ ਵਾਸਤੇ ਤੋਰਿਆ। ਦੁਨੀਆ ਵਿਚ ਇਹ ਪਹਿਲੀ ਮਿਸਾਲ ਹੈ, ਜਦੋਂ ਕੋਈ ਖ਼ੁਦ ਕਿਸੇ ਦੇ ਧਰਮ ਦੀ ਖ਼ਾਤਰ ਸ਼ਹੀਦ ਹੋਣ ਲਈ ਕਤਲਗਾਹ ਤਕ ਚੱਲ ਕੇ ਗਿਆ ਹੋਵੇ। ਗੁਰੂ ਸਾਹਿਬ ਰਸਤੇ ਵਿਚ ਸੰਗਤਾਂ ਨੂੰ ਤਾਰਦੇ ਹੋਏ ਅਤੇ ਗੁਰੂ ਨਾਨਕ ਦੇ ਘਰ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਔਰੰਗਜ਼ੇਬ ਕੋਲ ਪੁੱਜੇ।

ਪਿੰਜਰੇ ਵਿਚ ਕੈਦ ਸਮੇਂ ਆਪ ਨੂੰ ਹੁਕਮਰਾਨ ਨੇ ਸਵਾਲ ਕੀਤਾ ਕਿ ਤੁਹਾਡੇ ਪਹਿਲੇ ਸਤਿਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਮਨ੍ਹਾ ਕੀਤਾ ਸੀ ਪਰ ਆਪ ਜੰਞੂ ਅਤੇ ਤਿਲਕ ਲਈ ਕੁਰਬਾਨ ਹੋ ਰਹੇ ਹੋ ਤਾਂ ਗੁਰੂ ਸਾਹਿਬ ਨੇ ਜੁਆਬ ਦਿੱਤਾ ਕਿ ਅਸੀਂ ਕੇਵਲ ਧੱਕੇ ਦੇ ਖ਼ਿਲਾਫ਼ ਹਾਂ, ਕਿਸੇ ਧਰਮ ਦੇ ਨਹੀਂ। ਪਹਿਲੇ ਜਾਮੇ ਵਿਚ ਧੱਕੇ ਨਾਲ ਜਨੇਊ ਪਾਉਣ ਨਹੀਂ ਦਿੱਤਾ, ਹੁਣ ਧੱਕੇ ਨਾਲ ਕਿਸੇ ਦਾ ਜਨੇਊ ਲਹਿਣ ਵੀ ਨਹੀਂ ਦੇਣਾ ਇਹ ਗੁਰੂ ਨਾਨਕ ਦੇ ਘਰ ਦਾ ਅਸੂਲ

ਹੈ ਕਿ ਸ਼ਰਨ ਵਿੱਚ ਆਇਆਂ ਨੂੰ ਗਲ ਨਾਲ ਲਾਇਆ ਜਾਂਦਾ ਹੈ। ਗੁਰੂ ਨਾਨਕ ਦਾ ਘਰ ਜਿਸ ਦੀ ਇਕ ਵਾਰ ਬਾਂਹ ਫੜ ਲੈਂਦਾ ਹੈ, ਆਪਣਾ ਸਿਰ ਤਾਂ ਦੇ ਸਕਦਾ ਪਰ ਬਾਂਹ ਨਹੀਂ ਛੱਡਦਾ।

ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਗੁਰੂ ਸਾਹਿਬ ਦੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟ ਕੇ ਜਿਉਂਦੇ ਅੱਗ ਲਾ ਕੇ ਸ਼ਹੀਦ ਕੀਤਾ ਅਤੇ ਭਾਈ ਦਿਆਲਾ ਜੀ ਨੂੰ ਵੱਡੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਸਿੱਖ ਬਾਣੀ ਪੜ੍ਹਦੇ ਹੋਏ ਸ਼ਹੀਦ ਤਾਂ ਹੋ ਗਏ ਪਰ ਧਰਮ ਤੋਂ ਨਹੀਂ ਡੋਲ੍ਹੇ। ਉਨ੍ਹਾਂ ਨੇ ਆਖ਼ਰੀ ਇੱਛਾ ਵੀ ਇਹ ਪ੍ਰਗਟ ਕੀਤੀ ਕਿ ਸ਼ਹੀਦੀ ਸਮੇਂ ਆਖਰੀ ਸੁਆਸ ਤਕ ਉਨ੍ਹਾਂ ਦਾ ਮੁੱਖ ਪਿੰਜਰੇ ਵਿਚ ਕੈਦ ਗੁਰੂ ਤੇਗ ਬਹਾਦਰ ਜੀ ਵੱਲ ਹੋਣਾ ਚਾਹੀਦਾ ਹੈ। ਅੰਤ ਮੱਘਰ ਸੁਦੀ 5, ਸੰਮਤ 1732 ਮੁਤਾਬਿਕ 11 ਨਵੰਬਰ 1675 ਦਿਨ ਵੀਰਵਾਰ ਨੂੰ ਦੁਪਹਿਰ ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਜਲਾਦ ਨੇ ਤਲਵਾਰ ਦੇ ਵਾਰ ਨਾਲ ਸੀਸ ਧੜ ਤੋਂ ਵੱਖ ਕਰ ਕੇ ਸ਼ਹੀਦ ਕੀਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੂਰੇ ਹਿੰਦੁਸਤਾਨ ਨੂੰ ਆਪਣੇ ਸਰੀਰ ਰੂਪੀ ਚਾਦਰ ਨਾਲ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਢੱਕ ਲਿਆ, ਪਰ ਹਿੰਦੂ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ।

ਉਸ ਜਗ੍ਹਾ ਅੱਜ ਅਤਿ ਸੁੰਦਰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਚਾਂਦਨੀ ਚੌਕ ਵਿਖੇ ਸਥਿਤ ਹੈ। ਮਹਾਨ ਸਿੱਖ ਭਾਈ ਲੱਖੀ ਸ਼ਾਹ ਵਣਜਾਰੇ ਨੇ ਗੁਰੂ ਸਾਹਿਬ ਦੇ ਧੜ ਨੂੰ ਹਨੇਰੀ ਵਿਚ ਚੁੱਕ ਕੇ ਆਪਣੇ ਘਰ ਲੈ ਆਂਦਾ ਅਤੇ ਆਪਣੇ ਘਰ ਨੂੰ ਅੱਗ ਲਗਾ ਕੇ ਧੜ ਦਾ ਸੰਸਕਾਰ ਕਰ ਦਿੱਤਾ ਜਿੱਥੇ ਅੱਜ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸਥਿਤ ਹੈ। ਗੁਰੂ ਦੇ ਸਿੱਖ ਭਾਈ ਜੈਤਾ ਜੀ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਦੇ ਪਵਿੱਤਰ ਸੀਸ ਨੂੰ ਚੁੱਕ ਕੇ ਝੋਲੀ ਵਿਚ ਪਾ ਕੇ ਕਰਨਾਲ, ਤਰਾਵੜੀ, ਜ਼ੀਰਕਪੁਰ ਆਦਿ ਹੁੰਦੇ ਹੋਏ ਲੰਬਾ ਪੈਂਡਾ ਤਹਿ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨਾਲ ਮਿਲ ਕੇ ਸੀਸ ਦਾ ਸੰਸਕਾਰ ਕੀਤਾ ਅਤੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ 'ਰੰਗਰੇਟੇ-ਗੁਰੂ ਕੇ ਬੇਟੇ' ਦਾ ਮਾਣ ਦੇ ਕੇ ਨਿਵਾਜਿਆ। ਇਹ ਵੀ ਦੁਨੀਆ ਵਿਚ ਵਿਲੱਖਣ ਮਿਸਾਲ ਹੈ ਕਿ ਕਿਸੇ ਸ਼ਹੀਦ ਦੇ ਸੰਸਕਾਰ ਲਈ ਦੋ ਅੰਗੀਠੇ ਤਿਆਰ ਹੋਏ ਹੋਣ ਅਤੇ ਦੋ ਵੱਖ-ਵੱਖ ਥਾਵਾਂ 'ਤੇ ਧੜ ਅਤੇ ਸੀਸ ਦਾ ਸੰਸਕਾਰ ਹੋਇਆ ਹੋਵੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਕ ਵੱਡਾ ਸਾਕਾ ਕਰ ਕੇ ਤਿਲਕ ਜੰਞੂ ਦੀ ਰੱਖਿਆ ਕੀਤੀ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ, ਕੀਨੋ ਬਡੋ ਕਲੂ ਮਹਿ ਸਾਕਾ।

ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰੁ ਨਾ ਦੀਆ ॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖਾ ਦੇਹੀ ਵਿਚ 54 ਕੁ ਸਾਲ ਆਯੂ ਭੋਗ ਕੇ ਜੋਤੀ ਜੋਤ ਸਮਾ ਗਏ। ਆਪ ਜੀ ਦੀ ਸਾਰੀ ਬਾਣੀ ਵੈਰਾਗਮਈ ਹੈ। ਆਪ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 116 ਸ਼ਬਦ ਤੇ ਸਲੋਕ 16 ਰਾਗਾਂ ਵਿਚ ਹਨ।

## ਕਹੁ ਨਾਨਕ ਸੁਨੁ ਰੇ ਮਨਾ



ਇਕਵਾਕ ਸਿੰਘ ਪੱਟੀ

ਮਨੁੱਖੀ ਅਧਿਕਾਰਾਂ ਲਈ ਆਪਣੀ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 5 ਵੈਸਾਖ ਸੰਤ 1678, ਚੰਦ ਦੇ ਹਿਸਾਬ ਨਾਲ ਵੈਸਾਖ ਸੁਦੀ 5, 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ ਜਿਥੇ ਅੱਜ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਅਤੇ ਇਕ ਨਵੀਂ ਨਿਰੋਈ ਜੀਵਨ ਜਾਂਚ ਜਿਸ ਦਾ ਮੁੱਢ ਬਾਬਾ ਨਾਨਕ ਜੀ ਰੱਖ ਕੇ ਗਏ ਸਨ ਨੂੰ ਅੱਗੇ ਵਧਾਉਣ ਲਈ ਲੰਮੇ-ਲੰਮੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਨਾਮੀ ਨਗਰ ਵਸਾਇਆ ਜਿਸ ਨੂੰ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ 'ਤੇ ਜਾਣਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 59 ਸ਼ਬਦ ਅਤੇ 57 ਸਲੋਕ ਹਨ। ਉਨ੍ਹਾਂ ਜੈਜਾਵੰਤ ਰਾਗ ਵਿਚ ਆਪਣੀ ਬਾਣੀ ਉਚਾਰੀ। ਉਨ੍ਹਾਂ ਮਨੁੱਖਤਾ ਨੂੰ ਸਰਬਸਾਂਝਾ ਉਪਦੇਸ਼ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਹੋਰ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਕਿ ਇਹ ਰਚਨਾ ਪਰਮਾਤਮਾ ਦੀ ਬਣਾਈ ਹੋਈ ਹੈ ਅਤੇ ਅਕਾਲ ਪੁਰਖ ਆਪ ਇਸ ਕਾਇਨਾਤ ਵਿਚ ਵੱਸ ਰਿਹਾ ਹੈ :

ਕਾਹੇ ਰੇ ਬਨ ਖੋਜਨ ਜਾਹੀ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥

(ਧਨਾਸਾਰੀ ਮਹਲਾ 9, ਪੰਨਾ 684)

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥

(ਰਾਗ ਬਸੰਤ ਹਿੰਡੋਲ ਮਹਲਾ 9, ਪੰਨਾ 1186)

ਮਨੁੱਖਾ ਜੀਵਨ ਦਾ ਮਨੋਰਥ ਸਮਝਾਉਂਦਿਆਂ ਉਨ੍ਹਾਂ ਦੱਸਿਆ ਕਿ,

ਸਾਧੋ ਗੋਬਿੰਦ ਕੇ ਗੁਨ ਗਾਵਉ ॥

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥

(ਗਉੜੀ ਮਹਲਾ 9, ਪੰਨਾ 219)

ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥

(ਸਲੋਕ ਮਹਲਾ 9, ਸਲੋਕ 1, ਪੰਨਾ 1426)

ਇਸ ਜਗਤ ਦੀ ਅਸਥਿਰਤਾ ਬਾਰੇ ਆਪ ਜੀ ਨੇ ਪਾਵਣ ਗੁਰਬਾਣੀ ਅੰਦਰ ਫੁਰਮਾਨ ਕੀਤਾ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ (ਸਲੋਕ 49, ਪੰਨਾ 1429)

ਆਪ ਜੀ ਨੇ ਪਾਵਨ ਬਾਣੀ ਵਿਚ ਦੱਸਿਆ ਕਿ ਮਨੁੱਖ ਸੁੱਖਾਂ ਦੀ ਪ੍ਰਾਪਤੀ ਅਤੇ ਲਾਲਸਾ ਵਿਚ ਹੋਰ ਵੀ ਜ਼ਿਆਦਾ ਦੁੱਖ ਭੋਗਦਾ ਹੈ, ਸੰਸਾਰ ਵਿਚ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ :

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥ (ਸਲੋਕ 39, ਪੰਨਾ 1428)

ਆਪ ਜੀ ਨੇ ਫੁਰਮਾਇਆ ਕੇ ਮਨੁੱਖ ਦਿਨ ਰਾਤ ਮਾਇਆ ਪਿੱਛੇ ਭੱਜਿਆ ਫਿਰਦਾ ਹੈ, ਪਰ ਫਿਰ ਵੀ ਇਸ ਦੇ ਮਨ ਦੀ ਮੈਲ ਦੂਰ ਨਹੀਂ ਹੁੰਦੀ :

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ

(ਟੋਡੀ ਮਹਲਾ 9, ਪੰਨਾ 718)

ਬੇਸ਼ੱਕ ਅੱਜ ਕੱਲ੍ਹ ਦੇ ਅਖੌਤੀ ਬਾਬੇ ਆਪਣੇ ਨਾਲ ਗੰਨਮੈਨ, ਆਕਸੀਜਨਾਂ, ਜੈੱਡ ਸੁਰੱਖਿਆਂ ਨਾਲ ਨਾਲ ਲਈ ਫਿਰਦੇ ਹਨ ਅਤੇ ਦੂਜੇ ਪਾਸੇ ਆਪਣੇ ਰੱਬ ਹੋਣ ਦਾ ਦਾਅਵਾ ਵੀ ਕਰਦੇ ਹਨ ਪਰ ਸਗਿਤੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਪੱਸਟ ਕਰ ਦਿੱਤਾ ਕਿ ਮਾਇਆ ਵਿਚ ਖੱਚਤ ਜੀਵ ਨੂੰ ਹੀ ਮੌਤ ਦਾ ਡਰ ਹੁੰਦਾ ਹੈ ਤੇ ਇਸ ਡਰ ਤੋਂ ਛੁਟਕਾਰਾ ਸਿਰਫ਼ ਅਕਾਲ ਪੁਰਖ ਨਾਲ ਪਿਆਰ ਪਾਉਣ ਉਪਰੰਤ ਹੀ ਮਿਲ ਸਕਦਾ ਹੈ ਅਤੇ ਜੋ ਨਾਮ ਸਿਮਰਨ ਨਹੀਂ ਕਰਦੇ ਉਹੀ ਜਨਮ ਮਰਨ ਦੇ ਗੇੜ ਵਿਚ ਫਸੇ ਰਹਿੰਦੇ ਹਨ :

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥ (ਸਲੋਕ 31, ਪੰਨਾ 1428)

ਅਖੌਤੀ ਤੀਰਥਾਂ ਬਾਰੇ ਸਪੱਸ਼ਟ ਕਰਦਿਆਂ ਆਪ ਜੀ ਨੇ ਫੁਰਮਾਇਆ :

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ॥

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥

(ਬਿਲਾਵਲੁ ਮਹਲਾ 9, ਪੰਨਾ 830)

ਇਸ ਤਰ੍ਹਾਂ ਸਾਨੂੰ ਸਤਿਗੁਰੂ ਜੀ ਦੀ ਪਾਵਨ ਬਾਣੀ ਤੋਂ ਹਰ ਤਰ੍ਹਾਂ ਦੀ ਜੀਵਨ ਸਬੰਧੀ ਸੇਧ ਮਿਲਦੀ ਹੈ

ਜੋ ਉਨ੍ਹਾਂ ਦੀ ਬਾਣੀ ਨੂੰ ਸਹਿਜ ਨਾਲ ਪੜ੍ਹਿਆਂ ਹੀ ਪਤਾ ਲੱਗ ਸਕਦੀ ਹੈ। ਸਾਨੂੰ ਸਾਰਿਆਂ ਨੂੰ ਗੁਰੂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ ਤਾਂ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ। ਉਨ੍ਹਾਂ ਦੀ ਧਰਮ ਦੀ ਰੱਖਿਆ ਕਾਰਨ ਕੀਤੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ ਹੈ।

## ਬੋਧ ਕਥਾ

### ਚੰਗੇ ਲੋਕਾਂ ਦੀ ਸੰਗਤ 'ਚ ਖ਼ੁਦ ਨੂੰ ਬਦਲਣ ਦਾ ਵੀ ਯਤਨ ਕਰਨਾ ਚਾਹੀਦਾ...

ਇਕ ਵਾਰ ਗੌਤਮ ਬੁੱਧ ਕੌਸ਼ੰਬੀ 'ਚ ਵਿਚਰ ਕਰ ਰਹੇ ਸਨ ਕਿ ਇਕ ਭਿਕਸ਼ੂ ਨੇ ਆ ਕੇ ਉਨ੍ਹਾਂ ਨੂੰ ਕਿਹਾ,'ਭਗਵਾਨ, ਇਥੋਂ ਦੇ ਭਿਕਸ਼ੂ ਆਪਸ 'ਚ ਬਹਿਸ ਕਰਦੇ ਰਹਿੰਦੇ ਹਨ ਅਤੇ ਆਪਣੀ ਜ਼ੁਬਾਨ ਰੂਪੀ ਬਰਛੀ ਨਾਲ ਇਕ ਦੂਜੇ ਨੂੰ ਵਿੰਨ੍ਹਦੇ ਰਹਿੰਦੇ ਹਨ। ਚੰਗਾ ਹੁੰਦਾ, ਤੁਸੀਂ ਉਨ੍ਹਾਂ ਨੂੰ ਸਹੀ ਸਿੱਖਿਆ ਦੇ ਕੇ ਵਿਅਰਥ ਦੇ ਵਾਦ-ਵਿਵਾਦ ਤੋਂ ਦੂਰ ਕਰਦੇ।'

**ਕਲੇਸ਼ ਤੋਂ ਬਚੋ**



ਬੁੱਧਦੇਵ ਇਹ ਸੁਣ ਤੇ ਉਨ੍ਹਾਂ ਨਾਲ ਮਠ ਗਏ। ਉਨ੍ਹਾਂ ਨੇ ਭਿਕਸ਼ੂਆਂ ਨੂੰ ਕਿਹਾ,'ਤੁਹਾਨੂੰ ਆਪਸੀ ਵਿਵਾਦ ਅਤੇ ਕਲੇਸ਼ ਤੋਂ ਬਚਣਾ ਚਾਹੀਦਾ ਹੈ। ਇਸੇ 'ਚ ਤੁਹਾਡੀ ਭਲਾਈ ਹੈ।' ਇਸ 'ਤੇ ਇਕ ਭਿਕਸ਼ੂ ਨੇ ਕਿਹਾ,'ਭੰਤੇ, ਤੁਸੀਂ ਸਾਡੇ ਕਲੇਸ਼ 'ਚ ਨਾ ਪਵੋ। ਅਸੀਂ ਆਪਸ 'ਚ ਨਿਪਟਣ 'ਚ ਸਮਰਥ ਹਾਂ।' ਤਦ ਤਥਾਗਤ ਨੇ ਕਿਹਾ,'ਆਪਸ 'ਚ ਨਿਪਟਣ ਨਾਲ ਵੈਰ-ਭਾਵ ਸ਼ਾਂਤ ਨਹੀਂ ਹੁੰਦਾ, ਬਲਕਿ ਵਧਦਾ ਹੈ। ਵੈਰ-ਭਾਵ ਰਹਿਣ ਨਾਲ ਬੋਲੀ ਸਖ਼ਤ ਹੋ ਜਾਂਦੀ ਹੈ ਅਤੇ ਜੋ ਸਖ਼ਤ ਜ਼ੁਬਾਨ ਦੀ ਵਰਤੋਂ ਕਰਦੇ ਹਨ, ਉਹ ਖ਼ੁਦ ਨੂੰ ਪੰਡਿਤ ਸਮਝਦੇ ਹਨ। ਇਸ ਤਰ੍ਹਾਂ ਦਾ ਵਿਵਹਾਰ ਕਰਨ ਵਾਲਿਆਂ ਨੂੰ ਨਾ ਤਾਂ ਖ਼ੁਦ ਦੀ ਚਿੰਤਾ ਹੁੰਦੀ ਹੈ ਅਤੇ ਨਾ ਸੰਘ ਭੇਦ ਦੀ। ਅਸੀਂ ਜੇ ਆਪਣੇ ਚਾਰੇ ਪਾਸੇ ਦੇਖੀਏ, ਤਾਂ ਸਾਨੂੰ ਦਿਖਾਈ ਦੇਵੇਗਾ ਕਿ ਪਸ਼ੂਆਂ ਨੂੰ ਚੁਰਾਉਣ ਵਾਲੇ, ਨੀਚ ਕੰਮ ਕਰਨ ਵਾਲੇ ਅਤੇ ਦੂਜਿਆਂ ਦੇ ਪ੍ਰਾਣ ਲੈਣ ਵਾਲੇ ਤਾਂ ਆਪਸ 'ਚ ਮਿਲ-ਜੁਲ ਕੇ ਰਹਿੰਦੇ ਹਨ ਅਤੇ ਇਥੇ ਸੰਘ 'ਚ ਰਹਿਣ ਵਾਲੇ ਤੁਸੀ ਲੋਕ ਇਕ ਪਲ ਵੀ ਸ਼ਾਂਤੀ ਨਾਲ ਨਹੀਂ ਰਹਿ ਸਕਦੇ। ਤੁਹਾਨੂੰ ਤਾਂ ਨਿਮਰ, ਸਦਾਚਾਰੀ ਅਤੇ ਸਿਦਕਵਾਨ ਲੋਕਾਂ ਦੀ ਸੰਗਤ ਦਾ ਲਾਭ ਉਠਾਉਣਾ ਚਾਹੀਦਾ। ਜੇ ਤੁਸੀਂ ਅਜਿਹਾ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਡਾ ਸੰਘ 'ਚ ਰਹਿਣ ਦਾ ਕੀ ਲਾਭ? ਕੀ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਵਾਦ ਵਿਵਾਦ ਨਾਲ ਦੂਜਿਆਂ ਦੀ ਸ਼ਾਂਤੀ 'ਚ ਵਿਘਨ ਪੈਂਦਾ ਹੈ? ਮੂਰਖਾਂ ਦੀ ਸੰਗਤ ਦੇ ਮੁਕਾਬਲੇ ਇਕੱਲੇ ਹੀ ਵਿਚਰਨ 'ਚ ਸਿਆਣਪ ਹੈ।

# ਰਾਗੀ ਜਥਾ ਅਮਨਦੀਪ ਕੌਰ ਖ਼ਾਲਸਾ ਮਜੀਠਾ ਵਾਲੇ

ਹਰਪਾਲ ਸਿੰਘ ਪਾਲੀ

ਗੁਰਦੁਆਰਾ ਬੰਗਲਾ ਸਾਹਿਬ ਤੇ ਸੀਸ ਗੰਜ ਸਾਹਿਬ ਦਿੱਲੀ ਦੇ ਗੁਰੂ ਘਰ ਸੰਸਾਰ 'ਤੇ ਵਿਲੱਖਣ ਹੋਂਦ ਰੱਖਦੇ ਹਨ ਜਿੱਥੋਂ ਸਰਬੱਤ ਦੇ ਭਲੇ ਦਾ ਹੋਕਾ ਪੂਰੀ ਲੋਕਾਈ ਨੂੰ ਮਿਲਦਾ ਹੈ। ਇਨ੍ਹਾਂ ਗੁਰੂ ਘਰਾਂ ਵਿਚ ਕੀਰਤਨ ਕਰਨ ਦਾ ਮੌਕੇ ਵੱਡੇ ਭਾਗੀਂ ਮਿਲਦਾ ਹੈ। ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਲਈ ਇਨ੍ਹਾਂ ਅਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠ ਕੀਤਾ ਗੁਰਬਾਣੀ ਦਾ ਕੀਰਤਨ ਰੱਬੀ ਸੁਗਾਤ ਅਤੇ ਅਭੁੱਲ ਅਹਿਸਾਸ ਹੈ। ਮਨਮੋਹਕ ਕੀਰਤਨ ਕਰਨ ਵਾਲੀ ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਦਾ ਜਨਮ 5 ਅਪ੍ਰੈਲ 1989 ਨੂੰ ਮਾਤਾ ਸਤਵੰਤ ਕੌਰ ਅਤੇ ਪਿਤਾ ਬਲਦੇਵ ਸਿੰਘ ਦੇ ਘਰ ਮਜੀਠਾ (ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਕੀਰਤਨ ਕਰਨ ਤੇ ਗੁਰਬਾਣੀ ਪੜ੍ਹਨ ਸੁਣਨ ਦੀ ਤਾਂਘ ਰਹਿੰਦੀ ਸੀ, ਜਿਸ ਕਰਕੇ ਅੱਜ ਉਹ ਗੁਰਬਾਣੀ ਦੇ ਕੀਰਤਨ ਦੀ ਸੇਵਾ ਕਰ ਰਹੀ ਹੈ।



ਬੀਬੀ ਅਮਨਦੀਪ ਕੌਰ ਖ਼ਾਲਸਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਬੀਸੀਏ/ਐਮਸੀਏ ਦੀ ਪੜ੍ਹਾਈ ਕੀਤੀ। ਗੁਜ਼ਰਾਨ ਲਈ ਨੌਕਰੀ ਕਰਨ ਦੀ ਥਾਂ ਬੀਬੀ ਅਮਨਦੀਪ ਕੌਰ ਖ਼ਾਲਸਾ ਨੇ ਗੁਰੂ ਘਰਾਂ, ਕੀਰਤਨ ਦਰਬਾਰਾਂ ਤੇ ਧਾਰਮਿਕ ਸਮਾਗਮਾਂ ਵਿਚ ਕੀਰਤਨ ਕਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਨੂੰ ਪਹਿਲ ਦਿੱਤੀ। ਰਾਗੀ ਭਾਈ ਸੁਰਜੀਤ ਸਿੰਘ (ਮਜੀਠਾ ਵਾਲੇ) ਤੋਂ ਕੀਰਤਨ ਦੀਆਂ ਸਿੱਖਿਆਵਾਂ ਅਤੇ ਵੱਖ-ਵੱਖ ਰਾਗਾਂ ਦੀਆਂ ਬਰੀਕੀਆਂ ਨੂੰ ਜਾਣਿਆ। ਉਸ ਦੀ ਮਿੱਠੀ ਤੇ ਪਿਆਰੀ ਆਵਾਜ਼ ਵਿਚ ਕੀਤਾ ਗੁਰਬਾਣੀ ਦਾ ਕੀਰਤਨ ਸੰਗਤਾਂ ਦੇ ਮਨ ਨੂੰ ਸਕੂਨ ਬਖ਼ਸ਼ਦਾ ਹੈ। ਉਹ ਆਪਣੇ ਜੱਥੇ ਜਿਸ ਵਿਚ ਬੀਬੀ ਸਿਮਰਜੀਤ ਕੌਰ ਖ਼ਾਲਸਾ ਅਤੇ ਤਬਲਾ ਵਾਦਕ ਭਾਈ ਤਲਜੀਤ ਸਿੰਘ ਨਾਲ ਇਤਿਹਾਸਿਕ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਦਰਬਾਰ ਸਾਹਿਬ ਦਿੱਲੀ, ਯੂਪੀ, ਰਾਜਸਥਾਨ ਤੇ ਦੇਸ ਦੇ ਅਨੇਕਾਂ ਵੱਡੇ ਸ਼ਹਿਰਾਂ 'ਚ ਸੁਸ਼ੋਭਿਤ ਗੁਰੂ ਘਰਾਂ ਵਿਚ ਕੀਰਤਨ ਦੀ ਸੇਵਾ ਕਰ ਚੁੱਕੀ ਹੈ।

ਸਿੱਖ ਸਿਧਾਂਤਾਂ ਵਿਚ ਪਰਪੱਕ ਰਹਿ ਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖੀ ਬਾਣੇ ਵਿਚ ਜੀਵਨ ਜਿਉਂਦੀ ਹੈ। ਵਿਹਲੇ ਸਮੇਂ ਵਿਚ ਸਿੱਖ ਇਤਿਹਾਸ ਪੜ੍ਹਨਾ, ਬੱਚਿਆਂ ਨੂੰ ਕੀਰਤਨ ਸਿਖਾਉਣਾ ਤੇ ਗੁਰਬਾਣੀ ਦੀ ਸੰਥਿਆ ਕਰਾਉਣੀ, ਕਲਾਸੀਕਲ ਗੁਰਮਤਿ ਸੰਗੀਤ ਸੁਣਨਾ, ਇਤਿਹਾਸਿਕ ਧਰਮ ਅਸਥਾਨਾਂ ਦੀ ਯਾਤਰਾ ਕਰਕੇ ਗੁਰੂ ਸਹਿਬਾਨ, ਸ਼ਹੀਦ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਨੂੰ ਸਿਜਦਾ ਕਰਨਾ ਉਸ ਦੀਆਂ ਰੁਚੀਆਂ ਹਨ। 98142-74369



# ਦਿਲ ਦੀਆਂ ਬਿਮਾਰੀਆਂ ਜਾਂਚਣ ਦੀ ਨਵੀਂ ਤਕਨੀਕ ਸੀਟੀ ਐਂਜੀਓਗ੍ਰਾਫੀ



**ਜਦੋਂ ਦਿਲ ਦੀਆਂ ਬਿਮਾਰੀਆਂ ਦਾ ਮਾਹਿਰ ਡਾਕਟਰ ਮਰੀਜ਼ ਵਿਚ ਦਿਲ ਦੀ ਬਿਮਾਰੀ ਦੇ ਲੱਛਣ ਮਹਿਸੂਸ ਕਰਦਾ ਹੈ ਤਾਂ ਇਸ ਤੋਂ ਅਗਲਾ ਕਦਮ ਐਂਜੀਓਗ੍ਰਾਫੀ ਰਾਹੀਂ ਦਿਲ ਦੀਆਂ ਨਾੜੀਆਂ ਵਿਚ ਰੁਕਾਵਟ ਦੇਖਣਾ ਹੈ। ਮੁੱਢਲੇ ਲੱਛਣ ਕਿਸੇ ਛੋਟੇ ਟੈਸਟ ਜਾਂ ਮਰੀਜ਼ ਦੀ ਸਰੀਰਕ ਤਕਲੀਫ ਤੋਂ ਪਤਾ ਲੱਗ ਜਾਂਦੇ ਹਨ। ਰਵਾਇਤੀ ਐਂਜੀਓਗ੍ਰਾਫੀ ਵਿਚ ਮਾਹਿਰ ਡਾਕਟਰ ਸਰੀਰ ਵਿਚ ਖੂਨ ਦੇ ਵਹਾਅ ਵਾਲੀ ਨਾੜੀ ਵਿਚ ਕੈਥੀਟਰ ਪਾ ਕੇ ਇਸ ਨੂੰ ਦਿਲ ਵਿਚ ਲੈ ਜਾਂਦੇ ਹਨ। ਇਸ ਕੈਥੀਟਰ ਰਾਹੀਂ ਇਕ ਰੰਗਦਾਰ ਤਰਲ ਦਿਲ ਦੀਆਂ ਨਾੜੀਆਂ ਵਿਚ ਛੱਡਿਆ ਜਾਂਦਾ ਹੈ ਤੇ ਐਕਸਰੇ ਰਾਹੀਂ ਰੰਗਦਾਰ ਤਰਲ ਦੇ ਵਹਾਅ ਨੂੰ ਦੇਖਿਆ ਜਾਂਦਾ ਹੈ ਪਰ ਇਸ ਪ੍ਰਣਾਲੀ ਦੀਆਂ ਆਪਣੀਆਂ ਸੀਮਾਵਾਂ ਹਨ।**

ਦਿਲ ਦੀਆਂ ਬਿਮਾਰੀਆਂ ਦੀ ਜਾਂਚ ਕਰਨ ਲਈ ਸੀ. ਟੀ. ਐਂਜੀਓਗ੍ਰਾਫੀ ਇਕ ਭਰੋਸੇਯੋਗ ਤਕਨੀਕ ਦੇ ਰੂਪ ਵਿਚ ਉਭਰ ਕੇ ਸਾਹਮਣੇ ਆ ਰਹੀ ਹੈ। ਸਕੈਨ ਕਰਨ ਦੀ ਅਤਿ-ਆਧੁਨਿਕ ਮਸ਼ੀਨ ਜੋ ਕਿ 64 ਸਲਾਈਸ ਸੀ. ਟੀ. ਐਂਜੀਓਗ੍ਰਾਮ ਹੈ ਦੇ ਆਉਣ ਨਾਲ ਹੁਣ ਦਿਲ ਦੀਆਂ ਬਿਮਾਰੀਆਂ ਬਾਰੇ ਜਾਣਨਾ ਬਹੁਤ ਸੌਖਾ ਹੋ ਗਿਆ ਹੈ। ਸੀ. ਟੀ. ਐਂਜੀਓਗ੍ਰਾਫੀ ਇਕ ਅਜਿਹੀ ਪਰਖ ਵਿਧੀ ਹੈ ਜੋ ਐਕਸਰੇ ਕਿਰਨਾਂ ਰਾਹੀਂ ਦਿਲ ਦੇ ਪੱਠਿਆਂ ਨੂੰ ਲਹੂ ਪਹੁੰਚਾਉਣ ਵਾਲੀਆਂ ਨਾੜੀਆਂ ਵਿਚ ਖੂਨ ਦੇ ਵਹਾਅ ਦਾ ਅਧਿਐਨ ਬਾਖੂਬੀ ਨਾਲ ਕਰਦੀ ਹੈ। ਸੀ. ਟੀ. ਐਂਜੀਓਗ੍ਰਾਫੀ ਐਕਸਰੇ ਰਾਹੀਂ ਪਰਖ ਕੀਤੇ ਖੂਨ ਦੇ ਵਹਾਅ ਤੇ ਕੰਪਿਊਟਰ ਰਾਹੀਂ ਉਸ ਦੇ ਵਿਸਲੇਸ਼ਣ ਦਾ ਸੁਮੇਲ ਹੈ। ਪਹਿਲਾਂ ਐਕਸਰੇ ਕਿਰਨਾਂ ਇਕ ਸ਼ਕਤੀਸ਼ਾਲੀ ਸਕੈਨ ਮਸ਼ੀਨ ਰਾਹੀਂ ਦਿਲ ਦੇ ਚਾਰ ਚੁਫੇਰੇ ਤੇ ਸਾਰੇ ਕੋਨਾਂ ਤੋਂ ਪਾਸ ਕੀਤੀਆਂ ਜਾਂਦੀਆਂ ਹਨ ਤੇ ਇਸ ਤਰ੍ਹਾਂ ਧੜਕਦੇ ਦਿਲ ਦੀਆਂ ਲੱਖਾਂ ਤਸਵੀਰਾਂ ਲਈਆਂ ਜਾਂਦੀਆਂ ਹਨ ਫਿਰ ਕੰਪਿਊਟਰ ਰਾਹੀਂ ਇਨ੍ਹਾਂ ਤਸਵੀਰਾਂ ਨੂੰ ਇਸ ਤਰ੍ਹਾਂ ਜੋੜਿਆ ਜਾਂਦਾ ਹੈ ਕਿ ਨਾੜੀਆਂ ਵਿਚ ਖੂਨ ਦਾ ਵਹਾਓ ਇਕ ਫਿਲਮ ਵਾਂਗ ਪ੍ਰਤੱਖ ਨਜ਼ਰ ਆਉਂਦਾ ਹੈ।ਜਦੋਂ ਦਿਲ ਦੀਆਂ ਬਿਮਾਰੀਆਂ ਦਾ ਮਾਹਰ ਡਾਕਟਰ ਮਰੀਜ਼ ਵਿਚ ਦਿਲ ਦੀ ਬਿਮਾਰੀ ਦੇ ਲੱਛਣ ਮਹਿਸੂਸ ਕਰਦਾ ਹੈ ਤਾਂ ਇਸ ਤੋਂ ਅਗਲਾ ਕਦਮ ਐਂਜੀਓਗ੍ਰਾਫੀ ਰਾਹੀਂ ਦਿਲ ਦੀਆਂ ਨਾੜੀਆਂ ਵਿਚ ਰੁਕਾਵਟ ਦੇਖਣਾ ਹੈ। ਮੁੱਢਲੇ ਲੱਛਣ ਕਿਸੇ ਛੋਟੇ ਟੈਸਟ ਜਾਂ ਮਰੀਜ਼ ਦੀ ਸਰੀਰਕ ਤਕਲੀਫ ਤੋਂ ਪਤਾ ਲੱਗ ਜਾਂਦੇ ਹਨ। ਰਵਾਇਤੀ ਐਂਜੀਓਗ੍ਰਾਫੀ ਵਿਚ ਮਾਹਿਰ ਡਾਕਟਰ ਸਰੀਰ ਵਿਚ ਖੂਨ ਦੇ ਵਹਾਅ ਵਾਲੀ ਨਾੜੀ ਵਿਚ ਕੈਥੀਟਰ ਪਾ ਕੇ ਇਸ ਨੂੰ ਦਿਲ ਵਿਚ ਲੈ ਜਾਂਦੇ ਹਨ। ਇਸ ਕੈਥੀਟਰ ਰਾਹੀਂ ਇਕ ਰੰਗਦਾਰ ਤਰਲ ਦਿਲ ਦੀਆਂ ਨਾੜੀਆਂ ਵਿਚ ਛੱਡਿਆ ਜਾਂਦਾ ਹੈ ਤੇ ਐਕਸਰੇ ਰਾਹੀਂ ਰੰਗਦਾਰ ਤਰਲ ਦੇ ਵਹਾਅ ਨੂੰ ਦੇਖਿਆ ਜਾਂਦਾ ਹੈ ਪਰ ਇਸ ਪ੍ਰਣਾਲੀ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਪ੍ਰਣਾਲੀ ਵਿਚ ਐਕਸਰੇ ਕਿਰਨਾਂ ਸਿਰਫ ਦੋ ਮੁਖੀ ਤਸਵੀਰ ਹੀ ਪੇਸ਼ ਕਰਦੀਆਂ ਹਨ ਤੇ ਡਾਕਟਰ ਦੋ ਪਾਸਿਓਂ ਹੀ ਲਏ ਗਏ ਐਕਸਰੇ ਚਿੱਤਰ ਦੇਖ ਸਕਦਾ ਹੈ। ਇਸ ਤਰ੍ਹਾਂ ਡਾਕਟਰ ਦਿਲ ਦੀਆਂ ਨਾੜੀਆਂ ਵਿਚ ਖੂਨ ਦੇ ਵਹਾਅ ਵਿਚ ਰੁਕਾਵਟ ਦੀ ਕਿਸਮ, ਮਾਤਰਾ ਤੇ ਤੀਬਰਤਾ ਦਾ ਅੰਦਾਜ਼ਾ ਲਗਾਉਂਦਾ ਹੈ ਪਰ ਜੇਕਰ ਮਾਹਰ ਡਾਕਟਰ ਨੂੰ ਦਿਲ ਦੀਆਂ ਸਾਰੇ ਪਾਸਿਓਂ, ਸਾਰੇ ਕੋਨਾਂ ਤੋਂ ਤੇ ਤਿੰਨ ਮੁਖੀ ਤਸਵੀਰਾਂ ਮਿਲ ਜਾਣ ਤਾਂ ਬਿਮਾਰੀ ਦਾ ਅਧਿਐਨ ਬੇਅੰਤ ਸੌਖਾ ਤੇ ਪੂਰਨ ਭਰੋਸੇਯੋਗ ਹੋ ਜਾਂਦਾ ਹੈ। ਸੀ. ਟੀ. ਐਂਜੀਓਗ੍ਰਾਮ ਤਕਨੀਕ ਨੇ ਰਵਾਇਤੀ ਐਂਜੀਓਗ੍ਰਾਫੀ ਦੀਆਂ ਇਨ੍ਹਾਂ ਸੀਮਾਵਾਂ ਨੂੰ ਪਾਰ ਕਰ ਲਿਆ ਹੈ। ਇਸ ਤਕਨੀਕ ਰਾਹੀਂ ਦਿਲ ਦੀਆਂ ਤਿੰਨ ਮੁੱਖ ਤੇ ਸਾਰੇ ਕੋਨਾਂ ਤੋਂ ਤਸਵੀਰਾਂ ਲਈਆਂ ਜਾ ਸਕਦੀਆਂ ਹਨ। ਕੰਪਿਊਟਰ ਦੀ ਵਰਤੋਂ ਰਾਹੀਂ ਤੇ ਬਾਰੀਕੀ ਨਾਲ ਘੋਖ ਕਰਨ ਲਈ ਇਨ੍ਹਾਂ ਫਿਲਮਨੁਮਾ ਤਸਵੀਰਾਂ ਦਾ ਆਕਾਰ ਵਧਾਇਆ ਘਟਾਇਆ ਜਾ ਸਕਦਾ ਹੈ। ਸਾਰੇ ਪਾਸਿਓਂ ਵਹਾਅ ਦੇਖਣ ਲਈ ਤਸਵੀਰਾਂ ਨੂੰ ਕਿਸੇ ਵੀ ਪਾਸੇ ਜਿਵੇਂ ਕਿ ਸੱਜੇ ਖੱਬੇ ਉਪਰ ਨੀਚੇ ਅੱਗੇ ਪਿੱਛੇ ਤੇ ਟੇਢੇ ਪਾਸੇ ਆਪਣੀ ਮਰਜ਼ੀ ਨਾਲ ਘੁਮਾਇਆ ਜਾ ਸਕਦਾ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਦਿਲ ਦੀਆਂ ਇਕ ਵੀਡੀਓ ਗੇਮ ਬਣ ਜਾਂਦੀ ਹੈ ਸਿਰਫ ਕੁਝ ਮਿੰਟਾਂ ਵਿਚ ਬਿਨਾਂ ਚੀਰ ਫਾੜ ਕੀਤੇ ਬਿਨਾਂ ਦਿਲ ਵਿਚ ਕੈਥੀਟਰ ਪਾਏ ਤੇ ਬਿਨਾਂ ਹਸਪਤਾਲ ਵਿਚ ਦਾਖਲ ਹੋਏ ਦਿਲ ਦੀ ਬਿਮਾਰੀ ਦਾ ਪੂਰਨ ਤੌਰ 'ਤੇ ਪਤਾ ਲੱਗ ਜਾਂਦਾ ਹੈ। ਜਾਂਚ ਕਰਵਾਉਣ ਵਾਲੇ ਵਿਅਕਤੀ ਨੂੰ ਆਪਣੇ ਰੋਜ਼ਾਨਾ ਕੰਮਾਂ ਤੋਂ ਬੱਸ ਦੋ ਘੰਟੇ ਦੀ ਵਿਹਲ ਚਾਹੀਦੀ ਹੈ ਤੇ ਇਕ ਟੀਕਾ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਖਾਸ ਮਰੀਜ਼ ਜਿਨ੍ਹਾਂ ਦੀ ਦਿਲ ਦੀ ਧੜਕਨ ਅਸਥਿਰ ਹੈ, ਨੂੰ ਇਕ ਗੋਲੀ ਲੈਣੀ ਪੈਂਦੀ ਹੈ ਤਾਂ ਜੋ ਦਿਲ ਦੀ ਧੜਕਨ ਨੂੰ ਸੀਮਾਂਬੱਧ ਕੀਤਾ ਜਾ ਸਕੇ। ਨਵੀਂ ਮਸ਼ੀਨ 64 ਸਲਾਈਸ ਸੀ.ਟੀ. ਸਕੈਨਰ ਦਿਲ ਤੇ ਇਸਦੇ ਆਲੇ ਦੁਆਲੇ ਦੀ ਰਚਨਾ ਦੀ ਜਾਂਚ ਕਰਨ ਦਾ ਇਕ ਨਵਾਂ ਯੰਤਰ ਮਾਹਿਰ ਡਾਕਟਰਾਂ ਨੂੰ ਉਪਲਬੱਧ ਹੋਇਆ ਹੈ ਤੇ ਇਸਦੀ ਵਰਤੋਂ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਧੜਕਦੇ ਦਿਲ ਦੀਆਂ ਸਾਰੇ ਪਾਸਿਓਂ ਲਈਆਂ ਹਜ਼ਾਰਾਂ ਤਸਵੀਰਾਂ ਤੇ ਕੰਪਿਊਟਰ ਰਾਹੀਂ ਉਨ੍ਹਾਂ ਦਾ ਅਧਿਐਨ ਡਾਕਟਰ ਤੇ ਮਰੀਜ਼ ਦੋਵਾਂ ਨੂੰ ਬਿਮਾਰੀ ਸਮਝਣ ਵਿਚ ਬਹੁਤ ਸਹਾਈ ਹੁੰਦਾ ਹੈ। ਬਿਨਾਂ ਚੀਰ ਫਾੜ ਕੀਤੇ ਖੂਨ ਦੀਆਂ ਨਾੜੀਆਂ ਵਿਚ ਰੁਕਾਵਟ ਤੇ ਦਿਲ ਦੀਆਂ ਦੀਵਾਰਾਂ ਦੀ ਹਾਲਤ ਦੇਖਣਾ ਜਾਂਚ ਦੀਆਂ ਪ੍ਰਚੱਲਤ ਵਿਧੀਆਂ ਵਿਚ ਇਕ ਦਿਲਚਸਪ ਵਾਧਾ ਹੈ। ਇਹ ਪ੍ਰਣਾਲੀ ਸੌਖੀ ਤੇ ਘੱਟ ਖਰਚ ਵਾਲੀ ਹੈ। ਜੇਕਰ ਖੂਨ ਦੀਆਂ ਨਾੜੀਆਂ ਵਿਚ ਰੁਕਾਵਟ ਨਹੀਂ ਹੈ ਤਾਂ ਉਸ ਵਿਅਕਤੀ ਨੂੰ ਹੋਰ ਕਿਸੇ ਵੀ ਤਕਨੀਕ ਰਾਹੀਂ ਜਾਂਚ ਕਰਵਾਉਣ ਜਾਂ ਇਲਾਜ ਦੀ ਲੋੜ ਨਹੀਂ ਹੈ। ਜੇਕਰ ਖੂਨ ਦੇ ਵਹਾਅ ਵਿਚ ਕੋਈ ਅਰਥਪੂਰਨ ਰੁਕਾਵਟ ਪਾਈ ਜਾਂਦੀ ਹੈ ਤਾਂ ਉਸ ਵਿਅਕਤੀ ਨੂੰ ਐਂਜੀਓਪਲਾਸਟੀ ਜਾਂ ਸਟੈਂਟ ਪਵਾਉਣ ਦੀ ਸਲਾਹ ਦਿੱਤੀ ਜਾ ਸਕਦੀ ਹੈ।



ਜੇਕਰ ਮੁੱਢਲੇ ਟੈਸਟਾਂ ਤੋਂ ਇਹ ਪਤਾ ਲੱਗ ਜਾਵੇ ਕਿ ਬਿਮਾਰੀ ਦੀ ਤੀਬਰਤਾ ਅਤੀ ਜ਼ਿਆਦਾ ਹੈ ਤਾਂ ਸੀ. ਟੀ. ਐਂਜੀਓਗਰਾਫੀ ਦੀ ਬਜਾਏ ਅੰਤਰਵਰਤੀ ਐਂਜੀਓਗ੍ਰਾਫੀ ਕਰਵਾਉਣੀ ਚਾਹੀਦੀ ਹੈ ਤਾਂ ਐਂਜੀਓਗ੍ਰਾਫੀ ਕਰਨ ਦੇ ਨਾਲ-ਨਾਲ ਐਂਜੀਓਪਲਾਸਟੀ ਕੀਤੀ ਜਾ ਸਕੇ ਜਾਂ ਸਟੈਂਟ ਪਾਇਆ ਜਾ ਸਕੇ। ਜੇਕਰ ਕਿਸੇ ਵਿਅਕਤੀ ਵਿਸ਼ੇਸ ਵਿਚ ਦਿਲ ਦੀ ਬਿਮਾਰੀ ਤਾਂ ਹੈ ਪਰ ਇਹ ਮਾਰੂ ਨਹੀਂ ਹੈ ਤਾਂ ਉਸ ਸਮੇਂ ਸੀ. ਟੀ. ਐਂਜੀਓਗ੍ਰਾਫੀ ਇਕ ਵਰਦਾਨ ਹੈ। ਇਸ ਨਾਲ ਮਰੀਜ਼ ਆਪਣੀ ਬਿਮਾਰੀ ਅਤੇ ਨਾੜੀਆਂ ਵਿਚ ਵੱਧ ਰਹੀ ਰੁਕਾਵਟ ਦੇਖਦਾ ਹੈ ਤਾਂ ਖਤਰੇ ਨੂੰ ਘੱਟ ਕਰਨ ਵਾਲਾ ਉਪਾਅ ਕਰਨ ਲਈ ਪ੍ਰੇਰਿਤ ਹੁੰਦਾ ਹੈ, ਉਹ ਆਪਣੀ ਖੁਰਾਕ ਨਿਯਮਬੱਧ ਕਰਦਾ ਹੈ ਤੇ ਕਸਰਤ ਕਰਨੀ ਸ਼ੁਰੂ ਕਰ ਸਕਦਾ ਹੈ। ਮਾਹਿਰਾਂ ਅਨੁਸਾਰ ਦਵਾਈਆਂ ਦੀ ਵਰਤੋਂ ਵੀ ਰੁਕਾਵਟ ਦੇ ਵਧਣ ਦਿਲ ਦੇ ਦੌਰੇ ਨੂੰ ਰੋਕਣ ਵਿਚ ਬਹੁਤ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ। ਸਾਇੰਸਦਾਨਾਂ ਅਨੁਸਾਰ ਕੀਤੇ ਗਏ ਬਹੁਤ ਸਾਰੇ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 64 ਸਲਾਈਸ ਸੀ.ਟੀ. ਐਂਜੀਓਗ੍ਰਾਫੀ ਦਿਲ ਦੀ ਬਿਮਾਰੀ ਜਾਣਨ ਦੀ ਇਕ ਭਰੋਸੇਯੋਗ ਪ੍ਰਣਾਲੀ ਹੈ। ਬਿਮਾਰੀ ਹੋਣ ਜਾਂ ਨਾ ਹੋਣ ਦੀ ਨਿਸ਼ਚਿਤਤਾ 98 ਤੋਂ 100 ਪ੍ਰਤੀਸ਼ਤ ਹੈ ਜੋ ਕਿ ਰਵਾਇਤੀ ਐਂਜੀਓਗ੍ਰਾਫੀ ਦੇ ਬਰਾਬਰ ਹੈ ਇਸ ਦਾ ਮਤਲਬ ਇਹ ਹੈ ਕਿ ਜੇਕਰ ਇਹ ਮਸ਼ੀਨ ਰਾਹੀਂ ਜਾਂਚ ਦਰਸਾਉਂਦੀ ਹੈ ਕਿ ਬਿਮਾਰੀ ਨਹੀਂ ਹੈ ਤਾਂ ਮਰੀਜ਼ ਆਪਣੀ ਦਿਲ ਦੀ ਬਿਮਾਰੀ ਹੋਣ ਦੇ ਵਹਿਮ ਤੋਂ ਚਿੰਤਾਮੁਕਤ ਹੋ ਸਕਦਾ ਹੈ। ਇਸ ਤਰ੍ਹਾਂ ਇਹ ਟੈਸਟ ਬਾਕੀ ਟੈਸਟਾਂ ਜਿਵੇਂ ਕਿ ਸਟਰੈਸ ਟੈਸਟਿੰਗ, ਈਕੋਕਾਰਡੀਓਗ੍ਰਾਫੀ, ਸਟਰੈਸ ਥੇਲੀਅਮ ਅਤੇ ਸਟਰੈਸ ਪਰਫਿਊਜਨ ਐਮ. ਆਰ. ਆਈ. ਤੋਂ ਕਿਤੇ ਵੱਧ ਭਰੋਸੇਯੋਗ ਤੇ ਯਕੀਨੀ ਹੈ। ਇਸ ਨਾਲ ਬਿਮਾਰੀ ਦੀ ਬਿਲਕੁੱਲ ਮੁੱਢਲੀ ਹਾਲਤ ਜਾਂ ਸ਼ੁਰੂ ਹੋਣ ਦਾ ਵੀ ਪਤਾ ਲੱਗ ਜਾਂਦਾ ਹੈ। ਦਿਲ ਦੇ ਦੌਰੇ ਦਾ ਇਕ ਪ੍ਰਮੁੱਖ ਕਾਰਨ ਦਿਲ ਦੀਆਂ ਨਾੜੀਆਂ ਵਿਚ ਫਿਨਸੀ ਨੁਮਾ ਉਭਾਰ ਵੀ ਹੈ। ਅਕਸਰ ਇਹ ਉਭਾਰ ਵੱਡਾ ਹੋ ਕੇ ਫਿਨਸੀ ਦੀ ਤਰ੍ਹਾਂ ਫਟ ਜਾਂਦਾ ਹੈ ਤੇ ਨਾੜੀ ਬੰਦ ਕਰ ਦਿੰਦਾ ਹੈ ਜਿਸ ਕਰਕੇ ਵਿਅਕਤੀ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਜਾਂਦਾ ਹੈ ਜੇਕਰ ਇਸ ਉਭਾਰ ਦਾ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਦਵਾਈਆਂ ਰਾਹੀਂ ਜਾਂ ਸਟੈਂਟ ਪਾ ਕੇ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਇਹ ਪ੍ਰਣਾਲੀ ਇਸ ਤਰ੍ਹਾਂ ਦੇ ਉਭਾਰ ਦਾ ਪਤਾ ਲਗਾਉਣ ਵਿਚ ਅਤਿਅੰਤ ਪ੍ਰਭਾਵਸ਼ਾਲੀ ਹੈ। ਸਮੁੱਚੇ ਤੌਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪ੍ਰਣਾਲੀ ਦਿਲ ਦੀ ਬਿਮਾਰੀ ਹੋਣ ਜਾਂ ਨਾ ਹੋਣ ਦਾ ਪਤਾ ਲਗਾਉਣ ਲਈ ਇਕ ਸਕਰੀਨਿੰਗ ਪ੍ਰਕਿਰਿਆ ਹੈ।



ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਸ ਪ੍ਰਕਾਰ ਦੀਆਂ ਬਿਮਾਰੀਆਂ ਬਾਰੇ ਜਾਣਨ ਲਈ ਸੀ. ਟੀ. ਐਂਜੀਓਗ੍ਰਾਫੀ ਲਾਹੇਵੰਦ ਹੈ। ਇਹ ਮੁੱਖ ਤੌਰ 'ਤੇ ਹੇਠ ਲਿਖੇ ਅਨੁਸਾਰ ਹਨ:

* ਦਿਲ ਦੀਆਂ ਨਾੜੀਆਂ ਦਾ ਭੀੜਾ ਹੋਣਾ ਜਾਂ ਰੁਕਾਵਟ ਹੋਣ।
* ਫਿਨਸੀ ਨੁਮਾ ਉਭਾਰ ਦਾ ਹੋਣਾ ਜਾਂ ਸ਼ੁਰੂ ਹੋਣਾ।
* ਬਾਈਪਾਸ ਸਰਜਰੀ ਤੋਂ ਬਾਅਦ ਬਾਈਪਾਸ ਵਾਲੀਆਂ ਨਾੜੀਆਂ ਦੀ ਜਾਂਚ।
* ਪੇਸ ਮੇਕਰ ਲਾਉਣ ਲਈ ਉਚਿਤ, ਨਾੜੀ ਦਾ ਲੱਭਣਾ।

ਸੀ. ਟੀ. ਐਂਜੀਓਗ੍ਰਾਫੀ ਉਨ੍ਹਾਂ ਵਿਅਕਤੀਆਂ ਲਈ ਵੀ ਲਾਹੇਵੰਦ ਹੈ ਜਿਨ੍ਹਾਂ ਵਿਚ ਦਿਲ ਦੀ ਬਿਮਾਰੀ ਹੋਣ ਦਾ ਖਤਰਾ ਵੱਧ ਹੈ। ਇਨ੍ਹਾਂ ਵਿਅਕਤੀਆਂ ਵਿਚ ਤੰਬਾਕੂਨੋਸ਼, ਸ਼ੂਗਰ ਦੇ ਮਰੀਜ਼, ਬਲੱਡ ਪ੍ਰੈਸ਼ਰ ਦੇ ਮਰੀਜ਼ ਜਾਂ ਖਾਨਦਾਨ ਵਿਚ ਦਿਲ ਦੀਆਂ ਬਿਮਾਰੀਆਂ ਦੀ ਹੋਂਦ ਵਾਲੇ ਵਿਅਕਤੀ ਸ਼ਾਮਲ ਹਨ। ਸ਼ੂਗਰ ਦੇ ਮਰੀਜ਼ ਵਿਚ ਦਿਲ ਦੀ ਬਿਮਾਰੀ ਹੋਣ ਦਾ ਖਤਰਾ ਸਭ ਤੋਂ ਵੱਧ ਹੁੰਦਾ ਹੈ। ਇਸ ਲਈ ਉਨ੍ਹਾਂ ਨੂੰ ਇਸ ਪ੍ਰਕਿਰਿਆ ਦਾ ਸਭ ਤੋਂ ਵੱਧ ਲਾਭ ਹੋ ਸਕਦਾ ਹੈ। ਕੁਝ ਮਰੀਜ਼ ਅਜਿਹੇ ਵੀ ਹਨ ਜਿਨ੍ਹਾਂ ਬਾਰੇ ਮੁੱਢਲੇ ਟੈਸਟਾਂ ਜਾਂ ਲੱਛਣਾਂ ਰਾਹੀਂ ਇਹ ਪੱਕਾ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀਆਂ ਨਾੜੀਆਂ ਵਿਚ ਲਹੂ ਦੇ ਵਹਾਅ ਵਿਚ ਰੁਕਾਵਟ ਹੈ ਪਰ ਉਹ ਰਵਾਇਤੀ ਚੀਰਫਾੜ ਵਾਲੀ ਐਂਜੀਓਗ੍ਰਾਫੀ ਤੋਂ ਘਬਰਾਉਂਦੇ ਹਨ। ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਸਮਝਾ ਬੁਝਾ ਕੇ ਰਵਾਇਤੀ ਐਂਜੀਓਗਰਾਫੀ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਪਰ ਨਾ ਮੰਨਣ ਦੀ ਸੂਰਤ ਵਿਚ ਸੀ. ਟੀ. ਐਂਜੀਓਗ੍ਰਾਫੀ ਕੀਤੀ ਜਾ ਸਕਦੀ ਹੈ ਇਸ ਦਾ ਲਾਭ ਇਹ ਹੋਵੇਗਾ ਕਿ ਉਹ ਬਾਅਦ ਵਿਚ ਆਪਣੇ ਇਲਾਜ ਦੀ ਯੋਜਨਾ ਬਣਾ ਸਕਦੇ ਹਨ।

ਸੀ. ਟੀ. ਐਂਜੀਓਗ੍ਰਾਫੀ ਕਰਨ ਲਈ ਮਰੀਜ਼ ਦੀ ਤਿਆਰੀ : ਸੀ. ਟੀ. ਐਂਜੀਓਗ੍ਰਾਫੀ ਕਰਨ ਲਈ ਮਰੀਜ਼ ਦੀ ਤਿਆਰੀ ਲਈ ਕੁਝ ਨੁਕਤੇ ਬਹੁਤ ਅਹਿਮ ਹਨ। ਮਰੀਜ਼ ਨੂੰ ਐਂਜੀਓਗ੍ਰਾਫੀ ਕਰਨ ਤੋਂ ਦੋ ਘੰਟੇ ਪਹਿਲਾਂ ਕੁਝ ਨਹੀਂ ਖਾਣਾ ਚਾਹੀਦਾ ਪਰ ਕਾਫੀ ਪਾਣੀ ਪੀਣਾ ਚਾਹੀਦਾ ਹੈ। ਨਸ਼ੇ ਵਾਲੀਆਂ ਵਸਤੂਆਂ ਦਾ ਸੇਵਨ ਤੇ ਕਸਰਤ ਛੇ ਘੰਟੇ ਪਹਿਲਾਂ ਬੰਦ ਕਰ ਦੇਣੀ ਚਾਹੀਦੀ ਹੈ। ਮਰੀਜ਼ ਤੋਂ ਇਹ ਚੰਗੀ ਤਰ੍ਹਾਂ ਪਤਾ ਕਰ ਲੈਣਾ ਜ਼ਰੂਰੀ ਹੈ ਕਿ ਉਸ ਨੂੰ ਕਿਸੇ ਖਾਣ ਵਾਲੀ ਚੀਜ਼, ਦਵਾਈ ਜਾਂ ਆਇਓਡੀਨ ਤੋਂ ਅਲਰਜੀ ਤਾਂ ਨਹੀਂ ਹੈ। ਖਾਸ ਹਾਲਤਾਂ ਵਿਚ ਗੁਰਦੇ ਦੀ ਬਿਮਾਰੀ ਜਾਂ ਗਰਭ ਧਾਰਨ ਬਾਰੇ ਪਤਾ ਲਾਉਣ ਲਈ ਖੂਨ ਦੇ ਟੈਸਟ ਵੀ ਕਰਵਾ ਲੈਣੇ ਚਾਹੀਦੇ ਹਨ।

ਸੀ. ਟੀ. ਐਂਜੀਓਗ੍ਰਾਫੀ ਦੇ ਲਾਭ : ਇਸ ਪ੍ਰਕਿਰਿਆ ਦੇ ਮੁੱਖ ਲਾਭ ਚੀਰਫਾੜ ਦੀ ਅਣਹੋਂਦ, ਦਰਦ ਦਾ ਨਾ ਹੋਣ, ਘੱਟ ਸਮਾਂ ਲੱਗਣਾ ਤੇ ਹਸਪਤਾਲ ਵਿਚ ਦਾਖਲ ਹੋਣ ਦੀ ਲੋੜ ਦਾ ਨਾ ਹੋਣਾ ਹੈ। ਇਸ ਪ੍ਰਕਿਰਿਆ ਰਾਹੀਂ ਰੁਕਾਵਟ ਦਾ ਸਥਾਨ, ਮਾਤਰਾ ਤੇ ਤੀਬਰਤਾ ਪਹਿਲਾਂ ਹੀ ਪਤਾ ਕਰ ਲਈ ਜਾਂਦੀ ਹੈ ਤੇ ਐਂਜੀਓਪਲਾਸਟੀ ਜਾਂ ਸਟੈਂਟ ਪਾਉਣ ਸਮੇਂ ਡਾਕਟਰ ਸਿੱਧਾ ਦਿਲ ਦੇ ਉਸ ਹਿੱਸੇ 'ਤੇ ਫੋਕਸ ਕਰਕੇ ਇਲਾਜ ਕਰਦੇ ਹਨ ਰਵਾਇਤੀ ਐਂਜੀਓਗ੍ਰਾਫੀ ਸਮੇਂ ਪਹਿਲਾਂ ਬਿਮਾਰੀ ਲੱਭਣ ਲਈ ਸਾਰੇ ਦਿਲ ਤੇ ਨਾੜੀਆਂ ਦੀ ਛਾਣਬੀਣ ਕਰਨੀ ਪੈਂਦੀ ਸੀ ਜਿਸ ਕਰਕੇ ਸਮਾਂ ਤੇ ਮਿਹਨਤ ਤੇ ਖਰਚਾ ਜ਼ਿਆਦਾ ਹੁੰਦਾ ਸੀ। ਰਵਾਇਤੀ ਐਂਜੀਓਗ੍ਰਾਫੀ ਭਾਵੇਂ ਨਾੜੀਆਂ ਵਿਚ ਰੁਕਾਵਟ ਲੱਭਣ ਦਾ ਇਕ ਪ੍ਰਮੁੱਖ ਸਾਧਨ ਸੀ ਪਰ ਇਸ ਨਾਲ ਨਾੜੀਆਂ ਦੇ ਦੀਵਾਰਾਂ ਦੀ ਅੰਦਰਲੀ ਤੇ ਬਾਹਰੀ ਅਰੋਗਤਾ, ਕੈਲਸ਼ੀਅਮ ਦੀ ਹੋਂਦ ਤੇ ਮਾਤਰਾ ਤੇ ਖੂਨ ਦੇ ਵਹਾਅ ਵਿਚ ਰੁਕਾਵਟ ਨਾ ਪਾਉਣ ਵਾਲੇ ਪਰ ਨਾੜੀਆਂ ਵਿਚ ਮੌਜੂਦ ਤੱਤ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ ਸੀ। ਸੀ. ਟੀ. ਐਂਜੀਓਗ੍ਰਾਫੀ ਇਹ ਸਾਰੇ ਕੰਮ ਬੜੀ ਕੁਸ਼ਲਤਾ ਨਾਲ ਕਰਦੀ ਹੈ। ਜਿਹੜੇ ਮਰੀਜ਼ਾਂ ਨੂੰ ਆਇਓਡੀਨ ਤੋਂ ਅਲਰਜੀ ਹੈ ਜਾਂ ਦਿਲ ਸੁੰਗੜਿਆ ਹੈ ਜਾਂ ਉਹ 5 ਸੈਕਿੰਡ ਤੋਂ ਵੱਧ ਸਾਹ ਨਹੀਂ ਰੋਕ ਸਕਦੇ ਹਨ। ਉਨ੍ਹਾਂ ਮਰੀਜ਼ਾਂ ਨੂੰ ਸੀਟੀ ਐਂਜੀਓਗ੍ਰਾਫੀ ਲਈ ਸਲਾਹ ਨਹੀਂ ਦੇਣੀ ਚਾਹੀਦੀ।

ਨਤੀਜਾ ਕੀ ਹੈ?

ਸੀ. ਟੀ. ਐਂਜੀਓਗ੍ਰਾਫੀ ਰਾਹੀਂ ਦਿਲ ਦੀਆਂ ਬਿਮਾਰੀਆਂ ਦੀ ਜਾਂਚ ਦੇ ਕੰਮ ਦਾ ਭਵਿੱਖ ਬਹੁਤ ਉਜਵਲ ਹੈ। ਇਸ ਤਕਨੀਕ ਤੋਂ ਭਵਿੱਖ ਵਿਚ ਬਹੁਤ ਉਮੀਦਾਂ ਹਨ। 64 ਸਲਾਈਸ ਸੀ. ਟੀ. ਐਂਜੀਓਗ੍ਰਾਮ ਮਸ਼ੀਨ ਦੇ ਆਉਣ ਦੇ ਨਾਲ-ਨਾਲ ਜਾਂਚ ਦੇ ਕੰਮ ਵਿਚ ਬਹੁਤ ਸੁਧਾਰ ਆਇਆ ਹੈ ਤੇ ਬਿਮਾਰੀ ਲੱਭਣ ਦੀ ਸੁਨਿਸ਼ਚਿਤਤਾ ਵਿਚ ਬੇਜੋੜ ਵਾਧਾ ਹੋਇਆ ਹੈ। ਚੀਰ-ਫਾੜ ਦੀ ਅਣਹੋਂਦ ਤੇ ਥੋੜ੍ਹੇ ਸਮੇਂ ਵਿਚ ਬਿਮਾਰੀ ਦਾ ਪਤਾ ਲਾਉਣ ਦੀ ਯੋਗਤਾ ਇਸ ਪ੍ਰਣਾਲੀ ਦੇ ਅਣਕਿਆਸੇ ਲਾਭ ਹਨ। ਆਮ ਧਾਰਨਾ ਇਹ ਹੈ ਕਿ ਇਹ ਵਿਧੀ ਰਵਾਇਤੀ ਐਂਜੀਓਗ੍ਰਾਫੀ ਦਾ ਬਦਲ ਹੈ ਪ੍ਰੰਤੂ ਅਸਲ ਵਿਚ ਇਹ ਰਵਾਇਤੀ ਐਂਜੀਓਗਰਾਫੀ ਦੀ ਪੂਰਕ ਹੈ।

-ਡਾ. ਗੌਰਵ ਮਿਨੋਚਾ



# ਇਮਤਿਹਾਨਾਂ ਦੇ ਤਣਾਅ ਤੋਂ ਬਚਣ ਲਈ ਜ਼ਰੂਰੀ ਹੈ ਸਹੀ ਖੁਰਾਕ



**ਇਮਤਿਹਾਨਾਂ ਦਾ ਤਣਾਅ ਅਤੇ ਵਿਦਿਆਰਥੀਆਂ ਦਾ ਚਟਪਟੀਆਂ ਚੀਜ਼ਾਂ ਖਾਣਾ ਕੋਈ ਨਵੀਂ ਗੱਲ ਨਹੀਂ ਹੈ। ਇਮਤਿਹਾਨਾਂ ਦੇ ਭੂਤ ਦੇ ਭੈਅ ਤੋਂ ਬਹੁਤੇ ਵਿਦਿਆਰਥੀ ਕਾਹਲੀ ਵਿਚ ਸੰਤੁਲਿਤ ਖਾਣੇ ਦੀ ਜਗ੍ਹਾ ਜ਼ੰਕ ਫੂਡ ਖਾਣ ਦੇ ਆਦਿ ਹੋ ਜਾਂਦੇ ਹਨ। ਇਮਤਿਹਾਨਾਂ ਦੇ ਔਖੇ ਦਿਨਾਂ ਵਿਚ ਆਪਣੀ ਊਰਜਾ ਨੂੰ ਕਾਇਮ ਰੱਖਣ ਲਈ ਕਈ ਵਿਦਿਆਰਥੀ ਕੌਫੀ ਅਤੇ ਕੋਲਡ ਡਰਿੰਕ ਦੀ ਵਰਤੋਂ ਕਰਨ ਲੱਗਦੇ ਹਨ ਜਦ ਕਿ ਕਈ ਵਿਦਿਆਰਥੀ ਤਾਂ ਕੈਫੀਨ ਨਾਲ ਸਬੰਧਤ ਦਵਾਈਆਂ ਅਤੇ ਯਾਦਾਸ਼ਤ ਵਧਾਉਣ ਵਾਲੀਆਂ ਕਈ ਹੋਰ ਦਵਾਈਆਂ ਦੀ ਵਰਤੋਂ ਕਰਨ ਲੱਗਦੇ ਹਨ। ਇਮਤਿਹਾਨਾਂ ਦੇ ਤਣਾਅ ਕਾਰਨ ਇਸ ਤਰ੍ਹਾਂ ਸੰਤੁਲਤ ਭੋਜਨ ਨੂੰ ਨਕਾਰਨ ਨਾਲ ਉਨ੍ਹਾਂ ਦੀ ਯਾਦ ਸ਼ਕਤੀ ਅਤੇ ਰਵੱਈਏ 'ਤੇ ਨਾਕਾਰਾਤਮਕ ਅਸਰ ਪੈਂਦਾ ਹੈ।**

ਭੋਜਨ, ਪੌਸ਼ਟਿਕਤਾ, ਸੰਤੁਲਿਤ ਤੱਤਾਂ ਦੀ ਕਮੀ ਅਤੇ ਮਨੁੱਖ ਦੀ ਦਿਮਾਗੀ ਹਾਲਤ ਦੇ ਵਿਚ ਇਕ ਗਹਿਰਾ ਸਬੰਧ ਹੈ ਨਵੀਂ ਦਿੱਲੀ ਦੀ ਰਿਤਿਕਾ ਸਮੱਧਰ ਅਨੁਸਾਰ, ਤਣਾਅ ਸਾਡੇ ਸਰੀਰ ਦੇ ਬਾਇਓਕੈਮੀਕਲ ਸੰਤੁਲਨ ਨੂੰ ਵਿਗਾੜਦਾ ਹੈ। ਉਦਾਹਰਨ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਤਣਾਅ ਅਤੇ ਚਿੰਤਾ ਸਾਡੇ ਸਰੀਰ ਵਿਚ ਪ੍ਰੋਟੀਨ ਵਿਟਾਮਿਨ ਏ, ਸੀ, ਅਤੇ ਕੇ ਦੇ ਪੱਧਰ ਨੂੰ ਘਟਾਉਂਦੇ ਹਨ। ਇਸ ਲਈ ਲਾਜ਼ਮੀ ਹੈ ਕਿ ਉਨ੍ਹਾਂ ਨੂੰ ਆਪਣੀ ਖੁਰਾਕ ਵਿਚ ਅੰਨ, ਦਾਲਾਂ, ਦੁੱਧ, ਬਦਾਮ, ਦੁੱਧ ਤੋਂ ਬਣੀਆਂ ਚੀਜ਼ਾਂ, ਮੀਟ, ਵਧੇਰੇ ਮਾਤਰਾ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲ ਅਤੇ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਚਿਕਨਾਈ ਯੁਕਤ ਭੋਜਨ ਅਤੇ ਸ਼ੂਗਰ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਇਮਤਿਹਾਨਾਂ ਦੇ ਤਣਾਅ ਨਾਲ ਲੜ ਰਹੇ ਵਿਦਿਆਰਥੀਆਂ ਨੂੰ ਛੁਟਕਾਰਾ ਦਿਵਾਉਣ ਵਿਚ ਲਾਹੇਵੰਦ ਹੈ।

ਇਮਤਿਹਾਨਾਂ ਦਾ ਤਣਾਅ ਅਤੇ ਵਿਦਿਆਰਥੀਆਂ ਦਾ ਚਟਪਟੀਆਂ ਚੀਜ਼ਾਂ ਖਾਣਾ ਕੋਈ ਨਵੀਂ ਗੱਲ ਨਹੀਂ ਹੈ। ਇਮਤਿਹਾਨਾਂ ਦੇ ਭੂਤ ਦੇ ਭੈਅ ਤੋਂ ਬਹੁਤੇ ਵਿਦਿਆਰਤੀ ਕਾਹਲੀ ਵਿਚ ਸੰਤੁਲਿਤ ਖਾਣੇ ਦੀ ਜਗ੍ਹਾ ਜ਼ੰਕ ਫੂਡ ਖਾਣ ਦੇ ਆਦਿ ਹੋ ਜਾਂਦੇ ਹਨ।



ਇਮਤਿਹਾਨਾਂ ਦੇ ਔਖੇ ਦਿਨਾਂ ਵਿਚ ਆਪਣੀ ਊਰਜਾ ਨੂੰ ਕਾਇਮ ਰੱਖਣ ਲਈ ਕਈ ਵਿਦਿਆਰਤੀ ਕੌਫੀ ਅਤੇ ਕੋਲਡ ਡਰਿੰਕ ਦੀ ਵਰਤੋਂ ਕਰਨ ਲੱਗਦੇ ਹਨ ਜਦ ਕਿ ਕਈ ਵਿਦਿਆਰਥੀ ਤਾਂ ਕੈਫੀਨ ਨਾਲ ਸਬੰਧਤ ਦਵਾਈਆਂ ਅਤੇ ਯਾਦਾਸ਼ਤ ਵਧਾਉਣ ਵਾਲੀਆਂ ਕਈ ਹੋਰ ਦਵਾਈਆਂ ਦੀ ਵਰਤੋਂ ਕਰਨ ਲੱਗਦੇ ਹਨ। ਇਮਤਿਹਾਨਾਂ ਦੇ ਤਣਾਅ ਕਾਰਨ ਇਸ ਤਰ੍ਹਾਂ ਸੰਤੁਲਤ ਭੋਜਨ ਨੂੰ ਨਕਾਰਨ ਨਾਲ ਉਨ੍ਹਾਂ ਦੀ ਯਾਦ ਸ਼ਕਤੀ ਅਤੇ ਰਵੱਈਏ 'ਤੇ ਨਾਕਾਰਾਤਮਕ ਅਸਰ ਪੈਂਦਾ ਹੈ ਜਿਵੇਂ ਇਹ ਗੱਲ ਤਾਂ ਮੰਨਣਯੋਗ ਹੈ ਕਿ ਊਰਜਾ ਅਤੇ ਇਕਾਗਰਤਾ ਨੂੰ ਬਣਾਈ ਰੱਖਣ ਲਈ ਕੈਫੀਨ ਨਾਲ ਥੋੜ੍ਹੀ ਦੇਰ ਲਈ ਹੀ ਫਾਇਦਾ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਅਸਰ ਇੰਨਾ ਘੱਟ ਹੁੰਦਾ ਹੈ ਕਿ ਇਸ ਨੂੰ ਮਿੰਟਾਂ ਵਿਚ ਵੀ ਮਾਪਿਆ ਜਾ ਸਕਦੈ। ਕੈਫੀਨ ਦੀ ਲੋੜ ਤੋਂ ਵਧੇਰੇ ਵਰਤੋਂ ਕਰਨ ਵਾਲੇ ਵਿਦਿਆਰਥੀ ਇਸ ਗੱਲ ਤੋਂ ਅਨਜਾਣ ਹੁੰਦੇ ਹਨ ਕਿ ਉਨ੍ਹਾਂ ਦਾ ਚਿੜਚਿੜਾਪਣ ਵੱਧ ਜਾਂਦੈ ਅਤੇ ਇਕਾਗਰਤਾ ਵਿਚ ਵੀ ਕਮੀ ਆਉਂਦੀ ਹੈ। ਇਮਤਿਹਾਨਾਂ ਵਿਚ ਵੀ ਕਮੀ ਆਉਂਦੀ ਹੈ। ਇਮਤਿਹਾਨਾਂ ਦੇ ਤਣਾਅ ਨੂੰ ਘੱਟ ਕਰਨ ਲਈ ਵਿਦਿਆਰਥੀਆਂ ਦਾ ਸ਼ਰਾਬ ਤੋਂ ਦੂਰ ਰਹਿਣਾ ਹੀ ਲਾਹੇਵੰਦ ਹੈ। ਸ਼ਰਾਬ ਵਿਦਿਆਰਥੀਆਂ ਦੀ ਯਾਦ ਸ਼ਕਤੀ ਲਈ ਸਭ ਤੋਂ ਵਧੇਰੇ ਮਾਰੂ ਹੈ।



ਸਹੀ ਢੰਗ ਨਾਲ ਖਾਣ ਦੇ ਟਿਪਸ : 350-400 ਗ੍ਰਾਮ ਕਾਰਬੋਹਾਈਡ੍ਰੇਟਸ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਉਂਕਿ ਇਹ ਸਰੀਰ ਲਈ ਇਕ ਊਰਜਾ ਸਰੋਤ ਹੈ। ਇਸ ਵਿਚ ਅੰਨ, ਦਾਲਾਂ, ਇਸ ਤੋਂ ਬਣੀਆਂ ਚੀਜ਼ਾਂ ਅਤੇ ਮੂਲ-ਕੰਦ ਆਦਿ ਸ਼ਾਮਲ ਹਨ। ਰੋਜ਼ਾਨਾ ਦੀ ਖੁਰਾਕ ਵਿਚ ਸੰਤੁਲਿਤ ਤਰਲ ਪਦਾਰਥ ਵੀ ਲੈਣੇ ਚਾਹੀਦੇ ਹਨ ਜਿਵੇਂ ਹਾਰਲਿਕਸ।

ਸ਼ੂਗਰ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ ਭਾਵ ਰੋਜ਼ਾਨਾ 2 ਚਮਚ ਹੀ ਲੈਣੀ ਚਾਹੀਦੀ ਹੈ ਤਾਂ ਕਿ ਕੈਲੋਰੀ ਦੀ ਮਾਤਰਾ ਘਟਾਈ ਜਾ ਸਕੇ। ਪ੍ਰੋਟੀਨ ਵੀ 50 ਤੋਂ 70 ਗ੍ਰਾਮ ਲੈਣੀ ਚਾਹੀਦੀ ਹੈ ਸ਼ਾਕਾਹਾਰੀ ਲੋਕ ਦਾਲਾਂ, ਫਲੀਆਂ ਅਤੇ ਬਦਾਮ ਖਾ ਸਕਦੇ ਹਨ। ਮਾਸਾਹਾਰੀ ਇਨ੍ਹਾਂ ਦੀ ਵਰਤੋਂ ਥੋੜ੍ਹੀ ਮਾਤਰਾ ਵਿਚ ਕਰ ਸਕਦੇ ਹਨ, ਕਿਉਂਕਿ ਮੀਟ ਯੋਨ ਉਨ੍ਹਾਂ ਨੂੰ ਕਾਫੀ ਪ੍ਰੋਟੀਨ ਮਿਲ ਜਾਂਦਾ ਹੈ। ਚਿਕਨਾਈ ਯੁਕਤ ਚੀਜ਼ਾਂ ਦੀ ਵਰਤੋਂ 35-45 ਮਿ.ਲੀ. ਤੱਕ ਹੀ ਕਰਨੀ ਚਾਹੀਦੀ ਹੈ।





ਵਿਦਿਆਰਥੀਆਂ ਨੂੰ ਵਧੇਰੇ ਤਲਿਆ ਹੋਇਆ ਭੋਜਨ ਨਹੀਂ ਖਾਣਾ ਚਾਹੀਦਾ। ਇਨ੍ਹਾਂ ਨਾਲ ਉਨ੍ਹਾਂ ਨੂੰ ਚੱਕਰ ਆਉਣੇ ਜਾਂ ਜੀਅ ਕੱਚਾ ਹੋਣ ਵਰਗੀਆਂ ਸ਼ਿਕਾਇਤਾਂ ਹੋ ਸਕਦੀਆਂ ਹਨ। ਚਿਕਨਾਈ ਨਾਲ ਹੋਰ ਪੌਸ਼ਟਿਕ ਤੱਤ ਵਿਚ ਕਮੀ ਆ ਜਾਂਦੀ ਹੈ ਇਸ ਲਈ ਉਨ੍ਹਾਂ ਨੂੰ ਤਲਿਆ ਜਾਂ ਭੁੰਨਿਆ ਹੋਇਆ ਮੀਟ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦੈ। ਇਹ ਵੀ ਲਾਜ਼ਮੀ ਹੈ ਕਿ ਤਾਜ਼ਾ ਫਲ, ਸਬਜ਼ੀਆਂ ਅਤੇ ਜੂਸ ਨੂੰ ਆਪਣੀ ਖੁਰਾਕ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਕਿ ਸਰੀਰ ਨੂੰ ਲੋੜੀਂਦੇ ਵਿਟਾਮਿਨ ਅਤੇ ਮਿਨਰਲ ਸਹੀ ਮਾਤਰਾ ਵਿਚ ਮਿਲਦੇ ਰਹਿਣ। ਵਿਟਾਮਿਨ ਏ ਯੁਕਤ ਭੋਜਨ ਪਦਾਰਥ ਜਿਵੇਂ ਮੱਛੀ, ਦੁੱਧ, ਘਿਓ, ਮੱਖਣ ਅੰਡਾ, ਮੱਖਣ ਵਾਲਾ ਦੁੱਧ ਆਦਿ ਖਾਣੇ ਚਾਹੀਦੇ ਹਨ। ਵਿਟਾਮਿਨ ਬੀ ਕੈਰੋਟੀਨ ਦੇ ਮੁੱਖ ਸ੍ਰੋਤ ਹਨ। ਹਰੀਆਂ ਪੱਤੇਦਾਰ ਸਬਜ਼ੀਆਂ, ਮੂਲੀ, ਪੱਕਿਆ ਹੋਇਆ ਅੰਬ, ਪੱਕਿਆ ਪਪੀਤਾ ਆਦਿ।

ਰਾਜੇਂਦਰ ਕੁਮਾਰ ਰਾਏ

# ਓਰਲ ਤੇ ਮੈਕਜ਼ਿਲੋ ਫੇਸ਼ੀਅਲ ਸਰਜਰੀ

## ਮੂੰਹ, ਚਿਹਰੇ ਅਤੇ ਜਬਾੜਿਆਂ ਦੀ ਸਰਜਰੀ

ਓਰਲੋ ਅਤੇ ਮੈਕਜਿਲੋ ਫੇਸ਼ੀਅਲ ਸਰਜਰੀ ਅੱਜ ਆਪਣੇ-ਆਪ ਵਿਚ ਇਕ ਅਨੋਖੇ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ ਹੈ।



ਇਹ ਸਪੈਸ਼ਲਿਟੀ ਡੈਂਟਲ ਅਤੇ ਸਰਜੀਕਲ ਸਪੈਸ਼ਲਿਟੀਆਂ ਦਾ ਮੇਲ ਹੈ। ਦੁਨੀਆਂ ਦੇ ਕਈ ਹਿੱਸਿਆਂ ਵਿਚ ਜੇਕਰ ਇਹ ਡੈਂਟਲ ਸਪੈਸ਼ਲਟੀ ਦੇ ਰੂਪ ਵਿਚ ਸਾਹਮਣੇ ਆਈ ਤਾਂ ਕਿਧਰੇ ਇਹ ਮੈਡੀਕਲ ਜਾਂ ਸਰਜੀਕਲ ਸਪੈਸ਼ਲਟੀ ਦੇ ਰੂਪ ਵਿਚ ਵੀ ਉਭਰੀ ਪਰ ਇਹ ਸਪੈਸ਼ਲਿਟੀ ਦੁਨੀਆਂ ਦੇ ਬਹੁਤੇ ਹਿੱਸਿਆਂ ਵਿਚ ਦੋਨਾਂ ਸਪੈਸ਼ਲਿਟੀਆਂ ਦੇ ਮਿਸ਼ਰਣ ਦੇ ਰੂਪ ਵਿਚ ਉਜਾਗਰ ਹੋ ਰਹੀ ਹੈ।

ਇਸ ਸਪੈਸ਼ਲਟੀ ਦਾ ਇਤਿਹਾਸ ਵੀ ਬੜਾ ਅਨੋਖਾ ਹੈ। ਵਿਸ਼ਵ ਜੰਗਾਂ ਵਿਚ ਜਦੋਂ ਜ਼ਖਮੀਆਂ ਦੀ ਗਿਣਤੀ ਬਹੁਤ ਵਧਣ ਲੱਗੀ ਸੀ ਤਾਂ ਮਿੱਤਰ ਦੇਸ਼ਾਂ ਦੀਆਂ ਫੌਜਾਂ ਦੇ ਦੰਦਾਂ ਦੇ ਮਾਹਿਰ ਡਾਕਟਰਾਂ ਨੂੰ ਸਰਜੀਕਲ ਅਤੇ ਅਨੈਸਥੀਸੀਆ ਸਹਾਇਕਾਂ ਦੇ ਰੂਪ ਵਿਚ ਕੰਮ ਕਰਨ ਲਈ ਹਦਾਇਤਾਂ ਹੋਈਆਂ। ਅੱਜ ਵੀ ਦੁਨੀਆਂ ਦੀਆਂ ਬਹੁਤੀਆਂ ਫੌਜਾਂ ਵਿਚ ਇਹ ਦਸਤੂਰ ਹੈ ਕਿ ਜੰਗ ਦੇ ਦੌਰਾਨ ਡੈਂਟਲ ਅਫਸਰ ਸਰਜੀਕਲ ਸਹਾਇਕ ਅਨੈਂਸਥੀਸੀਆ ਸਹਾਇਕ, ਬਲੱਡ ਕਲੈਕਸ਼ਨ ਅਫਸਰ, ਜਾਂ ਫਿਰ ਪਬਲਿਕ ਰਿਲੇਸ਼ਨ ਅਫਸਰ ਦੇ ਤੌਰ 'ਤੇ ਵੀ ਕੰਮ ਕਰਦੇ ਹਨ। ਜੰਗੀ ਜ਼ਖਮੀਆਂ ਦਾ ਇਲਾਜ ਕਰਦੇ ਕਰਦੇ ਟੁੱਟੇ ਜਬਾੜਿਆਂ ਨੂੰ ਠੀਕ ਕਰਨ ਲਈ ਇਹ ਦੰਦਾਂ ਦੇ ਮਾਹਿਰ ਡਾਕਟਰਾਂ ਨੇ ਖਾਸੀ ਮੁਹਾਰਤ ਹਾਸਲ ਕਰ ਲਈ ਸੀ। ਇਕ ਹੋਰ ਕਾਰਨ ਇਹ ਵੀ ਸੀ ਕਿ ਦੰਦਾਂ ਦਾ ਦੰਦਾਂ ਨਾਲ ਜੁੜਨਾ ਜਿਸ ਨੂੰ ਅਕਲੂਜਨ ਕਹਿੰਦੇ ਹਨ ਇਕੋ ਮਾਤਰ ਤਰੀਕਾ ਸੀ ਜਿਸ ਨਾਲ ਇਹ ਨਿਸ਼ਚਿਤ ਹੋ ਪਾਉਂਦਾ ਸੀ ਕਿ ਜਬਾੜੇ ਠੀਕ ਜੁੜੇ ਹਨ ਕਿ ਨਹੀਂ। ਟੁੱਟੇ ਜਬਾੜਿਆਂ ਨੂੰ ਠੀਕ ਕਰਨ ਲਈ ਦੰਦਾਂ ਦਾ ਮਿਲਾਉਣਾ ਜਾਂ ਅਕਲੂਜਨ ਸਹੀ ਕਰਨਾ ਹਿਪੋਕਰੇਟਸ 200 ਸਾਲ ਪਹਿਲਾਂ ਹੀ ਵਰਨਣ ਕਰ ਚੁੱਕਾ ਸੀ। ਸ਼ੁਰੂ-ਸ਼ੁਰੂ ਵਿਚ ਇਸ ਸਪੈਸ਼ਲਟੀ ਦੇ ਵਿਕਾਸ ਦੌਰਾਨ ਟੁੱਟੇ ਜਬਾੜਿਆਂ ਨੂੰ ਬੰਨ੍ਹ ਕੇ ਜੋੜਨ ਦਾ ਇਕੋ ਮਾਤਰ ਤਰੀਕਾ ਦੰਦਾਂ ਨੂੰ ਤਾਰਾਂ ਪਾ ਕੇ ਜੋੜਨ ਦਾ ਹੀ ਸੀ। ਦੰਦਾਂ ਉਪਰ ਤਾਰਾਂ ਅਤੇ ਸਪਲਿੰਟ ਪਾਉਣ ਦੇ ਨਵੇਂ-ਨਵੇਂ ਤਰੀਕੇ ਇਜਾਦ ਹੋਏ। ਇਸ ਤਰ੍ਹਾਂ ਦੰਦਾਂ ਦੇ ਮਾਹਿਰ ਡਾਕਟਰਾਂ ਦੀ ਭੂਮਿਕਾ ਇਸ ਸਪੈਸ਼ਲਿਟੀ ਵਿਚ ਹੋਰ ਉਜਾਗਰ ਹੋਈ। ਸਭ ਤੋਂ ਵੱਡੀ ਗੱਲ ਕਿ ਜਬਾੜੇ ਠੀਕ ਜੁੜੇ ਹਨ ਜਾਂ ਨਹੀਂ ਇਹ ਰੋਟੀ ਚਬਾਉਣ ਦੀ ਸ਼ਕਤੀ 'ਤੇ ਬਹੁਤ ਅਸਰ ਪਾਉਂਦੇ ਹਨ। ਇਹ ਨਿਸ਼ਚਿਤ ਕਰਨ ਲਈ ਦੰਦਾਂ ਦੇ ਮਾਹਿਰ ਡਾਕਟਰਾਂ ਦਾ ਇਨ੍ਹਾਂ ਟੀਮਾਂ ਵਿਚ ਅੱਛੀ ਖਾਸੀ ਭੂਮਿਕਾ ਤੈਹ ਹੋ ਗਈ। ਇਹ ਸਪੈਸ਼ਲਿਟੀ ਹੁਣ ਸਰਜਰੀ ਤੋਂ ਨਿਕਲ ਕੇ ਦੰਦਾਂ ਦੀ ਇਕ ਸਪੈਸ਼ਲਟੀ ਦੇ ਰਾਹ ਚੱਲ ਪਈ। ਹੌਲੀ-ਹੌਲੀ ਇਸ ਸਪੈਸ਼ਲਟੀ ਦੇ ਦੰਦਾਂ ਜਬਾੜਿਆਂ ਤੋਂ ਬਿਨਾਂ ਆਸ-ਪਾਸ ਦੀਆਂ ਹੋਰ ਮਾਸ-ਪੇਸ਼ੀਆਂ ਆਦਿ ਨੂੰ ਵੀ ਆਪਣੀ ਪਕੜ ਵਿਚ ਲੈ ਲਿਆਂਦਾ। ਅੱਜ ਮੈਕਜਿਲੋ ਫੇਸ਼ੀਅਲ ਜਾਂ ਓਰਲ ਸਰਜਰੀ ਦਾ ਦਾਇਰਾ ਟੁੱਟੇ ਜਬਾੜਿਆਂ ਨੂੰ ਛੱਡ ਕੇ ਕਾਫੀ ਪਸਾਰ ਕਰ ਚੁੱਕਾ ਹੈ ਅਤੇ ਇਸ ਸਪੈਸ਼ਲਿਟੀ ਨੇ ਪਲਾਸਟਿਕ ਸਰਜਰੀ, ਨਿਊਰੋ ਸਰਜਰੀ, ਜਨਰਲ ਸਰਜਰੀ, ਅੱਖਾਂ ਦੀ ਸਰਜਰੀ, ਕੰਨ-ਨੱਕ, ਗਲ ਦੀ ਸਰਜਰੀ, ਮਾਈਕਰੋ ਸਰਜਰੀ, ਕੈਂਸਰ ਸਰਜਰੀ, ਉਰਥੋਪੀਡਕ ਜਾਂ ਹੱਡੀਆਂ ਦੀ ਸਰਜਰੀ, ਸਭ ਤੋਂ ਸਿੱਖ ਕੇ ਆਪਣਾ ਨਵਾਂ ਚਿਹਰਾ ਅਤੇ ਵਜੂਦ ਕਾਇਮ ਕਰ ਲਿਆ। ਇਹ ਸਫਰ ਤੈਅ ਕਰਦੀ ਹੋਈ ਇਹ ਸਪੈਸ਼ਲਿਟੀ ਆਪਣਾ ਨਿਸ਼ਚਿਤ ਰੂਪ ਧਾਰਨ ਕਰ ਚੁੱਕੀ ਹੈ। ਹੁਣ ਇਸ ਸਪੈਸ਼ਲਿਟੀ ਦੀਆਂ ਹੱਦਾਂ ਪਲਾਸਟਿਕ ਸਰਜਰੀ, ਨਿਊਰੋਸਰਜਰੀ ਅਤੇ ਕੰਨ, ਨੱਕ, ਗਲਾ ਆਦਿ ਦੀਆਂ ਸਪੈਸ਼ਲਿਟੀਆਂ ਨਾਲ ਧੁੰਦਲੀਆਂ ਹਨ। ਭਾਰਤ ਵਰਸ ਵਿਚ ਇਸਦੀ ਸਪੈਸ਼ਲਟੀ ਟਰੇਨਿੰਗ ਤਿੰਨ ਸਾਲ ਦੀ ਐਮ. ਡੀ. ਐਸ. ਕੋਰਸ ਦੇ ਰੂਪ ਵਿਚ ਹੈ ਜੋ ਪੰਜ ਸਾਲਾ ਬੀ. ਡੀ. ਐਸ.



ਕੋਰਸ ਕਰਨ ਤੋਂ ਬਾਅਦ ਹੁੰਦਾ ਹੈ। ਅਮਰੀਕਾ ਅਤੇ ਯੂਰਪ ਦੇ ਬਹੁਤ ਦੇਸ਼ਾਂ ਵਿਚ ਇਹ 7 ਤੋਂ 10 ਸਾਲਾਂ ਤੱਕ ਦਾ ਸਿੱਧਾ ਕੋਰਸ ਵੀ ਇਸ ਸਪੈਸ਼ਲਿਟੀ ਵਿਚ ਹੈ। ਅੱਜ ਇਸ ਸਪੈਸ਼ਲਟੀ ਦੇ ਪ੍ਰਭਾਵ ਖੇਤਰ ਵਿਚ ਕਲੈਫਟ ਲਿੱਪ, ਕਲੈਫਟ ਪੈਲੇਂਟ, ਟੈਂਮਪੋਰੋਮੇਡੀਬੁਲਰ ਜੁਆਇੰਟ ਜਾਂ ਹੇਠਲੇ ਜਬਾੜੇ ਅਤੇ ਖੋਪੜੀ ਦਾ ਜੋੜ ਮੈਕਜਿਲੋ ਫੇਸ਼ੀਅਲ ਕਾਸਮੈਟਿਕ ਸਰਜਰੀ ਸੁਧਾਰਨ ਤੋਂ ਲੈ ਕੇ ਖਤਰਨਾਕ ਜੜ੍ਹਾਂ ਵਾਲੀਆਂ ਰਸੋਲੀਆਂ ਨੂੰ ਕੱਢਣਾ, ਕੈਂਸਰ ਤੋਂ ਪ੍ਰਭਾਵਿਤ ਪੂਰੇ ਜਬਾੜੇ ਨੂੰ ਬਾਹਰ ਨਿਕਾਲਣਾ, ਚਿਹਰੇ ਅਤੇ ਮੂੰਹ ਵਿਚ ਨਾੜੀਆਂ ਦੇ ਦਰਦ ਦਾ ਅਪਰੇਸ਼ਨ ਕਰਕੇ, ਨਾੜੀਆਂ ਨੂੰ ਬਾਹਰ ਨਿਕਾਲਣਾ, ਜਬਾੜਿਆਂ ਵਿਚ ਸਪੈਸ਼ਲ ਕਿੱਲ ਪੇਚ ਲਗਾ ਕੇ ਪੱਕੇ ਦੰਦਾਂ ਨੂੰ ਫਿਕਸ ਕਰਨਾ, ਅਕਲ ਜਾੜ ਨੂੰ ਆਪਰੇਸ਼ਨ ਕਰਕੇ ਜਬਾੜੇ ਵਿਚੋਂ ਕੱਢਣਾ ਆਦਿ ਸ਼ਾਮਲ ਹਨ। ਭਾਵੇਂ ਇਹ ਸਪੈਸ਼ਲਿਟੀ ਆਪਣੀ ਹੋਂਦ ਵਿਚ ਆਈ ਨੂੰ ਕਾਫੀ ਦੇਰ ਹੋ ਚੁੱਕੀ ਹੈ ਪਰ ਅਜੇ ਵੀ ਇਸ ਵਿਚ ਬਹੁਤ ਘੱਟ ਸਪੈਸ਼ਲਿਸਟ ਡਾਕਟਰ ਉਪਲਬੱਧ ਹਨ। ਪੂਰੇ ਭਾਰਤ ਵਿਚ ਸਿਰਫ 900 ਦੇ ਆਸ-ਪਾਸ ਅਤੇ ਪੰਜਾਬ ਵਿਚ 50 ਤੋਂ ਵੀ ਘੱਟ। ਸਪੈਸ਼ਲਿਸਟ ਡਾਕਟਰਾਂ ਦੇ ਨਾ ਮਿਲਣ ਕਾਰਨ ਇਸ ਸਪੈਸ਼ਲਟੀ ਦਾ ਬਹੁਤਾ ਕੰਮ ਹੁਣ ਤੱਕ ਪਲਾਸਟਿਕ ਸਰਜਨ, ਕੰਨ, ਨੱਕ, ਗਲਾ, ਸਰਜਨ ਜਨਰਲ ਸਰਜਨ ਜਾਂ ਫਿਰ ਬਹੁਤੀ ਵਾਰ ਦੰਦਾਂ ਦੇ ਮਾਹਿਰ ਡਾਕਟਰ ਹੀ ਕਰਦੇ ਰਹੇ ਹਨ। ਹੁਣ ਲੋਕਾਂ ਵਿਚ ਉਜਾਗਰਤਾ ਆਉਣ ਨਾਲ ਅਤੇ ਲੋੜੀਂਦੇ ਸਪੈਸ਼ਲਿਸਟਾਂ ਦੀ ਘਾਟ ਪੂਰੀ ਹੋਣ ਕਾਰਨ ਇਹ ਸਪੈਸ਼ਲਟੀ ਦਾ ਕੰਮ ਯੋਗ ਮਾਹਿਰਾਂ ਕੋਲ ਵਾਪਸ ਜਾ ਰਿਹਾ ਹੈ। ਅੱਜ ਹਰ ਮਰੀਜ਼ ਨੂੰ ਅਧਿਕਾਰ ਹੈ ਕਿ ਉਹ ਆਪਣੇ ਡਾਕਟਰ ਨੂੰ ਪੁੱਛ ਸਕਦਾ ਹੈ ਕਿ ਕੀ ਉਸਦਾ ਡਾਕਟਰ ਮਰੀਜ਼ ਦੀ ਬਿਮਾਰੀ ਦਾ ਖਾਸ ਮਾਹਿਰ ਹੈ ਜੇ ਨਹੀਂ ਤਾਂ ਫਿਰ ਮਾਹਿਰ ਕੌਣ ਹੈ। ਹੁਣ ਤਾਂ ਹਰ ਮਰੀਜ਼ ਨੂੰ ਕਿਸੇ ਵੀ ਆਪਰੇਸ਼ਨ ਲਈ ਆਪਣੀ ਰਜ਼ਾਮੰਦੀ ਦੇਣ ਤੋਂ ਪਹਿਲਾਂ ਅਪਰੇਸ਼ਨ ਦੇ ਹਰ ਪਹਿਲੂ ਨੂੰ ਜਾਣ ਲੈਣ ਦਾ ਅਧਿਕਾਰ ਹੈ। ਇਸ ਮਾਹੌਲ ਵਿਚ ਕਿਸੇ ਵੀ ਡਾਕਟਰ ਵੱਲੋਂ ਆਪਰੇਸ਼ਨ ਸਬੰਧੀ ਕਿਸੇ ਵੀ ਤੱਥ ਜਾਂ ਪਹਿਲੂ ਨੂੰ ਛੁਪਾਉਣਾ, ਤੋੜ-ਮਰੋੜ ਕੇ ਪੇਸ਼ ਕਰਨਾ, ਇਸ ਤੋਂ ਹੋਣ ਵਾਲੀਆ ਸਮੱਸਿਆਵਾਂ ਜਾਂ ਫਾਇਦੇ ਨੁਕਸਾਨ ਨਾ ਦੱਸਣਾ, ਕਾਨੂੰਨੀ ਗੁਨਾਹ ਹੈ। ਹਰ ਬਿਮਾਰੀ ਦਾ ਇਲਾਜ ਸਪੈਸ਼ਲਿਸਟ ਡਾਕਟਰ ਵੱਲੋਂ



ਹੋਣਾ ਲਾਜ਼ਮੀ ਬਣਦਾ ਹੈ। ਇਹ ਵਾਤਾਵਰਣ ਇਕੱਲੀ ਉਰਲ ਅਤੇ ਮੈਕਜਿਲੋ ਫੈਸ਼ੀਅਲ ਸਰਜਰੀ ਹੀ ਨਹੀਂ ਬਾਕੀ ਸਾਰੀਆਂ ਸਪੈਸ਼ਲਿਟੀਆਂ ਦੇ ਵਿਕਾਸ ਵਿਚ ਬਹੁਤ ਸਹਾਈ ਹੋਵੇਗਾ। ਇਹ ਵਾਤਾਵਰਣ ਇਕੱਲੀ ਓਰਲ ਅਤੇ ਮੈਕਜਿਲੇਫੇਸ਼ੀਅਲ ਸਰਜਰੀ ਹੀ ਨਹੀਂ ਬਾਕੀ ਦੂਰੀਆਂ ਸਪੈਸ਼ਲਿਟੀਆਂ ਦੇ ਵਿਕਾਸ ਲਈ ਵੀ ਬਹੁਤ ਅਨੁਕੂਲ ਹੋਵੇਗਾ।

-ਪ੍ਰਦੀਪ ਸ਼ਰਮਾ

ਕੌਮੀ ਪਤ੍ਰਿਕਾ

## ਸੰਪਾਦਕੀ

### ਨਿਊਯਾਰਕ ਦਾ ਪੰਜਾਬੀ ਮੂਲ ਦਾ ਮੇਅਰ ਜ਼ੋਹਰਾਨ ਮਮਦਾਨੀ

ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਨਿਊਯਾਰਕ ਦੇ ਨਵੇਂ ਮੇਅਰ ਜ਼ੋਹਰਾਨ ਮਮਦਾਨੀ ਨੇ ਚੋਣਾਂ ਵਿੱਚ ਡੈਮੋਕਰੇਟਿਕ ਪਾਰਟੀ ਦੇ ਵਿਰੋਧੀ ਉਮੀਦਵਾਰ ਐਂਡਰਿਊ ਕੁਓਮੋ ਨੂੰ ਹਰਾਇਆ। ਐਂਡਰਿਊ ਕਿਊਮੋ ਨਿਊਯਾਰਕ ਸਟੇਟ ਦਾ ਗਵਰਨਰ ਵੀ ਰਿਹਾ ਸੀ। ਜ਼ੋਹਰਾਨ ਮਮਦਾਨੀ ਨੇ ਰਿਪਬਲਿਕਨ ਉਮੀਦਵਾਰ ਕੁਓਮੋ ਵੱਲੋਂ ਚੋਣਾਂ ਵਿੱਚ ਵਰਤੇ ਹਰ ਹਰਬੇ ਨੂੰ ਨਾਕਾਮ ਕਰਕੇ ਡੋਨਲਡ ਟਰੰਪ ਵੱਲੋਂ ਸਿੱਧੇ ਵਿਰੋਧ ਅਤੇ ਧਮਕੀਆਂ ਦੀ ਪਰਵਾਹ ਨਾ ਕਰਦਿਆਂ ਮੇਅਰ ਦੀ ਚੋਣ ਵਿੱਚ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਮਮਦਾਨੀ ਨੇ ਮਹਾਨਗਰ ਦੇ ਲੋਕ ਮੁੱਦਿਆਂ ਨੂੰ ਉਭਾਰਦੇ ਹੋਏ ਸਾਰੇ ਵਰਗਾਂ ਦਾ ਸਾਥ ਪ੍ਰਾਪਤ ਕੀਤਾ। ਨਿਊਯਾਰਕ ਮਹਾਨਗਰ ਵਿਸ਼ਵ ਦੇ ਬ੍ਰਹਿਮੰਡੀ ਕਿਰਦਾਰ ਦਾ ਪ੍ਰਤੀਕ ਹੈ। ਇੱਥੇ ਇੱਕ ਕਰੋੜ ਦੀ ਵਸੋਂ ਵਿੱਚ 35 ਫ਼ੀਸਦੀ ਗੋਰੇ, ਸਿਆਹਫਾਮ 22.7 ਫ਼ੀਸਦੀ, ਏਸ਼ਿਆਈ 15 ਫ਼ੀਸਦੀ, ਲਾਤੀਨੀ ਅਮਰੀਕੀ 18 ਫ਼ੀਸਦੀ, ਮਿਸ਼ਰਤ 10 ਫ਼ੀਸਦੀ ਅਤੇ ਮਹਿਜ਼ 1 ਫ਼ੀਸਦੀ ਮੂਲ ਅਮਰੀਕੀ ਹਨ। ਚਾਰ ਸੌ ਸਾਲ ਪੁਰਾਣਾ ਸ਼ਹਿਰ ਨਿਊਯਾਰਕ ਹੁਣ ਦੁਨੀਆ ਦੀ ਵਿੱਤੀ ਰਾਜਧਾਨੀ ਹੈ। ਵਿਸ਼ਵ ਪੱਧਰ ਦਾ ਕੋਈ ਅਜਿਹਾ ਕਾਰੋਬਾਰ ਨਹੀਂ ਜਿਸ ਦਾ ਦਫ਼ਤਰ ਇੱਥੇ ਨਹੀਂ ਹੈ। ਵਾਸ਼ਿੰਗਟਨ ਡੀ ਸੀ, ਅਮਰੀਕਾ ਦੀ ਕੈਪੀਟਲ ਸਿਟੀ ਬਣਨ ਤੋਂ ਪਹਿਲਾਂ ਕਈ ਵਰ੍ਹੇ ਨਿਊਯਾਰਕ ਰਾਜਧਾਨੀ ਵੀ ਰਿਹਾ ਹੈ। ਐਟਲਾਂਟਿਕ ਮਹਾਸਾਗਰ ਤੇ ਖ਼ੂਬਸੂਰਤ ਬੰਦਰਗਾਹ ਵਾਲਾ ਇਹ ਸ਼ਹਿਰ ਸੈਲਾਨੀਆਂ ਲਈ ਹਮੇਸ਼ਾ ਖਿੱਚ ਦਾ ਕੇਂਦਰ ਰਿਹਾ ਹੈ। ਕਈ ਵਰ੍ਹਿਆਂ ਤੋਂ ਮੈਨਹਟਨ ਵਿੱਚ ਰਹਿੰਦੇ ਪੁੱਤਰ ਕੋਲ ਜਾਂਦਿਆਂ ਨਿਊਯਾਰਕ ਦਾ ਸੈਂਟਰਲ ਪਾਰਕ ਸਾਡੀ ਮਨਭਾਉਂਦੀ ਸੈਰਗਾਹ ਰਿਹਾ ਹੈ। ਕਈ ਮੀਲਾਂ ਵਿੱਚ ਫੈਲੇ ਇਸ ਪਾਰਕ ਵਿੱਚ ਤੁਰਦਿਆਂ ਟਾਈਮ ਸਕੁਏਅਰ ਪਹੁੰਚਦਿਆਂ ਸਮੇਂ ਦਾ ਪਤਾ ਹੀ ਨਹੀਂ ਲਗਦਾ। ਜ਼ੋਹਰਾਨ ਮਮਦਾਨੀ ਦਾ ਜਨਮ 18 ਅਕਤੂਬਰ 1991 ਨੂੰ ਯੁਗਾਂਡਾ ਵਿੱਚ ਹੋਇਆ ਪਰ ਉਸ ਦੀਆਂ ਜੜ੍ਹਾਂ ਭਾਰਤ (ਪੰਜਾਬ) ਵਿੱਚ ਹਨ। ਉਸ ਦੀ ਮਾਂ ਮੀਰਾ ਨਾਇਰ ਦਾ ਪੰਜਾਬੀ ਪਿਤਾ ਅੰਮ੍ਰਿਤ ਲਾਲ ਨਈਅਰ ਆਈਏਐੱਸ ਅਧਿਕਾਰੀ ਵਜੋਂ ਉੜੀਸਾ ਵਿੱਚ ਤਾਇਨਾਤ ਸੀ ਜਦੋਂਕਿ ਮੀਰਾ ਦੀ ਮਾਂ ਪ੍ਰਵੀਨ ਨਈਅਰ ਸਮਾਜ ਸੇਵਕ ਵਜੋਂ ਵਿਚਰਦੀ ਸੀ। ਮੀਰਾ ਦੀ ਆਪਣੀ ਪੜ੍ਹਾਈ ਸ਼ਿਮਲਾ, ਦਿੱਲੀ ਯੂਨੀਵਰਸਿਟੀ ਅਤੇ ਹਾਰਵਰਡ ਤੋਂ ਹੋਈ ਹੈ। ਸਾਲ 1988 ਵਿੱਚ 'ਸਲਾਮ ਬੌਂਬੇ' ਫਿਲਮ ਦੀ ਨਿਰਮਾਤਾ ਵਜੋਂ ਉਸ ਦੀ ਪਛਾਣ ਫਿਲਮ ਜਗਤ ਵਿੱਚ ਬਣੀ। ਉਸ ਮਗਰੋਂ ਮਿਸੀਸਿਪੀ ਮਸਾਲਾ, ਮੌਨਸੂਨ ਵੈਡਿੰਗ ਅਤੇ ਉਸ ਦੀਆਂ ਕਈ ਫਿਲਮਾਂ ਦੀ ਭਰਪੂਰ ਤਾਰੀਫ਼ ਹੋਈ। ਭਾਰਤ 'ਚ ਪਦਮ ਭੂਸ਼ਣ ਅਤੇ ਫਿਲਮ ਜਗਤ ਦੇ ਕਈ ਇਨਾਮਾਂ ਨਾਲ ਉਸ ਨੂੰ ਸਨਮਾਨਿਤ ਕੀਤਾ ਗਿਆ। ਮੀਰਾ ਨਈਅਰ ਅੱਜਕੱਲ੍ਹ ਕੋਲੰਬੀਆ ਯੂਨੀਵਰਸਿਟੀ ਵਿੱਚ ਅਧਿਆਪਕ ਹੈ। ਜ਼ੋਹਰਾਨ ਮਮਦਾਨੀ ਇਸ ਚੋਣ ਤੋਂ ਪਹਿਲਾਂ ਸਾਲ 2021 ਵਿੱਚ ਨਿਊਯਾਰਕ ਦੇ ਕੁਈਨਜ਼ ਅਸਟੋਰੀਆ ਹਲਕੇ ਤੋਂ ਸੂਬੇ ਦੀ ਅਸੈਂਬਲੀ ਲਈ ਚੁਣਿਆ ਗਿਆ ਸੀ। ਇਹ ਅਸੈਂਬਲੀ ਹਲਕਾ ਨਿਊਯਾਰਕ ਦੇ ਵੱਡੇ ਖੇਤਰਾਂ ਵਿੱਚੋਂ ਇੱਕ ਹੈ। ਆਪਣੇ ਵੱਖਰੇ ਰਾਜਨੀਤਕ ਅੰਦਾਜ਼ ਅਤੇ ਖ਼ੂਬਸੂਰਤ ਪਹਿਚਾਣ ਕਰਕੇ ਉਹ ਜਲਦੀ ਆਪਣੀ ਡੈਮੋਕਰੈਟਿਕ ਪਾਰਟੀ ਦੀਆਂ ਸਫ਼ਾਂ ਵਿੱਚ ਅੱਗੇ ਆ ਗਿਆ। ਸਾਲ 2024 ਵਿੱਚ ਨਿਊਯਾਰਕ ਦੇ ਮੇਅਰ ਲਈ ਮੁੱਢਲੀ ਉਮੀਦਵਾਰੀ ਦੀ ਪ੍ਰੀਖਿਆ ਵਿੱਚ ਉਸ ਨੇ ਐਂਡਰਿਊ ਕਿਊਮੋ ਵਰਗੇ ਧੁਨੰਤਰ ਦੀ ਪੁੱਠੀ ਛਾਲ ਲਵਾ ਦਿੱਤੀ ਅਤੇ ਮੇਅਰ ਲਈ ਉਮੀਦਵਾਰ ਬਣ ਕੇ ਰਿਪਬਲਿਕਨਾਂ ਲਈ ਵੱਡੀ ਚੁਣੌਤੀ ਬਣ ਗਿਆ। ਡੋਨਲਡ ਟਰੰਪ ਅਤੇ ਉਸ ਦੀ ਪਾਰਟੀ ਨੇ ਮਮਦਾਨੀ ਨੂੰ ਹਰਾਉਣ ਲਈ ਉਸ ਦੇ ਪਿਛੋਕੜ ਅਤੇ ਉਸ ਨੂੰ ਕਮਿਊਨਿਸਟ ਕਹਿਕੇ ਭੰਡਣ ਵਿੱਚ ਕੋਈ ਕਸਰ ਨਹੀਂ ਸੀ ਛੱਡੀ ਪਰ ਹੁਣ ਚੁਣੇ ਜਾਣ ਤੋਂ ਬਾਅਦ ਉਸ ਨੇ ਨਿਊਯਾਰਕ ਵਾਸੀਆਂ ਨੂੰ ਸੰਬੋਧਨ ਕਰਦਿਆਂ ਆਪਣੀ ਜਿੱਤ ਨੂੰ ਨਵੀਂ ਸਵੇਰ ਦੇ ਉਦੈ ਹੋਣ ਨਾਲ ਤਸ਼ਬੀਹ ਦਿੱਤੀ ਹੈ। ਉਸ ਨੇ ਟਰੰਪ ਦੇ ਸਿਆਸੀ ਦਾਬੇ ਨੂੰ ਵੰਗਾਰਦਿਆਂ ਕਿਹਾ ਕਿ ਜਿਸ ਨਿਊਯਾਰਕ ਨੇ ਮਮਦਾਨੀ ਨੂੰ ਏਨਾ ਉਭਾਰਿਆ ਹੈ ਉਹੀ ਨਿਊਯਾਰਕ ਟਰੰਪ ਨੂੰ ਹਰਾਉਣ ਦੇ ਸਮਰੱਥ ਵੀ ਹੈ। ਨਿਊਯਾਰਕ ਬਹੁਤ ਮਹਿੰਗਾ ਸ਼ਹਿਰ ਹੈ। ਲੋਕ ਮੈਟਰੋ ਰੇਲ 'ਚ ਸਫ਼ਰ ਕਰਕੇ ਦੂਰ ਦੂਰ ਆਪਣੇ ਕੰਮਾਂ 'ਤੇ ਜਾਂਦੇ ਹਨ। ਘਰਾਂ ਦੇ ਮਹਿੰਗੇ ਕਿਰਾਏ, ਪਾਰਕਿੰਗ ਅਤੇ ਘਰਾਂ ਦੀਆਂ ਉੱਚੀਆਂ ਕੀਮਤਾਂ ਉਜਰਤਾਂ ਦਾ ਬਹੁਤਾ ਹਿੱਸਾ ਖਾ ਜਾਂਦੀਆਂ ਹਨ। ਮਮਦਾਨੀ ਨੇ ਕਾਰਪੋਰੇਟ 'ਤੇ ਵੱਡੇ ਟੈਕਸ ਲਾਉਣ, ਘੱਟੋ ਘੱਟ ਉਜਰਤਾਂ 30 ਡਾਲਰ ਪ੍ਰਤੀ ਘੰਟਾ ਕਰਨ, ਘਰਾਂ ਦੇ ਕਿਰਾਏ ਫਰੀਜ਼ ਕਰਨ, ਫਰੀ ਸਿਟੀ ਬੱਸਾਂ ਅਤੇ ਪਬਲਿਕ ਚਾਈਲਡ ਕੇਅਰ ਮਜ਼ਬੂਤ ਕਰਨ ਦੇ ਮੁੱਦਿਆਂ ਨੂੰ ਫੋਕਸ ਕਰਕੇ ਜਨਤਕ ਹਮਾਇਤ ਹਾਸਲ ਕੀਤੀ ਹੈ। ਜ਼ੋਹਰਾਨ ਮਮਦਾਨੀ ਐਨੀ ਛੋਟੀ ਉਮਰ 'ਚ ਭਾਰਤੀ ਮੂਲ ਦਾ ਪਹਿਲਾ ਨਿਊਯਾਰਕ ਮੇਅਰ ਬਣੇਗਾ। ਪਿਛਲੇ ਵਰ੍ਹੇ ਹੀ ਉਸ ਦੀ ਸ਼ਾਦੀ ਰਮਾ ਦੁਵਾਜੀ ਨਾਲ ਹੋਈ ਹੈ। ਨੌਜਵਾਨ ਰਮਾ ਅਮਰੀਕਨ ਮੀਡੀਆ 'ਚ ਇੱਕ ਐਨੀਮੇਟਰ, ਇਲੱਸਟਰੇਟਰ ਵਜੋਂ ਕੰਮ ਕਰਦੀ ਹੈ। ਮੇਅਰ ਜ਼ੋਹਰਾਨ ਮਮਦਾਨੀ ਦੇ ਨਿਊਯਾਰਕ ਦਾ ਮੇਅਰ ਬਣਨ ਨਾਲ ਅਮਰੀਕਾ ਦੀ ਪਰਵਾਸੀਆਂ ਦੇ ਉਲਟ ਚਲ ਰਹੀ ਰਾਜਨੀਤੀ ਨੂੰ ਪਹਿਲਾ ਮੋੜਾ ਪਿਆ ਹੈ।

### ਰਾਹੁਲ ਗਾਂਧੀ ਦੇ ਦੋਸ਼

ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਤੋਂ ਇੱਕ ਦਿਨ ਪਹਿਲਾਂ, ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਲੋਕਾਂ ਦਾ ਧਿਆਨ 2024 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵੱਲ ਖਿੱਚਿਆ ਹੈ, ਜਿਸ ਵਿੱਚ ਉਨ੍ਹਾਂ ਦੀ ਪਾਰਟੀ ਨੂੰ ਸੱਤਾਧਾਰੀ ਭਾਜਪਾ ਹੱਥੋਂ ਹੈਰਾਨੀਜਨਕ ਹਾਰ ਮਿਲੀ ਸੀ। ਮਤਦਾਤਾ ਸੂਚੀ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਰਾਹੁਲ ਵੱਲੋਂ ਇਹ ਦਾਅਵਾ ਕੀਤਾ ਗਿਆ ਕਿ ਲਗਭਗ 25 ਲੱਖ ਐਂਟਰੀਆਂ ਜਾਅਲੀ ਸਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਦੋਸ਼ ਲਾਇਆ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਇਸ ਨਾਲ ਮਿਲੀਭੁਗਤ ਕੀਤੀ। 'ਵੋਟ ਚੋਰੀ' ਬਾਰੇ ਇਹ ਰਾਹੁਲ ਦਾ ਹੁਣ ਤੱਕ ਦਾ ਸਭ ਤੋਂ ਗੰਭੀਰ ਦੋਸ਼ ਹੈ, ਜਿਸ ਨੂੰ ਸ਼ਾਇਦ ਉਨ੍ਹਾਂ ਦਾ ਕਥਿਤ 'ਹਾਈਡ੍ਰੋਜਨ ਬੰਬ' ਵੀ ਕਿਹਾ ਜਾ ਰਿਹਾ ਹੈ ਅਤੇ ਭਾਰਤੀ ਚੋਣ ਕਮਿਸ਼ਨ 'ਤੇ ਵੀ ਉਨ੍ਹਾਂ ਦਾ ਸਭ ਤੋਂ ਤਕੜਾ ਹਮਲਾ ਹੈ। ਇਸ ਸਾਲ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਕਰਨਾਟਕ ਦੇ ਮਹਾਦੇਵਪੁਰਾ ਅਤੇ ਆਲੰਦ ਵਿਧਾਨ ਸਭਾ ਹਲਕਿਆਂ ਵਿੱਚ ਵੀ ਅਜਿਹਾ ਹੇਰ-ਫੇਰ ਹੋਇਆ ਸੀ।

ਅਗਸਤ ਵਿੱਚ ਉਨ੍ਹਾਂ ਦੀ ਦੋ ਹਫ਼ਤਿਆਂ ਦੀ 'ਵੋਟਰ ਅਧਿਕਾਰ ਯਾਤਰਾ' ਦਾ ਉਦੇਸ਼ ਬਿਹਾਰ ਦੇ ਵੋਟਰਾਂ ਨੂੰ ਵਿਸ਼ੇਸ਼ ਗੰਭੀਰ ਸੁਧਾਈ (ਐੱਸਆਈਆਰ) ਰਾਹੀਂ ਭਾਜਪਾ ਅਤੇ ਚੋਣ ਕਮਿਸ਼ਨ ਵੱਲੋਂ ਕਥਿਤ ਵੋਟਾਂ ਚੋਰੀ ਕਰਨ ਦੀ ਕੋਸ਼ਿਸ਼ ਬਾਰੇ ਸੁਚੇਤ ਕਰਨਾ ਸੀ। ?ਹਰਿਆਣਾ ਵਿੱਚ ਹਰ ਅੱਠ ਵੋਟਰਾਂ ਵਿੱਚੋਂ ਇੱਕ ਦੇ ਜਾਅਲੀ ਹੋਣ ਦਾ ਰਾਹੁਲ ਦਾ ਦਾਅਵਾ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰਦਾ ਹੈ, ਪਰ ਬੇਸ਼ੱਕ ਇਹ ਇੱਕ ਗੰਭੀਰ ਦੋਸ਼ ਹੈ ਜਿਸ ਦੀ ਮੁਕੰਮਲ ਜਾਂਚ ਦੀ ਲੋੜ ਹੈ। ਉਨ੍ਹਾਂ ਨੇ ਹਰਿਆਣਾ ਦੇ ਰਾਏ ਹਲਕੇ ਦੀ ਵੋਟਰ ਸੂਚੀ ਸਾਂਝੀ ਕਰਕੇ ਆਪਣੀ ਗੱਲ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿੱਥੇ ਇੱਕ ਬ੍ਰਾਜ਼ੀਲਿਆਈ ਮਾਡਲ ਦੀ ਤਸਵੀਰ 10 ਬੂਥਾਂ ਵਿੱਚ 22 ਵਾਰ ਵਰਤੀ ਗਈ ਸੀ, ਜਿਨ੍ਹਾਂ ਵਿੱਚ ਸੀਮਾ, ਸਵੀਟੀ ਅਤੇ ਸਰਸਵਤੀ ਵਰਗੇ ਨਾਮ ਸਨ। ਇਹ ਦਰਸਾਉਂਦਾ ਹੈ ਕਿ ਕੁਝ ਹੇਰਾਫੇਰੀ ਤਾਂ ਹੋਈ ਹੈ; ਸਵਾਲ ਇਹ ਹੈ ਕਿ ਕੀ ਇਹ ਛੋਟੇ ਪੱਧਰ 'ਤੇ ਸੀ ਜਾਂ ਵੱਡੇ ਪੱਧਰ 'ਤੇ। ?ਚੋਣ ਕਮਿਸ਼ਨ ਦੇ ਅਧਿਕਾਰੀ ਹੈਰਾਨ ਹਨ ਕਿ ਕਾਂਗਰਸ ਦੇ ਬੂਥ ਪੱਧਰ ਦੇ ਏਜੰਟਾਂ ਨੇ ਪਿਛਲੇ ਸਾਲ ਅਕਤੂਬਰ ਵਿੱਚ ਚੋਣਾਂ ਸਮੇਂ ਇਨ੍ਹਾਂ ਬੇਨਿਯਮੀਆਂ ਨੂੰ ਕਿਉਂ ਨਹੀਂ ਉਜਾਗਰ ਕੀਤਾ। ਇਹ ਇੱਕ ਵਾਜਬ ਨੁਕਤਾ ਹੈ, ਪਰ ਇਸ ਨਾਲ ਭਾਰਤ ਦੇ ਚੋਣ ਕਮਿਸ਼ਨ ਅਤੇ ਰਾਜ ਚੋਣ ਦਫ਼ਤਰ ਨੂੰ ਕਲੀਨ ਚਿੱਟ ਨਹੀਂ ਮਿਲ ਜਾਂਦੀ। ਅਧਿਕਾਰੀਆਂ ਨੂੰ 'ਹੁਣ ਕਿਉਂ' ਦੇ ਸਵਾਲ 'ਤੇ ਜ਼ੋਰ ਦੇਣ ਦੀ ਬਜਾਏ ਠੋਸ ਸਬੂਤਾਂ ਨਾਲ ਰਾਹੁਲ ਦੇ ਦੋਸ਼ਾਂ ਦਾ ਜਵਾਬ ਦੇਣਾ ਚਾਹੀਦਾ ਹੈ। ਚੋਣ ਪ੍ਰਕਿਰਿਆ ਦੀ ਪਵਿੱਤਰਤਾ ਦੇ ਨਾਲ-ਨਾਲ ਭਾਰਤੀ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਵੀ ਦਾਅ ਉਤੇ ਹੈ। ਖਾਸ ਤੌਰ 'ਤੇ ਦੇਸ਼ ਵਿਆਪੀ ਸੁਧਾਈ (ਐੱਸਆਈਆਰ) ਦੇ ਐਲਾਨ ਦੇ ਮੱਦੇਨਜ਼ਰ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ।

## ਜਨਰਲ ਅਬਜ਼ਰਵਰ, ਪੁਲਿਸ ਅਬਜ਼ਰਵਰ ਤੇ ਖ਼ਰਚਾ ਅਬਜ਼ਰਵਰ ਵੱਲੋਂ ਨੋਡਲ ਅਫਸਰਾਂ ਨਾਲ ਮੀਟਿੰਗ



ਤਰਨ ਤਾਰਨ, 9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਮਨੀ ਚੋਣ ਤਰਨ ਤਾਰਨ-2025 ਲਈ ਮਾਣਯੋਗ ਭਾਰਤ ਚੋਣ ਕਮਿਸ਼ਨ ਵੱਲੋਂ ਨਿਯੁਕਤ ਕੀਤੇ ਗਏ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ, ਆਈ.ਏ.ਐੱਸ, ਪੁਲਿਸ ਅਬਜ਼ਰਵਰ ਸ੍ਰੀਮਤੀ ਸ਼ਾਇਨੀ ਐੱਸ., ਆਈ.ਪੀ.ਐੱਸ. ਤੇ ਖ਼ਰਚਾ ਅਬਜ਼ਰਵਰ ਸ਼੍ਰੀ ਮਨਜ਼ੁਰੁਲ ਹਸਨ, ਆਈ.ਆਰ.ਏ.ਐੱਸ. ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਜ਼ਿਮਨੀ ਚੋਣ ਲਈ ਗਠਿਤ ਵੱਖ-ਵੱਖ ਟੀਮਾਂ ਦੇ ਨੋਡਲ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ., ਐੱਸ.ਐੱਸ.ਪੀ. ਡਾ. ਰਵਜੋਤ ਕੌਰ ਗਰੇਵਾਲ, ਰਿਟਰਨਿੰਗ ਅਫ਼ਸਰ-ਕਮ-ਐੱਸ.ਡੀ.ਐੱਮ. ਸ੍ਰੀ ਗੁਰਮੀਤ ਸਿੰਘ, ਸਹਾਇਕ ਕਮਿਸ਼ਨਰ ਸ. ਕਰਨਵੀਰ ਸਿੰਘ, ਡਾ. ਅਮਨਦੀਪ ਸਿੰਘ, ਚੋਣ ਤਹਿਸੀਲਦਾਰ ਅਰਮਿੰਦਰਪਾਲ ਸਿੰਘ ਸਮੇਤ ਵੱਖ-ਵੱਖ ਅਧਿਕਾਰੀ ਮੌਜੂਦ ਸਨ।

ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਅਬਜ਼ਰਵਰ ਸਾਹਿਬਾਨ ਨਾਲ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਚੋਣ ਸਬੰਧੀ ਕੀਤੇ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਵੋਟਰਾਂ ਦੀ ਕੁੱਲ ਗਿਣਤੀ 1,92,838 ਹੈ। ਇਸ ਵਿੱਚ 1,00,933 ਪੁਰਸ਼ ਵੋਟਰ, 91,897 ਮਹਿਲਾ ਵੋਟਰ ਅਤੇ 8 ਤੀਜੇ ਲਿੰਗ ਦੇ ਵੋਟਰ ਸ਼ਾਮਲ ਹਨ। ਇਸ ਤੋਂ ਇਲਾਵਾ ਕੁੱਲ ਸਰਵਿਸ ਵੋਟਰ 1,357, ਜਦਕਿ 85 ਸਾਲ ਦੀ ਉਮਰ ਤੋਂ ਵੱਧ ਵਾਲੇ ਕੁੱਲ ਵੋਟਰਾਂ ਦੀ ਗਿਣਤੀ 1,657 ਹੈ। ਉੱਥੇ ਹੀ ਕੁੱਲ ਐਨ.ਆਰ.ਆਈ ਵੋਟਰ 306 ਅਤੇ ਦਿਵਿਆਂਗ ਵੋਟਰਾਂ ਦੀ ਕੁੱਲ ਗਿਣਤੀ 1,488 ਹੈ।

ਇਸ ਦੇ ਨਾਲ ਹੀ 18 ਤੋਂ 19 ਸਾਲ ਦੀ ਉਮਰ ਵਾਲੇ ਵੋਟਰਾਂ ਦੀ ਕੁੱਲ ਗਿਣਤੀ 3,333 ਹੈ। ਉਨ੍ਹਾਂ ਅੱਗੇ ਦੱਸਿਆ ਕਿ 114 ਪੋਲਿੰਗ ਸਟੇਸ਼ਨ ਸਥਾਨਾਂ ▾ਤੇ ਪੋਲਿੰਗ ਸਟੇਸ਼ਨਾਂ ਦੀ ਗਿਣਤੀ 222 (ਸ਼ਹਿਰੀ: 60 ਅਤੇ ਪੇਂਡੂ: 162) ਹੈ। ਉਨ੍ਹਾਂ ਦੱਸਿਆ ਕਿ 11 ਨਵੰਬਰ ਨੂੰ ਸਵੇਰੇ 7:00 ਵਜੇ ਤੋਂ ਸ਼ਾਮ 6:00 ਵਜੇ ਤੱਕ ਵੋਟਾਂ ਪੈਣਗੀਆਂ।

ਜ਼ਿਲ੍ਹਾ ਚੋਣ ਅਧਿਕਾਰੀ ਨੇ ਕਿਹਾ ਕਿ ਵੋਟਾਂ ਪੂਰੀ ਤਰ੍ਹਾਂ ਅਮਨ-ਸ਼ਾਂਤੀ ਅਤੇ ਅਜ਼ਾਦਦਾਨਾਂ ਮਹੌਲ ਵਿੱਚ ਨੇਪਰੇ ਚਾੜੀਆਂ ਜਾਣਗੀਆਂ, ਇਸ ਲਈ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਪ ਚੋਣ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ 9 ਫ਼ਲਾਇੰਗ ਸੁਕੈਅਡ ਟੀਮਾਂ, 9 ਸਟੇਟਿਕਸ ਸਰਵੀਲੈਂਸ ਟੀਮਾਂ ਬਣਾਈਆਂ ਗਈਆਂ ਹਨ ਜੋ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 6 ਅੰਤਰ ਜ਼ਿਲ੍ਹਾ ਨਾਕੇ ਲਗਾਏ ਗਏ ਹਨ ਅਤੇ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ 10 ਨਾਕੇ ਸੈਕੰਡ ਡਿਫੈਂਸ ਲਾਈਨ ਵਜੋਂ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਅਰਧ ਸੈਨਿਕ ਬਲਾਂ ਦੀ 8 ਟੁੱਕੜੀਆਂ ਤਾਇਨਾਤ ਕੀਤੀਆਂ ਗਈਆਂ ਹਨ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਰਾਹੁਲ ਨੇ ਕਿਹਾ ਕਿ ਪੋਲਿੰਗ ਬੂਥਾਂ, ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿੱਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਈ ਗਈ ਹੈ। ਇਸ ਤੋਂ ਇਲਾਵਾ ਪੋਲਿੰਗ ਬੂਥਾਂ ▾ਤੇ ਵੋਟਰਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵ੍ਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੀਸੀਟੀਵੀ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬ ਕਾਸਟਿੰਗ ਯਕੀਨੀ ਬਣਾਈ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਸਮੂਹ ਸੈਕਟਰਾਂ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ 9 ਨਵੰਬਰ ਤੱਕ ਹਲਕੇ ਦੇ ਸਾਰੇ ਪੋਲਿੰਗ ਬੂਥਾਂ ਦਾ ਨਿੱਜੀ ਤੌਰ ▾ਤੇ ਦੌਰਾ ਕਰ ਲੈਣ ਅਤੇ ਓਥੇ ਲੋੜੀਂਦੀਆਂ ਸਾਰੀਆਂ ਸਹੂਲਤਾਂ ਨੂੰ ਸਮਾਂ ਰਹਿੰਦੇ ਯਕੀਨੀ ਬਣਾ ਲੈਣ।

ਉਨ੍ਹਾਂ ਕਿਹਾ ਕਿ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਲਈ ਜ਼ਿਲ੍ਹਾ ਪੱਧਰ ▾ਤੇ ਇੱਕ ਸ਼ਿਕਾਇਤ ਸੈੱਲ ਗਠਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀ-ਵਿਜ਼ਿਲ ਐਪ ਉੱਪਰ ਵੀ ਚੋਣ ਜ਼ਾਬਤੇ ਦੀ ਉਲੰਘਣਾਂ ਸਬੰਧੀ ਆ ਰਹੀਆਂ ਸ਼ਿਕਾਇਤਾਂ ਉੱਪਰ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਮੌਕੇ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ ਨੇ ਸਾਰੇ ਨੋਡਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ ਮਾਣਯੋਗ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਫਲਾਇੰਗ ਸਕੁਐਡ, ਸਟੈਟਿਕ ਸਰਵੇਲੈਂਸ ਟੀਮਾਂ ਪੂਰੀ ਤਰ੍ਹਾਂ ਚੌਕਸੀ ਵਰਤਣ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸ਼ਰਾਬ ਅਤੇ ਨਕਦੀ ਦੀ ਵਰਤੋਂ ਨੂੰ ਰੋਕਣ ਲਈ ਸ਼ਰਾਬ ਦੇ ਉਤਪਾਦਨ/ਸ਼ਰਾਬ ਦੇ ਠੇਕਿਆਂ 'ਤੇ ਨਿਗਰਾਨੀ ਰੱਖਣ ਦੇ ਨਾਲ-ਨਾਲ ਵਾਹਨਾਂ ਦੀ ਚੈਕਿੰਗ ਖ਼ਾਸ ਕਰ ਅੰਤਰ-ਜ਼ਿਲ੍ਹਾ ਨਾਕਿਆਂ 'ਤੇ ਯਕੀਨੀ ਬਣਾਈ ਜਾਵੇ।

ਇਸ ਮੌਕੇ ਪੁਲਿਸ ਅਬਜ਼ਰਵਰ ਸ੍ਰੀਮਤੀ ਸ੍ਰੀਮਤੀ ਸ਼ਾਇਨੀ ਐੱਸ. ਨੇ ਵੀ ਪੁਲਿਸ ਅਧਿਕਾਰੀਆਂ ਨੂੰ ਚੋਣਾਂ ਦੌਰਾਨ ਪੂਰੀ ਚੌਕਸੀ ਵਰਤਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਵੋਟਰ ਪੂਰੀ ਅਜ਼ਾਦੀ ਨਾਲ ਬਿਨ੍ਹਾਂ ਕਿਸੇ ਡਰ-ਭੈਅ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰੇ।

ਇਸ ਮੌਕੇ ਖ਼ਰਚਾ ਆਬਜ਼ਰਵਰ, ਸ਼੍ਰੀ ਮਨਜ਼ੁਰੁਲ ਹਸਨ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰ ਨੂੰ 40 ਲੱਖ ਰੁਪਏ ਤੱਕ ਚੋਣ ਖ਼ਰਚਾ ਕਰਨ ਦੀ ਇਜਾਜਤ ਦਿੱਤੀ ਗਈ ਹੈ ਅਤੇ ਖ਼ਰਚਾ ਸੈੱਲ ਵੱਲੋਂ ਉਮੀਦਵਾਰਾਂ ਦੇ ਸਮੁੱਚੇ ਚੋਣ ਖ਼ਰਚੇ ਉੱਪਰ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

## ਐੱਸ.ਡੀ.ਐੱਮ ਬਟਾਲਾ ਵਲੋਂ ਸੱਤ ਰੋਜ਼ਾ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ




ਬਟਾਲਾ,9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਦੇ ਖੇਤਰ ਦੀ ਨਾਮਵਰ ਸੰਸਥਾ ਸੈਂਟਰਲ ਕਾਲਜ ਫਾਰ ਵੂਮੈਨ ਘੁਮਾਣ (ਬਰਿਆਰ) ਜ਼ਿਲ੍ਹਾ ਗੁਰਦਾਸਪੁਰ ਵਿਖੇ ਸੱਤ ਰੋਜ਼ਾ ਪੁਸਤਕ ਪ੍ਰਦਰਸ਼ਨੀ ਜਿਲਾ ਭਾਸ਼ਾ ਦਫਤਰ ਗੁਰਦਾਸਪੁਰ ਵੱਲੋਂ ਲਗਾਈ ਗਈ ਅਤੇ ਇਸਦਾ ਮੁੱਖ ਮੰਤਵ ਹੈ ਬੱਚਿਆਂ ਨੂੰ ਪੜ੍ਹਨ ਲਈ ਜਾਗਰੂਕ ਕਰਨਾ ਅਤੇ ਮੋਬਾਇਲ ਨਾਲੋਂ ਤੋੜ ਕੇ ਬੱਚਿਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨਾ ਹੈ ਅਤੇ ਇਸ ਸਬੰਧੀ ਇਸ ਸੰਸਥਾ ਅਤੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੇ ਬੜਾ ਸਲਾਹੁਣਯੋਗ ਵੱਡਾ ਉਪਰਾਲਾ ਕੀਤਾ ਕਿ ਜ਼ਿਲ੍ਹਾ ਭਾਸ਼ਾ ਦਫਤਰ ਗੁਰਦਾਸਪੁਰ ਨੂੰ 7 ਰੋਜ਼ਾ ਪੁਸਤਕ ਪ੍ਰਦਰਸ਼ਨੀ ਦਾ ਅਵਸਰ ਪ੍ਰਦਾਨ ਕਰਦਿਆਂ ਬੱਚਿਆਂ ਨੂੰ ਪੁਸਤਕਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ।

ਇਸ ਕੜੀ ਦੇ ਤਹਿਤ ਪਹਿਲੇ ਦਿਨ ਲੱਗੀ ਪ੍ਰਦਰਸ਼ਨੀ ਉਸਦਾ ਜਿਹੜਾ ਉਦਘਾਟਨ ਐੱਸ.ਡੀ.ਐੱਮ. ਸ਼੍ਰੀ ਵਿਕਰਮਜੀਤ ਸਿੰਘ ਪਾਂਥੇ ਵੱਲੋਂ ਕੀਤਾ ਗਿਆ। ਇਸ ਲਈ ਇਸ ਪੁਸਤਕ ਪ੍ਰਦਰਸ਼ਨੀ ਵਿੱਚ ਜ਼ਿਲ੍ਹਾ ਭਾਸ਼ਾ ਦਫਤਰ ਪਠਾਨਕੋਟ ਦੇ ਖੋਜ ਅਫਸਰ ਡਾਕਟਰ ਰਜੇਸ਼ ਕੁਮਾਰ, ਜਿਲਾ ਭਾਸ਼ਾ ਦਫ਼ਤਰ ਗੁਰਦਾਸਪੁਰ ਦੇ ਜੂਨੀਅਰ ਸਹਾਇਕ ਸ੍ਰੀ ਸ਼ਾਮ ਸਿੰਘ ਅਤੇ ਮਨਦੀਪ ਸਿੰਘ ਅਤੇ ਕਾਲਜ ਦਾ ਸਟਾਫ ਸਾਰਾ ਮੌਜੂਦ ਸੀ।

ਇਸ ਮੌਕੇ ਪ੍ਰਿੰਸੀਪਲ ਮੈਡਮ ਸਤਵਿੰਦਰ ਪੰਨੂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਸ਼ਮੂਲੀਅਤ ਕਰਵਾਈ ਗਈ ਅਤੇ ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਬਹੁਤ ਦਿਲਚਸਪੀ ਲਈ ਅਤੇ ਆਪਣੀ ਮਨ ਪਸੰਦ ਦੀਆਂ ਕਿਤਾਬਾਂ ਖਰੀਦੀਆਂ। ਹਰ ਤਰ੍ਹਾਂ ਦੀ ਅਤੇ ਹਰ ਵਿਧਾ ਦੀ ਕਿਤਾਬ ਨੂੰ ਪ੍ਰਦਰਸ਼ਨੀ ਵੇਖਣ ਵਾਲਿਆਂ ਨੇ ਬਹੁਤ ਸਰਾਹਿਆ।

## ਸ੍ਰੀ ਗੁਰੂ ਨਾਨਕ ਸਾਹਿਬ ਦੇ ਪੁਰਖਿਆਂ ਦਾ ਪਿੰਡ 'ਪੱਠੇਵਿੰਡ ਪੁਰ'

ਤਰਨ ਤਾਰਨ, 9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਤਰਨ ਤਾਰਨ ਦੇ ਪਿੰਡ 'ਲੋਹਾਰ' ਦੇ ਰਕਬੇ ਵਿੱਚ ਉੱਤਰ ਵੱਲ ਅਤੇ ਪਿੰਡ 'ਜਾਮਾਰਾਏ' ਤੋਂ ਡੇਢ ਮੀਲ ਦੇ ਕਰੀਬ ਪੱਛਮ ਵੱਲ ਸ੍ਰੀ ਨਾਨਕ ਸਾਹਿਬ ਦਾ ਪਾਵਨ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਪੱਠੇਵਿੰਡ ਪੁਰ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਪੁਰਖੇ ਇਸ ਪਿੰਡ ਪੱਠੇਵਿੰਡ ਪੁਰ ਦੇ ਵਸਨੀਕ ਸਨ। ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਦਾ ਜਨਮ ਵੀ ਇਸੇ ਪਿੰਡ ਵਿੱਚ ਹੋਇਆ ਸੀ ਅਤੇ ਗੁਰੂ ਨਾਨਕ ਸਾਹਿਬ ਵੀ ਆਪਣੇ ਪੁਰਖਿਆਂ ਦੇ ਪਿੰਡ ਵਿੱਚ ਆਏ ਸਨ।

ਭਾਈ ਕਾਹਨ ਸਿੰਘ ਨਾਭਾ ਆਪਣੇ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ ਪਹਿਲਾਂ ਇਸ ਪਿੰਡ ਦਾ ਨਾਉਂ 'ਪੱਠੇਵਿੰਡ' ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਇੱਥੋਂ ਦੇ ਵਸਨੀਕ ਸਨ ਅਤੇ ਰਾਇ-ਭੋਇ ਦੀ ਤਲਵੰਡੀ ਵਿਖੇ ਮੁਲਾਜ਼ਮਤ ਹੋਣ ਕਰਕੇ ਰਹਿੰਦੇ ਸਨ।

ਕਹਿੰਦੇ ਹਨ ਕਿ ਰਾਇ ਭੋਇ, ਜਾਮਾਰਾਇ ਪਿੰਡ (ਜ਼ਿਲ੍ਹਾ ਤਰਨ ਤਾਰਨ ਦਾ ਪਿੰਡ) ਦਾ ਹਿੰਦੂ ਰਜਵਾੜਾ ਸੀ ਜਿਸਨੂੰ ਮੁਸਲਿਮ ਧਰਮ ਅਪਨਾਉਣ ਤੇ ਲੋਧੀਆਂ ਨੇ ਕਾਲੀ ਬਾਰ ਵਿਚ 40,000 ਏਕੜ ਜ਼ਮੀਨ ਅਲਾਟ ਕੀਤੀ ਸੀ, ਜਿਸ ਉਪਰ ਉਸਨੇ ਤਲਵੰਡੀ ਰਾਇ ਭੋਇ ਵਸਾਈ। ਜ਼ਮੀਨ ਦੇ ਬੰਦੋਬਸਤ ਲਈ ਉਹ ਅਪਣੇ ਲਾਗਲੇ ਪਿੰਡ ਪੱਠੇਵਿੰਡ (ਲੋਹਾਰ) ਤੋਂ ਗੁਰੂ ਨਾਨਕ ਸਾਹਿਬ ਦੇ ਦਾਦਾ ਸ਼ਿਵ ਰਾਮ ਜੀ ਨੂੰ ਨਾਲ ਲੈ ਗਿਆ, ਜਿਸ ਨੇ ਸਾਰੇ ਪਿੰਡ ਦੀ ਜ਼ਮੀਨ ਦਾ ਪ੍ਰਬੰਧ ਬਖ਼ੂਬੀ ਕੀਤਾ। ਅਗੋਂ ਰਾਇ ਭੋਇ ਦੇ ਪੁੱਤਰ ਰਾਏ ਬੁਲਾਰ ਨੇ ਵੀ ਸ਼ਿਵ ਰਾਮ ਦੇ ਪੁੱਤਰ ਮਹਿਤਾ ਕਲਿਆਣ ਦਾਸ ਨੂੰ ਜ਼ਮੀਨੀ ਪ੍ਰਬੰਧ ਦੀ ਜ਼ਿਮੇਵਾਰੀ ਸੌਂਪੀ ਜੋ ਉਹ ਤਨਦੇਹੀ ਨਾਲ ਨਿਭਾ ਰਿਹਾ ਸੀ ਤੇ ਦੋਹਾਂ ਪਰਿਵਾਰਾਂ ਵਿਚ ਇਕ ਡੂੰਘੀ ਸਾਂਝ ਪੈ ਗਈ।




ਰਾਇ ਭੋਇ ਕੀ ਤਲਵੰਡੀ ਵਿਖੇ ਸੰਨ 1469 ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਵਤਾਰ ਧਾਰਿਆ ਅਤੇ ਨਾਨਕ ਸਾਹਿਬ ਦੇ ਆਉਣ ਨਾਲ ਇਸ ਨਗਰ ਦਾ ਨਾਲ ਤਲਵੰਡੀ ਰਾਇ-ਭੋਇ ਤੋਂ ਨਨਕਾਣਾ ਸਾਹਿਬ ਹੋ ਗਿਆ। ਨਾਨਕ ਤੇ ਨਨਕਾਣਾ ਰੂਹਾਨੀਅਤ ਦੇ ਕੇਂਦਰ ਬਣ ਗਏ। 1947 ਦੀ ਵੰਡ ਨੇ ਸਿੱਖਾਂ ਕੋਲੋਂ ਉਨ੍ਹਾਂ ਦਾ ਸਭ ਤੋਂ ਪਿਆਰਾ ਮਰਕਜ਼ੀ ਸਥਾਨ ਸ੍ਰੀ ਨਨਕਾਣਾ ਸਾਹਿਬ ਵਿਛੋੜ ਦਿੱਤਾ ਗਿਆ ਅਤੇ ਅੱਜ ਵੀ ਹਰ ਸਿੱਖ ਰੋਜ਼ਾਨਾਂ ਅਰਦਾਸ ਵਿੱਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਹੋਰ ਵਿੱਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਾਂ ਦੀ ਮੰਗ ਕਰਦਾ ਹੈ।

ਖੈਰ ਵਾਪਸ ਗੱਲ ਸ੍ਰੀ ਗੁਰੂ ਨਾਨਕ ਸਾਹਿਬ ਦੇ ਪੁਰਖਿਆਂ ਦੇ ਪਿੰਡ ਪੱਠੇਵਿੰਡ ਪੁਰ ਦੀ ਕਰਦੇ ਹਾਂ। ਗੁਰੂ ਕਾਲ ਦੌਰਾਨ ਇਹ ਪਿੰਡ ਉੱਜੜ ਗਿਆ ਸੀ ਅਤੇ ਇੱਥੇ ਸਿਰਫ ਇੱਕ ਉੱਚਾ ਥੇਹ ਅਤੇ ਪੁਰਾਤਨ ਖੂਹ ਹੀ ਰਹਿ ਗਏ ਸਨ। ਸਮਾਂ ਬੀਤਿਆ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗੁਰੂ ਨਾਨਕ ਸਾਹਿਬ ਦੇ ਪੁਰਖਿਆਂ ਦੇ ਪਿੰਡ ਆਏ। ਉਨ੍ਹਾਂ ਨੇ ਇਸ ਪਿੰਡ ਵਿੱਚ ਗੁਰੂ ਸਾਹਿਬ ਦੇ ਪੁਰਖਿਆਂ ਦੇ ਘਰ ਦੀ ਨਿਸ਼ਾਨਦੇਹੀ ਕਰਕੇ ਉਥੇ ਧਰਮਸਾਲ ਬਾਧ ਦਿੱਤੀ, ਜੋ ਬਾਅਦ ਵਿੱਚ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਨਾਮ ਨਾਲ ਜਾਣੀ ਜਾਣ ਲੱਗੀ। ਇੱਥੇ ਹੀ ਇੱਕ ਪੁਰਾਤਨ ਖੂਹ ਅੱਜ ਵੀ ਮੌਜੂਦ ਹੈ ਜੋ ਮੰਨਿਆ ਜਾਂਦਾ ਹੈ ਕਿ ਕਿ ਗੁਰੂ ਸਾਹਿਬ ਦੇ ਪੁਰਖਿਆਂ ਦਾ ਸੀ।

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਕਾਰ ਸੇਵਾ ਬਾਬਾ ਗੁਰਮੁੱਖ ਸਿੰਘ ਰਾਹੀਂ ਸੰਨ 1947 ਵਿੱਚ ਸ਼ੁਰੂ ਹੋਈ। ਇਸ ਸਮੇਂ ਵੀ ਬਾਬਾ ਲੱਖਾ ਸਿੰਘ ਕੋਟਾ ਵਾਲਿਆਂ ਵੱਲੋਂ ਕਾਰ ਸੇਵਾ ਜਾਰੀ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਲੋਕਲ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ।

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਪੱਠੇਵਿੰਡ ਪੁਰ (ਲੋਹਾਰ) ਦੇ ਮੁੱਖ ਸੇਵਾਦਾਰ ਭਾਈ ਨਿਰਮਲ ਸਿੰਘ ਦੱਸਦੇ ਹਨ ਕਿ ਗੁਰਦੁਆਰਾ ਸਾਹਿਬ ਵਿੱਚ ਹਰ ਸਾਲ 1 ਕੱਤਕ ਨੂੰ ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਲਿਆਣ ਦਾਸ ਜੀ ਦਾ ਜਨਮ ਦਿਹਾੜਾ ਸੰਗਤਾਂ ਵੱਲੋਂ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੂਰ-ਦੁਰਾਡੇ ਦੀਆਂ ਸੰਗਤਾਂ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਨੂੰ ਆਉਂਦੀਆਂ ਹਨ।ਭਾਂਵੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਰਾਇ-ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ ਸੀ ਪਰ ਜ਼ਿਲ੍ਹਾ ਤਰਨ ਤਾਰਨ ਦਾ ਪਿੰਡ ਪੱਠੇਵਿੰਡ ਪੁਰ (ਲੋਹਾਰ) ਗੁਰੂ ਸਾਹਿਬ ਦੇ ਪੁਰਖਿਆਂ ਦਾ ਜੱਦੀ ਪਿੰਡ ਹੋਣ ਕਾਰਨ ਬਹੁਤ ਖਾਸ ਹੈ। ਜ਼ਿਲ੍ਹਾ ਤਰਨ ਤਾਰਨ ਜਿੱਥੇ ਆਪਣੀ ਧਾਰਮਿਕ ਅਤੇ ਇਤਿਹਾਸਕ ਵਿਰਾਸਤ ਲਈ ਪ੍ਰਸਿੱਧ ਹੈ ਓਥੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਪੁਰਖਿਆਂ ਦਾ ਜੱਦੀ ਪਿੰਡ ਵੀ ਇਸ ਜ਼ਿਲ੍ਹੇ ਵਿੱਚ ਹੋਣਾ ਇਸ ਨੂੰ ਹੋਰ ਵੀ ਖਾਸ ਬਣਾ ਦਿੰਦਾ ਹੈ।

## ਵੱਖ-ਵੱਖ ਉਮੀਦਵਾਰ ਤੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦੇ ਵੀ ਪੂਰੀ ਪ੍ਰੀਕ੍ਰਿਆ ਦੌਰਾਨ ਹਾਜ਼ਰ ਰਹ



ਤਰਨ ਤਾਰਨ, 9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਵਿਚ ਵਰਤੀਆਂ ਜਾਣ ਵਾਲੀਆਂ ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ) ਦੀ ਕਮਿਸ਼ਨਿੰਗ ਅੱਜ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ, ਆਈ.ਏ.ਐੱਸ. ਦੀ ਹਾਜ਼ਰੀ ਵਿੱਚ ਮੁਕੰਮਲ ਹੋ ਗਈ। ਇਸ ਮੌਕੇ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੇ ਰਿਟਰਨਿੰਗ ਅਫ਼ਸਰ ਸ੍ਰੀ ਗੁਰਮੀਤ ਸਿੰਘ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।ਈ.ਵੀ.ਐੱਮ. ਦੀ ਕਮਿਸ਼ਨਿੰਗ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਸ੍ਰੀ ਗੁਰਮੀਤ ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਤਰਨ ਤਾਰਨ ਵਿਚ ਕੁੱਲ 222 ਪੋਲਿੰਗ ਸਟੇਸ਼ਨ ਹਨ ਅਤੇ ਹਲਕੇ ਦੇ ਪੋਲਿੰਗ ਬੂਥਾਂ ਦੀ ਗਿਣਤੀ ਤੋਂ 120 ਫ਼ੀਸਦੀ ਬੈਲਟ ਯੂਨਿਟ (ਬੀਯੂ) ਅਤੇ ਕੰਟਰੋਲ ਯੂਨਿਟ (ਸੀਯੂ) ਅਤੇ 130 ਫ਼ੀਸਦੀ ਵੀਵੀਪੈਟ ਮਸ਼ੀਨਾਂ ਦਿੱਤੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਕੋਲ ਕਿਸੇ ਮਸ਼ੀਨ ਦੇ ਖ਼ਰਾਬ ਹੋਣ 'ਤੇ ਰਾਖਵਾਂ ਕੋਟਾ ਮੌਜੂਦ ਹੋਵੇ। ਉਨ੍ਹਾਂ ਕਿਹਾ ਕਿ ਅੱਜ ਲਗਾਤਾਰ ਦੂਸਰੇ ਦਿਨ ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ ਦੀ ਕਮਿਸ਼ਨਿੰਗ ਦੌਰਾਨ ਈ.ਵੀ.ਐੱਮ ਨੂੰ ਪੋਲਿੰਗ ਬੂਥ ਅਲਾਟ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨਿੰਗ ਮੁਕੰਮਲ ਹੋਣ ਤੋਂ ਬਾਅਦ ਸਾਰੀਆਂ ਈ.ਵੀ.ਐੱਮ. ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਤਹਿਤ ਸਟਰਾਂਗ ਰੂਮ ਵਿੱਚ ਰੱਖ ਦਿੱਤਾ ਗਿਆ ਹੈ। ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ 11 ਨਵੰਬਰ ਨੂੰ ਤਰਨ ਤਾਰਨ ਉਪ ਚੋਣ ਲਈ ਵੋਟਾਂ ਪੈਣਗੀਆਂ ਜਦਕਿ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

## ਜਿਲਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਆਦਰਸ਼ ਸਕੂਲ ਲੋਧੀਪੁਰ ਦੇ ਲੜਕਿਆਂ ਦੀ ਟੀਮ ਨੇ ਪ੍ਰਾਪਤ ਕੀਤਾ ਗੋਲਡ



ਸ੍ਰੀ ਆਨੰਦਪੁਰ ਸਾਹਿਬ,9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਕਾਬਲੇਬਾਜ਼ੀ ਦੇ ਇਸ ਯੁੱਗ ਵਿੱਚ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਦਾ ਇਕਲੌਤਾ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਧੀਪੁਰ ਇਲਾਕੇ ਦੇ ਬੱਚਿਆਂ ਦੀ ਵਿਦਿਅਕ ਮਿਆਰੀ ਉੱਚਾਈ ਅਤੇ ਸਹਿ ਵਿਦਿਅਕ ਗਤੀਵਿਧੀਆਂ ਰਾਹੀਂ ਵਿਲੱਖਣ ਪਹਿਚਾਣ ਬਣਾ ਰਿਹਾ ਹੈ।

ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਹੋਈਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਆਦਰਸ਼ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਟੇਟ ਪੱਧਰੀ ਖੇਡਾਂ ਲਈ ਚੋਣ ਪ੍ਰਾਪਤ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਆਪਕ ਗਗਨ ਕੁਮਾਰ, ਸੁਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਵਰੁਣ ਕੁਮਾਰ, ਕਵਲਜੀਤ ਸਿੰਘ ਅਤੇ ਅਮਰਜੀਤ ਸਿੰਘ ਸੈਦਪੁਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਹੋਏ ਹਾਕੀ ਲੜਕਿਆਂ ਦੇ ਮੁਕਾਬਲਿਆਂ ਵਿੱਚ ਆਦਰਸ਼ ਸਕੂਲ ਦੀ ਟੀਮ ਨੇ ਸ਼ਾਨਦਾਰ ਖੇਡ ਕੌਸ਼ਲ ਦਿਖਾਉਂਦਿਆਂ ਬਲਾਕ ਸੋਲੋਰਾ ਦੀ ਟੀਮ ਨੂੰ 7-0 ਦੇ ਵੱਡੇ ਅੰਤਰ ਨਾਲ ਹਰਾ ਕੇ ਰੂਪਨਗਰ ਜਿਹਦੇ ਵਿੱਚ ਗੋਲਡ ਮੈਡਲ ਹਾਸਿਲ ਕੀਤਾ ਹੈ ਅਤੇ ਸਟੇਟ ਪੱਧਰ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ।

ਇੱਕ ਹੋਰ ਜ਼ਿਲ੍ਹਾ ਪੱਧਰੀ ਮਾਰਸ਼ਲ ਅਕੈਡਮੀ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਹੋਏ ਐਥਲੈਟਿਕਸ ਮੁਕਾਬਲਿਆਂ ਵਿੱਚ ਸਕੂਲ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਸੰਜਨਾ ਦੀਪ ਕੌਰ ਨੇ 100 ਮੀਟਰ ਦੌੜ ਵਿੱਚ ਤੀਜਾ ਸਥਾਨ ਅਤੇ 200 ਮੀਟਰ ਦੌੜ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਸਟੇਟ ਪੱਧਰੀ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ।

ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਇੰਚਾਰਜ ਚਰਨਜੀਤ ਸਿੰਘ ਨੇ ਸਕੂਲ ਦੇ ਹਾਕੀ ਵਿੰਗ ਦੇ ਕੋਚ ਕਮਲਪ੍ਰੀਤ ਸਿੰਘ ਵਧਾਈ ਦਿੰਦਿਆਂ ਬੱਚਿਆਂ ਨੂੰ ਖੇਡਾਂ ਨਾਲ ਜੁੜੇ ਰਹਿਣ ਦਾ ਸੁਨੇਹਾ ਦਿੱਤਾ ਅਤੇ ਉਨ੍ਹਾਂ ਨੂੰ ਅੱਗੇ ਵੀ ਮਿਹਨਤ ਨਾਲ ਪ੍ਰਦਰਸ਼ਨ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਸਮੂਹ ਸਟਾਫ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਇਸ ਮੌਕੇ ਲੈਕ.ਬਲਕਾਰ ਸਿੰਘ , ਲੈਕ ਬਲਜੀਤ ਕੌਰ ,ਲੈਕ ਮੁਕੇਸ਼ ਕੁਮਾਰ, ਲੈਕ ਗੁਰਚਰਨ ਸਿੰਘ, ਲੈਕ ਸੋਹਨ ਸਿੰਘ ਚਾਹਲ, ਲੈਕ ਪਵਨ ਕੁਮਾਰ ,ਲੈਕ ਰਜਨੀਸ਼ ਕੁਮਾਰ, ਤਪਿੰਦਰ ਕੌਰ ,ਹਰਸਿਮਰਨ ਸਿੰਘ, ਗੁਰਪ੍ਰੀਤ ਕੌਰ ,ਅਜਵਿੰਦਰ ਕੌਰ, ਕਮਲਜੀਤ ਕੌਰ, ਰੋਮਿਲ, ਸੁਰਿੰਦਰ ਪਾਲ ਸਿੰਘ, ਕਮਲਪ੍ਰੀਤ ਸਿੰਘ, ਪ੍ਰਦੀਪ ਕੌਰ, ਸੰਦੀਪਾ ਰਾਣੀ ,ਦੀਪ ਸ਼ਿਖਾ, ਲਖਵੀਰ ਕੌਰ , ਨਿਰਮਲ ਕੌਰ, ਨੇਹਾ ਰਾਣੀ, ਦਵਿੰਦਰ ਕੌਰ ,ਰੀਨਾ ਰਾਣੀ, ਗੁਰਪ੍ਰੀਤ ਸਿੰਘ, ਜਸਵੀਰ ਕੌਰ, ਕੁਲਜਿੰਦਰ ਕੌਰ ,ਸੁਖਵਿੰਦਰ ਕੌਰ ਜਸਪ੍ਰੀਤ ਕੌਰ,ਰਾਜਵੀਰ ਕੌਰ , ਪਿੰਕੀ ਰਾਣੀ,ਰਣਵੀਰ ਸਿੰਘ , ਸ. ਨਿਰਮਲ ਸਿੰਘ ,ਸ. ਗੁਰਮੇਲ ਸਿੰਘ, ਕੰਵਲਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਗਗਨ ਕੁਮਾਰ, ਸੁਰਜੀਤ ਸਿੰਘ, ਵਰੁਣ ਕੁਮਾਰ, ਆਦਰਸ਼ ਕੁਮਾਰ, ਹਰਜੋਤ ਸਿੰਘ, ਰਮਾ ਕੁਮਾਰੀ, ਸ਼ਰਨਜੀਤ ਕੌਰ, ਰਜਨੀ, ਸੋਨੀਆ, ਗੁਰਪ੍ਰੀਤ ਕੌਰ, ਸੀਮਾ ਦੇਵੀ, ਜਸਵਿੰਦਰ ਕੌਰ, ਮਨੀਤਾ ਰਾਣੀ, ਸ਼ਰਨਜੀਤ ਕੌਰ, ਰਮਾ, ਗੁਰਪ੍ਰੀਤ ਕੌਰ ,ਅਜਵਿੰਦਰ ਕੌਰ, ਕਮਲਜੀਤ ਕੌਰ,ਜਸਵਿੰਦਰ ਕੌਰ , ਆਦਰਸ਼ ਕੁਮਾਰ, ਹਰਜੋਤ ਸਿੰਘ,ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

## ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਦੇਸ਼ ਵਿਦੇਸ਼ ਤੋਂ ਨਤਮਸਤਕ ਹੋਵੇਗੀ ਸੰਗਤ- ਹਰਜੋਤ ਬੈਂਸ

ਸ੍ਰੀ ਆਨੰਦਪੁਰ ਸਾਹਿਬ,9 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸਦੀਵੀ ਵਿਰਾਸਤ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ, ਸੱਚ ਦੇ ਰਾਹ 'ਤੇ ਚੱਲਣ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਸੰਦੇਸ਼ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।

ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਵਿਰਾਸਤ ਏ ਖਾਲਸਾ ਦੇ ਆਡੋਟੋਰੀਅਮ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਕਿਸੇ ਇੱਕ ਧਰਮ ਜਾਂ ਫ਼ਿਰਕੇ ਲਈ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਮੌਲਿਕ ਅਧਿਕਾਰਾਂ ਅਤੇ ਸਨਮਾਨ ਲਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਪੰਜਾਬ ਅਤੇ ਦੇਸ਼ ਦੇ ਹਰ ਕੋਨੇ ਤੱਕ ਜਾਣਕਾਰੀ ਪਹੁੰਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਤੇ ਸੇਧ ਲੈ ਸਕਣ।

ਵਿਆਪਕ ਅਤੇ ਵੱਖੋ-ਵੱਖ ਯਾਦਗਾਰੀ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਸ.ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ 4 ਨਵੰਬਰ ਨੂੰ ਸੂਬੇ ਭਰ ਵਿੱਚ ਸ਼ੁਰੂ ਹੋ ਗਏ ਹਨ। ਇਨ੍ਹਾਂ ਸਮਾਗਮਾਂ ਨੂੰ ਅਜਿਹੇ ਤਰੀਕੇ ਨਾਲ ਉਲੀਕਿਆ ਗਿਆ ਹੈ ਕਿ ਹਰ ਉਮਰ ਵਰਗ ਖ਼ਾਸ ਤੌਰ 'ਤੇ ਨੌਜਵਾਨ ਅਤੇ ਵਿਦਿਆਰਥੀ ਇਨ੍ਹਾਂ ਦਾ ਹਿੱਸਾ ਬਣ ਸਕਣ। ਉਨ੍ਹਾਂ ਦੱਸਿਆ ਕਿ 10 ਨਵੰਬਰ ਤੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ 15-ਦਿਨਾਂ ਦਾ ਲਾਜ਼ਮੀ ਵਿਦਿਅਕ ਪਾਠਕ੍ਰਮ ਸ਼ੁਰੂ ਕੀਤਾ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਬੱਚਿਆਂ ਨੂੰ ਇਤਿਹਾਸ ਦੇ ਇਸ ਅਹਿਮ ਪੜਾਅ ਬਾਰੇ ਜਾਗਰੂਕ ਕਰਨਾ ਹੈ। ਇਸ ਤੋਂ ਇਲਾਵਾ ਸਾਰੀਆਂ ਯੂਨੀਵਰਸਿਟੀਆਂ, ਕਾਲਜਾਂ, ਆਈ.ਟੀ.ਆਈਜ਼ ਅਤੇ ਪੌਲੀਟੈਕਨਿਕ ਕਾਲਜਾਂ ਨੂੰ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਅਤੇ ਸਮਾਗਮ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।



ਉਨ੍ਹਾਂ ਕਿਹਾ ਕਿ ਸਾਰੇ ਜ਼ਿਲ੍ਹਿਆਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਨੂੰ ਉਜਾਗਰ ਕਰਦਾ ਇੱਕ ਵਿਸ਼ੇਸ਼ ਤੌਰ ▾ਤੇ ਤਿਆਰ ਕੀਤਾ ਗਿਆ 45 ਮਿੰਟ ਦਾ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ ਅਤੇ ਇਹ ਸ਼ੋਅ 4 ਨਵੰਬਰ ਨੂੰ ਪਟਿਆਲਾ, ਜਲੰਧਰ, ਫਤਿਹਗੜ੍ਹ ਸਾਹਿਬ ਅਤੇ ਪਠਾਨਕੋਟ ਤੋਂ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਸੂਬੇ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਇਹ ਸ਼ੋਅ ਕਰਵਾਇਆ ਜਾਵੇਗਾ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਇਹ ਸ਼ੋਅ 20 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਵਿਚ ਹੋਵੇਗਾ।

ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਜਾਏ ਜਾਣ ਵਾਲੇ ਚਾਰ ਨਗਰ ਕੀਰਤਨਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਇੱਕ ਨਗਰ ਕੀਰਤਨ 19 ਨਵੰਬਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਸ੍ਰੀਨਗਰ (ਜੰਮੂ ਅਤੇ ਕਸ਼ਮੀਰ) ਤੋਂ ਸਜਾਇਆ ਜਾਵੇਗਾ। ਇਸ ਨਗਰ ਕੀਰਤਨ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਸ੍ਰੀ ਉਮਰ ਅਬਦੁੱਲਾ, ਪੰਜਾਬ ਦੇ ਸਾਰੇ ਕੈਬਨਿਟ ਮੰਤਰੀ ਅਤੇ ਵਿਧਾਇਕ ਸ਼ਾਮਲ ਹੋਣਗੇ, ਜਦੋਂ ਕਿ ਬਾਕੀ ਤਿੰਨ ਨਗਰ ਕੀਰਤਨ ਫਰੀਦਕੋਟ, ਬਠਿੰਡਾ ਅਤੇ ਗੁਰਦਾਸਪੁਰ ਤੋਂ ਸਜਾਏ ਜਾਣਗੇ। ਚਾਰੇ ਨਗਰ ਕੀਰਤਨ 22 ਨਵੰਬਰ ਦੀ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣਗੇ। ਇਨ੍ਹਾਂ ਨਗਰ ਕੀਰਤਨਾਂ ਦੌਰਾਨ ਸਾਰੇ ਕੈਬਨਿਟ ਮੰਤਰੀ, ਵਿਧਾਇਕ ਅਤੇ ਅਧਿਕਾਰੀ ਨਿਮਾਣੇ ਸੇਵਕ ਵਜੋਂ ਸੇਵਾ ਨਿਭਾਉਣਗੇ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਵਸਾਈ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ 23 ਤੋਂ 25 ਨਵੰਬਰ ਤੱਕ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਜਾਣਗੇ। ਇਸ ਪਾਵਨ ਮੌਕੇ ਦੀ ਮਹੱਤਤਾ ▾ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਸਮਾਗਮਾਂ ਦੀ ਸ਼ੁਰੂਆਤ 23 ਨਵੰਬਰ ਨੂੰ ਅਖੰਡ ਪਾਠ ਸਾਹਿਬ ਦੇ ਨਾਲ ਹੋਵੇਗੀ, ਜਿਸ ਉਪਰੰਤ ਸਰਬ ਧਰਮ ਸੰਮੇਲਨ, ਵਿਰਾਸਤ-ਏ-ਖਾਲਸਾ ਵਿਖੇ ਇੱਕ ਪ੍ਰਦਰਸ਼ਨੀ, ਸ਼ਾਮ 5 ਵਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਕੁਰਬਾਨੀ ਨੂੰ ਦਰਸਾਉਂਦਾ ਆਪਣੀ ਕਿਸਮ ਦਾ ਪਹਿਲਾ ਡਰੋਨ ਸ਼ੋਅ ਅਤੇ ਸ਼ਾਮ 6 ਵਜੇ ਕੀਰਤਨ ਦਰਬਾਰ ਹੋਵੇਗਾ। ਦਿਨ ਦੀ ਸਮਾਪਤੀ ਸ਼ਹਾਦਤ ਦੀ ਲੋਅ÷ ਨਾਲ ਹੋਵੇਗੀ,ਜਿਸ ਤਹਿਤ ਮਸ਼ਾਲਾਂ ਜਗਾ ਕੇ ਪਵਿੱਤਰ ਸ਼ਹਿਰ ਨੂੰ ਰੌਸ਼ਨ ਕੀਤਾ ਜਾਵੇਗਾ। 24 ਨਵੰਬਰ ਨੂੰ ਨਗਰ ਕੀਰਤਨ 'ਸੀਸ ਭੇਟ' ਸ੍ਰੀ ਕੀਰਤਪੁਰ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਆਵੇਗਾ। ਪੰਜਾਬ ਵਿਧਾਨ ਸਭਾ ਵੱਲੋਂ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਵਿਸ਼ੇਸ਼ ਇਜਲਾਸ ਕਰਵਾਇਆ ਜਾਵੇਗਾ। ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲਣ ਵਾਲੇ ਇਸ ਸੈਸ਼ਨ ਵਿੱਚ ਨੌਵੇਂ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। 25 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ 9ਵੇਂ ਪਾਤਸ਼ਾਹ ਦੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਵੇਗਾ ।

ਉਨ੍ਹਾਂ ਅੱਗੇ ਦੱਸਿਆ ਕਿ ਵੱਖ-ਵੱਖ ਧਰਮਾਂ ਦੇ ਅਧਿਆਤਮਿਕ ਆਗੂਆਂ ਦੀ ਸ਼ਮੂਲੀਅਤ ਵਾਲਾ ਸਰਬ ਧਰਮ ਸੰਮੇਲਨ÷ ਵੀ ਕਰਵਾਇਆ ਜਾਵੇਗਾ। ਇਸ ਲਈ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ, ਸ੍ਰੀ ਸ੍ਰੀ ਰਵੀ ਸ਼ੰਕਰ ਅਤੇ ਸ੍ਰੀ ਲੋਕੇਸ਼ ਮੁਨੀ ਜੀ ਸਮੇਤ ਹੋਰ ਉੱਘੀਆਂ ਧਾਰਮਿਕ ਸ਼ਖ਼ਸੀਅਤਾਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਏਕਤਾ ਅਤੇ ਸਦਭਾਵਨਾ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਉਜਾਗਰ ਲਈ ਸੱਦਾ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਸ਼ਹਾਦਤ ਨੂੰ ਦਰਸਾਉਂਦਾ 500 ਡਰੋਨਾਂ ਵਾਲਾ ਤਿੰਨ ਰੋਜ਼ਾ (23 ਤੋਂ 25 ਨਵੰਬਰ) ਡਰੋਨ ਸ਼ੋਅ ਕਰਵਾਇਆ ਜਾਵੇਗਾ। ਉੱਤਰੀ ਭਾਰਤ ਦਾ ਇਹ ਪਹਿਲਾ ਡਰੋਨ ਸ਼ੋਅ ਨੌਵੇਂ ਪਾਤਸ਼ਾਹ ਨੂੰ ਸੁਹਿਰਦ ਸ਼ਰਧਾਂਜਲੀ ਹੋਵੇਗੀ।

ਸ.ਹਰਜੋਤ ਸਿੰਘ ਬੈਂਸ ਨੇ ਦੱਸਿਆਤ ਕਿ ਇਨ੍ਹਾਂ ਸਮਾਗਮਾਂ ਵਿੱਚ ਦੁਨੀਆ ਭਰ ਵਿੱਚੋਂ ਲਗਭਗ 1 ਕਰੋੜ ਸੰਗਤ ਦੇ ਆਉਣ ਦੀ ਉਮੀਦ ਹੈ।

# ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ

**ਜਸਪ੍ਰੀਤ ਕੌਰ ਸੰਘਾ**

ਰਿਸ਼ਤਿਆਂ ਦੀ ਮਾਲ਼ਾ ਵਿਚ ਪਰੋਇਆ ਬਹੁਤ ਹੀ ਪਿਆਰਾ ਅਤੇ ਸੱਚਾ ਰਿਸ਼ਤਾ ਹੈ 'ਪਤੀ-ਪਤਨੀ ਦਾ'। ਇਹ ਦੋਨੋਂ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਇਨ੍ਹਾਂ ਦੀ ਆਪਸੀ ਸਮਝ ਹੀ ਗ੍ਰਹਿਸਥ ਜੀਵਨ ਨੂੰ ਸੁਖਾਲਾ ਬਣਾਉਂਦੀ ਹੈ। ਪਤੀ-ਪਤਨੀ ਦਾ ਰਿਸ਼ਤਾ ਪਿਆਰ, ਮਿਠਾਸ, ਵਿਸ਼ਵਾਸ ਅਤੇ ਨੋਕ-ਝੋਕ ਨਾਲ ਭਰਪੂਰ ਹੁੰਦਾ ਹੈ। ਬੁਢਾਪੇ ਵਿਚ ਜਦੋਂ ਹਰ ਰਿਸ਼ਤਾ ਸਾਥ ਛੱਡ ਜਾਂਦਾ ਹੈ ਤਾਂ ਪਤੀ-ਪਤਨੀ ਹੀ ਇਕ-ਦੂਜੇ ਦੇ ਬੁਢਾਪੇ ਦੀ ਲਾਠੀ ਬਣਦੇ ਹਨ।

ਗ੍ਰਹਿਸਥ ਜੀਵਨ ਦੀ ਅਧਾਰਸ਼ਿਲਾ ਹੀ ਪਤੀ-ਪਤਨੀ ਦਾ ਰਿਸ਼ਤਾ ਹੈ। ਦੋ ਅਨਜਾਣ ਰੂਹਾਂ ਜਦੋਂ ਵਿਆਹ ਦੇ ਪਵਿੱਤਰ ਰਿਸ਼ਤੇ ਵਿਚ ਬੱਝਦੀਆਂ ਹਨ ਤਾਂ ਇਕ ਨਵੀਂ ਦੁਨੀਆ ਦੀ ਸਿਰਜਨਾ ਹੁੰਦੀ ਹੈ। ਉਸ ਨਵੀਂ ਦੁਨੀਆ ਨੂੰ ਸਵਰਗ ਬਣਾਉਣਾ ਪਤੀ-ਪਤਨੀ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ। ਪਿਆਰ, ਆਪਸੀ ਸਮਝ, ਵਫ਼ਾਦਾਰੀ ਅਤੇ ਵਿਸ਼ਵਾਸ ਦੇ ਨਾਲ ਹੀ ਇਹ ਰਿਸ਼ਤਾ ਸਫ਼ਲ ਬਣਾਇਆ ਜਾ ਸਕਦਾ ਹੈ। ਪਤੀ-ਪਤਨੀ ਲਈ ਜ਼ਰੂਰੀ ਹੈ ਕਿ ਦੋਨੋਂ ਹੀ ਇਕ-ਦੂਜੇ ਦੀ ਸੋਚ ਦਾ ਸਤਿਕਾਰ ਕਰਨ। ਆਪਣੀ ਵੱਸੀ-ਵਸਾਈ ਦੁਨੀਆ ਛੱਡ ਔਰਤ ਪਤੀ ਦੇ ਘਰ ਪਰਿਵਾਰ ਨੂੰ ਅਪਣਾਉਂਦੀ ਹੈ। ਇਸ ਲਈ ਪਤੀ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਉਸ ਨੂੰ ਕਦੇ ਵੀ ਇਕੱਲੇਪਣ ਦਾ ਅਹਿਸਾਸ ਨਾ ਹੋਣ ਦੇਵੇ। ਰਿਸ਼ਤਿਆਂ ਨੂੰ ਸਮਝਣ ਤੇ ਨਿਭਾਉਣ ਵਿਚ ਉਸ ਨੂੰ ਪੂਰਾ ਸਹਿਯੋਗ ਦੇਵੇ। ਪਤਨੀ ਨੇ ਸਹੁਰੇ ਘਰ ਦੀ ਨਵੀਂ ਦੁਨੀਆ ਨੂੰ ਪਤੀ ਦੇ ਨਜ਼ਰੀਏ ਨਾਲ ਹੀ ਦੇਖਣਾ ਹੁੰਦਾ ਹੈ, ਇਸ ਲਈ ਪਤੀ ਨੂੰ ਚਾਹੀਦੈ ਕਿ ਉਹ ਪਤਨੀ ਅਤੇ ਪਰਿਵਾਰ ਵਿਚ ਤਾਲਮੇਲ ਬਣਾ ਕੇ ਰੱਖੇ। ਪਤਨੀ ਨੂੰ ਪੈਰ ਦੀ ਜੁੱਤੀ ਨਾ ਸਮਝ ਕੇ ਘਰ ਦਾ ਸ਼ਿੰਗਾਰ ਸਮਝਿਆ ਜਾਵੇ। ਹਰ ਔਰਤ ਨੂੰ ਹੀ ਪਤੀ ਦੇ ਸਾਥ ਦੀ ਜ਼ਰੂਰਤ ਹੁੰਦੀ ਹੈ ਪਰ ਜੇਕਰ ਔਰਤ ਨੌਕਰੀ ਪੇਸ਼ੇ ਵਾਲੀ ਹੋਵੇ ਤਾਂ ਪਤੀ ਦਾ ਸਾਥ ਉਸ ਲਈ ਹੋਰ ਵੀ ਜ਼ਰੂਰੀ ਹੋ ਜਾਂਦੈ।

ਇਸੇ ਤਰ੍ਹਾਂ ਪਤਨੀ ਦਾ ਵੀ ਫ਼ਰਜ਼ ਹੈ ਕਿ ਉਹ ਪਤੀ ਨਾਲ ਜੁੜੇ ਹਰ ਰਿਸ਼ਤੇ ਦਾ ਸਤਿਕਾਰ ਕਰੇ। ਪਤੀ ਦੇ ਮਾਂ-ਪਿਓ, ਭੈਣ-ਭਰਾਵਾਂ ਨੂੰ ਆਪਣਾ ਸਮਝੇ। ਸਹੁਰੇ ਘਰ ਨੂੰ ਆਪਣਾ ਘਰ ਸਮਝ ਕੇ ਸੰਭਾਲੇ। ਨਵੇਂ ਰਿਸ਼ਤਿਆਂ ਨਾਲ ਜੁੜੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਨਵ-ਵਿਆਹੀ ਲਈ ਸੌਖਾ ਨਹੀਂ ਹੁੰਦਾ, ਪਰ ਜੇਕਰ ਪਤੀ ਦਾ ਸਾਥ ਹੋਵੇ ਤਾਂ ਹਰ ਮੁਸ਼ਕਲ ਸਰ ਹੋ ਜਾਂਦੀ ਹੈ। ਪਤੀ-ਪਤਨੀ ਦੋਵਾਂ ਦਾ ਫ਼ਰਜ਼ ਬਣਦੈ ਕਿ ਇਕ-ਦੂਸਰੇ ਦੀਆਂ ਕਮੀਆਂ ਕੱਢਣ ਦੀ ਬਜਾਇ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਵਿਚ ਇਕ-ਦੂਸਰੇ ਦਾ ਸਹਿਯੋਗ ਕਰਨ।

ਪਤੀ-ਪਤਨੀ ਦੇ ਰਿਸ਼ਤੇ ਦੀ ਅਧਾਰਸ਼ਿਲਾ 'ਵਿਸ਼ਵਾਸ' ਹੁੰਦਾ ਹੈ। ਜੇਕਰ ਰਿਸ਼ਤੇ ਵਿਚ ਵਿਸ਼ਵਾਸ ਹੋਵੇ ਤਾਂ ਜ਼ਿੰਦਗੀ ਦੇ ਬਿਖਰੇ ਪੈਂਡਿਆਂ 'ਤੇ ਚੱਲਣਾ ਵੀ ਆਸਾਨ ਹੋ ਜਾਂਦਾ ਹੈ। ਇਸੇ ਤਰ੍ਹਾਂ 'ਸ਼ੱਕ' ਦੀ ਬਿਮਾਰੀ ਇਸ ਰਿਸ਼ਤੇ ਨੂੰ ਤਬਾਹ ਕਰ ਦਿੰਦੀ ਹੈ। ਕਈ ਵਾਰ ਬੇਵਜ੍ਹਾ ਸ਼ੱਕ ਕਾਰਨ ਹੱਸਦੇ-ਖੇਡਦੇ ਘਰ ਤਬਾਹ ਹੋ ਜਾਂਦੇ ਹਨ। ਪਤੀ-ਪਤਨੀ ਦੇ ਆਪਸੀ ਰਿਸ਼ਤੇ ਦਾ ਪ੍ਰਭਾਵ ਪਰਿਵਾਰਕ ਮਾਹੌਲ 'ਤੇ ਬਹੁਤ ਪੈਂਦਾ ਹੈ। ਜਿਸ ਘਰ ਵਿਚ ਪਤਨੀ ਨੂੰ ਪੂਰਾ ਸਤਿਕਾਰ ਮਿਲਦੈ, ਉਹ ਘਰ ਸਵਰਗ ਦੇ ਸਾਮਾਨ ਹੁੰਦੈ ਅਤੇ ਜਿੱਥੇ ਪਤਨੀ ਨਾਲ ਦੁਰਵਿਹਾਰ ਹੁੰਦੈ, ਦਾਜ ਦੀ ਖ਼ਾਤਰ ਜਲਾਇਆ ਜਾਂਦੈ, ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦੈ, ਉਹ ਘਰ ਨਰਕ ਤੋਂ ਘੱਟ ਨਹੀਂ।

ਅਸਲ ਵਿਚ ਘਰ ਨੂੰ ਸਵਰਗ ਤੇ ਨਰਕ ਬਣਾਉਣਾ ਪਤੀ-ਪਤਨੀ ਦੇ ਹੱਥ ਹੀ ਹੁੰਦੈ। ਜਿਸ ਰਿਸ਼ਤੇ ਵਿਚ ਪਿਆਰ, ਸਤਿਕਾਰ ਅਤੇ ਵਿਸ਼ਵਾਸ ਹੋਵੇ, ਓਹੀ ਰਿਸ਼ਤਾ ਆਖ਼ਰੀ ਸਾਹਾਂ ਤਕ ਨਿਭਦਾ ਹੈ ਪਰ ਅੱਜ ਇਸ ਰਿਸ਼ਤੇ ਵਿਚ ਪਿਆਰ ਤੇ ਵਿਸ਼ਵਾਸ ਨਾ ਹੋਣ ਕਰਕੇ ਹੀ 'ਤਲਾਕ' ਜਿਹੀ ਬੁਰਾਈ ਹੱਸਦੀਆਂ-ਖੇਡਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਰਹੀ ਹੈ। ਜੇਕਰ ਪਤੀ-ਪਤਨੀ ਦੋਵਾਂ ਵਿਚ ਹੀ ਗੱਲ ਕਹਿਣ ਦੇ ਨਾਲ-ਨਾਲ ਸਹਿਣ ਦੀ ਸ਼ਕਤੀ ਵੀ ਆ ਜਾਵੇ ਤਾਂ ਸਾਰੇ ਝਗੜੇ ਆਪਣੇ ਆਪ ਖ਼ਤਮ ਹੋ ਜਾਣ। ਅਸਲ ਵਿਚ ਸੰਜੋਗਾਂ ਨਾਲ ਜੁੜੇ ਇਸ ਖ਼ੂਬਸੂਰਤ ਰਿਸ਼ਤੇ ਨੂੰ ਸੰਭਾਲਣ ਅਤੇ ਖ਼ੂਬਸੂਰਤ ਮੁਕਾਮ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਪਤੀ-ਪਤਨੀ ਦੋਵਾਂ ਦੀ ਹੁੰਦੀ ਹੈ। ਪਿਆਰ ਅਤੇ ਵਫ਼ਾ ਦੇ ਰਸਤੇ 'ਤੇ ਚੱਲਦਿਆਂ ਹੀ ਇਹ ਰੂਹਾਂ ਦਾ ਰਿਸ਼ਤਾ ਆਪਣੇ ਅਸਲੀ ਮੁਕਾਮ ਤਕ ਪਹੁੰਚ ਜਾਂਦਾ ਹੈ। ਇਸੇ ਲਈ ਕਿਹਾ ਗਿਆ ਹੈ :

ਚਿੱਟੇ ਚੌਲ਼ ਜਿਨ੍ਹਾਂ ਨੇ ਪੁੰਨ ਕੀਤੇ,
ਰੱਬ ਨੇ ਬਣਾਈਆਂ ਜੋੜੀਆਂ।

• 99150-33176



# ਮਿੱਟੀ ਦੇ ਭਾਂਡੇ ਬਣਾਉਣ ਵਾਲੇ

**ਹਰਪ੍ਰੀਤ ਕੌਰ ਪਬਰੀ**

ਸਾਡੇ ਸਮਾਜ ਵਿਚ ਹਰ ਇਕ ਬਿਰਾਦਰੀ ਨੂੰ ਉਸ ਨਾਲ ਸਬੰਧਤ ਕੰਮ-ਧੰਦੇ ਮਿਲੇ ਹੋਏ ਹਨ। ਇਨ੍ਹਾਂ ਵਿੱਚੋਂ ਮਿੱਟੀ ਦੇ ਭਾਂਡੇ ਬਣਾਉਣ ਵਾਲੀ ਬਿਰਾਦਰੀ 'ਘੁਮਿਆਰਾਂ' ਦਾ ਵੀ ਸਮਾਜ ਵਿਚ ਅਹਿਮ ਰੋਲ ਹੈ। ਹਰ ਤਰ੍ਹਾਂ ਦੇ ਰਸਮ-ਰਿਵਾਜਾਂ ਲਈ ਇਨ੍ਹਾਂ ਦੁਆਰਾ ਬਣਾਏ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਾਲੀ ਮਿੱਟੀ ਦੀ ਵਰਤੋਂ ਕਰ ਕੇ ਆਪਣੀ ਕਲਾ-ਕ੍ਰਿਤੀ ਰਾਹੀਂ ਇਸ ਨੂੰ ਵੱਖ-ਵੱਖ ਭਾਂਡਿਆਂ ਦਾ ਰੂਪ ਦਿੰਦੇ ਹਨ। ਅੰਮ੍ਰਿਤਸਰ ਦੇ ਘੁਮਿਆਰਾਂ ਨੂੰ 'ਕੁਲਾਲ' ਅਤੇ 'ਕਲਾਲ' ਕਿਹਾ ਜਾਂਦਾ ਹੈ। ਇਨ੍ਹਾਂ ਲਈ ਇਹ ਸ਼ਬਦ 'ਯਜੁਰਵੇਦ' ਵਿਚ ਵਰਤਿਆ ਗਿਆ ਹੈ। 'ਘੁਮਿਆਰ' ਸ਼ਬਦ ਵੀ ਸੰਸਕ੍ਰਿਤ ਦੇ 'ਕੁੰਭਕਾਰ' ਤੋਂ ਆਇਆ ਹੈ, ਜਿਸ ਦਾ ਅਰਥ ਹੈ, 'ਮਿੱਟੀ ਦੇ ਭਾਂਡੇ ਬਣਾਉਣ ਵਾਲੇ' ਹੈ। ਦਰਾਵਿੜ ਭਾਸ਼ਾਵਾਂ ਵਿਚ ਵੀ ਇਸ ਦਾ ਇਹੀ ਭਾਵ ਲਿਆ ਜਾਂਦਾ ਹੈ।

ਇਨ੍ਹਾਂ ਨਾਲ ਬਹੁਤ ਸਾਰੀਆਂ ਮਿੱਥਾਂ ਵੀ ਜੁੜੀਆਂ ਹੋਈਆਂ ਹਨ। ਪੁਰਾਣਾਂ ਵਿਚ ਦਰਜ ਹੈ ਕਿ ਇਹ ਆਪਣੇ ਆਪ ਨੂੰ ਬ੍ਰਹਮ ਪੁੱਤਰ ਪਰਜਾਪਤੀ ਦਕਸ਼ ਦੀ ਔਲਾਦ ਮੰਨਦੇ ਹਨ। ਦਕਸ਼ ਯਜੁਰਵੇਦ ਦਾ ਬਹੁਤ ਵੱਡਾ ਵਿਦਵਾਨ ਸੀ। ਮਿਥਿਹਾਸ ਅਨੁਸਾਰ ਮਹਾਂਦੇਵ (ਸ਼ਿਵ ਜੀ) ਅਤੇ ਅੱਧੀ ਸ਼ਕਤੀ ਦੇ ਵਿਛੜਨ ਤੋਂ ਬਾਅਦ ਕਿਸੇ ਹੋਰ ਨੂੰ ਸ਼੍ਰਿਸਟੀ ਦਾ ਸੰਚਾਲਣ ਕਰਨ ਲਈ ਚੁਣਿਆ ਜਾਣਾ ਸੀ। ਇਸ ਲਈ ਬ੍ਰਹਮ ਦੇਵ ਅਤੇ ਨਰਾਇਣ (ਵਿਸ਼ਨੂੰ ਭਗਵਾਨ) ਨੇ ਕੁਝ ਸਵਾਲ ਕਰਨੇ ਸੀ, ਜੋ ਵੀ ਉਨ੍ਹਾਂ ਦਾ ਸਹੀ ਜਵਾਬ ਦੇ ਸਕਦਾ ਸੀ, ਉਹ ਪਰਜਾਪਤੀ ਦੇ ਅਹੁਦੇ ਨੂੰ ਪ੍ਰਾਪਤ ਕਰ ਸਕਦਾ ਸੀ। ਦਕਸ਼ ਨੇ ਸਾਰੇ ਸਵਾਲਾਂ ਦੇ ਸਹੀ ਜਵਾਬ ਦੇ ਦਿੱਤੇ ਅਤੇ ਉਸ ਨੂੰ ਪਰਜਾਪਤੀ ਬਣਾਇਆ ਗਿਆ। ਦਰਜਾ ਪ੍ਰਾਪਤ ਕਰਨ ਉਪਰੰਤ ਮਾਣ ਮਹਿਸੂਸ ਕਰਦਿਆਂ ਪਰਜਾਪਤੀ ਨੇ ਇਕ ਮਹਾਂ-ਯੱਗ ਦਾ ਆਯੋਜਨ ਕੀਤਾ। ਮਹਾਂਯੱਗ ਵਿਚ ਰਿਸ਼ੀ-ਮੁਨੀ, ਦੇਵਤੇ-ਬ੍ਰਾਹਮਣ ਆਦਿ ਸਭ ਸ਼ਾਮਲ ਹੋਏ। ਪਰਜਾਪਤੀ ਦਕਸ਼ ਦੇ ਆਉਣ 'ਤੇ ਬ੍ਰਹਮਾ ਅਤੇ ਸ਼ਿਵਜੀ ਤੋਂ ਬਿਨਾਂ ਸਾਰੇ ਉਸ ਦੇ ਸਵਾਗਤ ਲਈ ਖੜ੍ਹੇ ਹੋਏ। ਇਹ ਦੇਖ ਪਰਜਾਪਤੀ ਗੁੱਸੇ ਵਿਚ ਕਹਿਣ ਲੱਗੇ, 'ਇਹ ਸ਼ਿਵ ਮੇਰਾ ਜੁਆਈ ਹੈ ਪਰ ਇਹ ਨਹੀਂ ਜਾਣਦਾ ਕਿ ਮੇਰੀ ਇੱਜ਼ਤ ਕਿਵੇਂ ਕਰਨੀ ਹੈ? ਇਸ ਕਰਕੇ ਮੈਂ ਇਸ ਨੂੰ ਇਸ ਯੱਗ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਦੇਵਾਂਗਾ।' ਇਹ ਸੁਣ ਕੇ ਸ਼ਿਵ ਜੀ ਤਾਂ ਚੁਪ ਰਹੇ ਪ੍ਰੰਤੂ ਨੰਦੀ ਸਹਿਣ ਨਾ ਕਰਦੇ ਹੋਏ ਬੋਲਿਆ,'ਹੇ ਪਰਜਪਤੀ ਦਕਸ਼, ਤੂੰ ਆਪਣੇ ਇਸ ਅਹੁਦੇ ਦਾ ਬਹੁਤ ਮਾਣ ਕਰਦਾ ਏ ਤਾਂ ਹੀ ਮੇਰੇ ਭੋਲੇ-ਨਾਥ ਨੂੰ ਆਪਣਾ ਜੁਆਈ ਨਾ ਕਹਿ। ਤੂੰ ਇਸ ਯੱਗ ਵਿਚ ਉਨ੍ਹਾਂ ਦੀ ਬਹੁਤ ਬੇਇੱਜ਼ਤੀ ਕੀਤੀ ਹੈ। ਮੈਂ ਤੈਨੂੰ ਸਰਾਪ ਦਿੰਦਾ ਹਾਂ ਕਿ ਕਲਯੁੱਗ ਵਿਚ ਤੇਰੀਆਂ ਸਾਰੀਆਂ ਪੀੜ੍ਹੀਆਂ ਗ਼ੈਰ-ਬ੍ਰਾਹਮਣ ਹੋਣਗੀਆਂ।'

ਇਸ ਨਾਲ ਸਬੰਧਤ ਹੋਰ ਵੀ ਬਹੁਤ ਸਾਰੀਆਂ ਮਿੱਥਾਂ ਭਗਵਤ ਗੀਤਾ ਅਤੇ ਪੁਰਾਣਾਂ ਵਿਚ ਦਰਜ ਹਨ। ਯਾਤਰੀ ਇਨ੍ਹਾਂ ਦੇ ਘਰਾਂ ਵਿਚ ਰਹਿਣਾ ਪਸੰਦ ਕਰਦੇ ਸਨ। ਦੁਆਪਰ ਯੁੱਗ ਵਿਚ ਪਾਂਡਵ ਵੀ ਇਕ ਘੁਮਿਆਰ ਦੇ ਘਰ ਠਹਿਰੇ ਸਨ। ਇਸ ਕਰਕੇ ਇਨ੍ਹਾਂ ਨੂੰ ਸਮਾਜ ਵਿਚ ਉੱਚਾ ਦਰਜਾ ਪ੍ਰਾਪਤ ਸੀ, ਪ੍ਰੰਤੂ ਹੁਣ ਇਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਵਾਂਗ ਨਹੀਂ ਹੈ। ਅੱਜ ਕੱਲ੍ਹ ਇਨ੍ਹਾਂ ਦੁਆਰਾ ਬਣਾਏ ਭਾਂਡਿਆਂ ਦਾ ਸਿਲਸਿਲਾ ਘੱਟਦਾ ਜਾ ਰਿਹਾ ਹੈ। ਆਧੁਨਿਕ ਪੀੜ੍ਹੀ ਦਾ ਰੁਝਾਨ ਜ਼ਿਆਦਾਤਰ ਕੱਚ, ਪਲਾਸਟਿਕ, ਐਲੂਮੀਨੀਅਮ ਤੇ ਚੀਨੀ ਦੇ ਬਰਤਨਾਂ ਵੱਲ ਜ਼ਿਆਦਾ ਹੈ। ਪੇਂਡੂ ਖੇਤਰਾਂ ਵਿਚ ਵੀ ਇਨ੍ਹਾਂ ਦੀ ਵਰਤੋਂ ਘਟਦੀ ਜਾ ਰਹੀ ਹੈ। ਪੁਰਾਣੇ ਸਮੇਂ ਵਿਚ ਹਰ ਵਸਤੂ ਇਨ੍ਹਾਂ ਵਿਚ ਹੀ ਰੱਖੀ ਤੇ ਪਕਾਈ ਜਾਂਦੀ ਸੀ। ਪਾਣੀ ਲਈ ਲੋਕ ਘੜੇ ਦੀ ਵਰਤੋਂ ਕਰਦੇ ਸਨ। ਇਨ੍ਹਾਂ ਦ[ਾ] ਮੁੱਖ ਗੁਣ ਇਹ ਹੈ ਕਿ ਇਨ੍ਹਾਂ ਵਿਚ ਕੋਈ ਚੀਜ਼ ਖ਼ਰਾਬ ਨਹ[ੀਂ] ਸੀ ਹੁੰਦੀ। ਪ੍ਰੰਤੂ ਨਵੇਂ ਬਰਤਨਾਂ (ਐਲੂਮੀਨੀਅਮ, ਪਲਾਸਟਿ[ਕ] ਤੇ ਧਾਤਾਂ ਤੋਂ ਬਣੇ ) ਵਿਚ ਪਕਾਏ ਖਾਣੇ ਦੇ ਜ਼ਰੂਰੀ ਤੱਤ ਨਸ਼[ਟ] ਹੋ ਜਾਂਦੇ ਹਨ, ਜਿਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਦ[ਾ] ਆਗਮਨ ਹੁੰਦਾ ਹੈ। ਮਿੱਟੀ ਦੇ ਬਰਤਨਾਂ ਦੀ ਵਰਤੋਂ ਫ਼ਸਲਾਂ ਦ[ੀ] ਵਢਾਈ ਵੇਲੇ ਵੀ ਹੁੰਦੀ ਸੀ। ਘੁਮਿਆਰ ਆਪ ਜ਼ਿਮੀਂਦਾਰ ਨੂੰ ਘੜਾ ਦੇ ਕੇ ਆਉਂਦੇ ਸਨ ਅਤੇ ਉਹ ਬਦਲੇ ਵਿਚ ਕਣਕ [ਦੇ] ਦਾਣੇ ਲੈਂਦੇ ਸਨ। ਇਹ ਵਰਤੋਂ ਵਿਚ ਫ਼ਾਇਦੇਮੰਦ ਹੋਣ ਦੇ ਨਾਲ ਨਾਲ ਆਪਸੀ ਰਿਸ਼ਤਿਆਂ ਵਿਚ ਵੀ ਨੇੜਤਾ ਲਿਆਉਂਦੇ ਸਨ। ਇਨ੍ਹਾਂ ਵਿਚ ਭੋਜਨ ਘੱਟ ਸੇਕ ਤੇ ਪਕਾਇਆ ਜਾਂਦਾ ਸੀ। ਇਨ੍ਹਾਂ ਬਰਤਨਾਂ ਦੀ ਵਰਤੋਂ ਘਟਣ ਦੇ ਨਾਲ-ਨਾਲ ਇਨ੍ਹਾਂ ਨੂੰ ਬਣਾਉਣ ਦਾ ਕੰਮ ਵੀ ਦਿਨ ਪ੍ਰਤੀ ਦਿਨ ਆਪਣੇ ਨਿਘਾਰ ਵੱਲ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਿਰਾਦਰੀ ਵਾਲਿਆਂ ਨੂੰ ਮਿੱਟੀ ਮੁੱਲ ਲੈਣੀ ਪੈਂਦੀ ਹੈ ਅਤੇ ਇਹ ਮਿਲਦੀ ਵੀ ਘੱਟ ਮਾਤਰਾ ਵਿਚ ਹੈ। ਇਨ੍ਹਾਂ ਨੂੰ ਮਿੱਟੀ ਦੀ ਭਾਲ਼ ਵਿਚ ਦੂਰ-ਦੂਰ ਜਾਣਾ ਪੈਂਦਾ ਹੈ। ਇਸ ਦਾ ਇਕ ਹੋਰ ਮੁੱਖ ਕਾਰਨ ਇਨ੍ਹਾਂ ਬਰਤਨਾਂ ਦੀ ਘਟਦੀ ਵਰਤੋਂ ਵੀ ਹੈ ਅਤੇ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਖ਼ਾਨਦਾਨੀ ਧੰਦਿਆਂ ਨੂੰ ਛੱਡ ਕੇ ਨੌਕਰੀ ਆਦਿ ਵੱਲ ਹੁੰਦਾ ਜਾ ਰਿਹਾ ਹੈ। ਇਨ੍ਹਾਂ ਕਲਾਕਾਰਾਂ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਰਕੇ ਵੀ ਇਹ ਕਿੱਤਾ ਪੱਛੜਦਾ ਜਾ ਰਿਹਾ ਹੈ। ਇਸ ਕਲਾ-ਕ੍ਰਿਤੀ ਨੂੰ ਬਚਾਉਣ ਦੀ ਸਖ਼ਤ ਲੋੜ ਹੈ। ਸਰਕਾਰ ਨੂੰ ਇਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਮਿੱਟੀ ਸਸਤੀ ਮੁਹੱਈਆ ਕਰਾਉਣੀ ਚਾਹੀਦੀ ਹੈ ਤਾਂ ਜੋ ਇਸ ਵਿਰਾਸਤ ਨੂੰ ਬਚਾਇਆ ਜਾ ਸਕੇ। •



# ਕਿਤੇ ਬੋਲ ਵੇ ਚੰਦਰਿਆ ਕਾਵਾਂ




ਪੁਰਾਣਾ ਪੰਜਾਬੀ ਲੋਕ-ਕਾਵਿ ਸਾਡੇ ਸਮਾਜਿਕ ਸੱਭਿਆਚਾਰ ਵਰਤਾਰੇ ਦਾ ਇਤਿਹਾਸ ਹੈ। ਪੰਜਾਬੀ ਲੋਕ-ਕਾਵਿ ਵਿਚ ਜਨਮ ਤੋਂ ਲੈ ਕੇ ਮਰਨ ਤਕ ਦੀ ਕਾਵਿ-ਵੰਨਗੀ ਮਿਲਦੀ ਹੈ। ਇਸ ਵਿਚ ਵਿਆਹ-ਸ਼ਾਦੀ, ਤਿੱਥ ਤਿਉਹਾਰ, ਮੇਲੇ-ਮੁਸਾਹਵੇ, ਫ਼ਸਲਾਂ, ਕੱਪੜੇ, ਗਹਿਣੇ ਅਤੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ ਨਾਲ-ਨਾਲ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਵੀ ਮਿਲਦਾ ਹੈ, ਜਿਨ੍ਹਾਂ ਨੂੰ ਸਾਡਾ ਸਮਾਜ ਪ੍ਰਵਾਨ ਨਹੀਂ ਕਰਦਾ। ਮਨੁੱਖੀ ਜੀਵਨ ਨਾਲ ਸਰੋਕਾਰ ਰੱਖਣ ਵਾਲਾ ਕੋਈ ਪੱਖ ਨਹੀਂ ਜੋ ਲੋਕ ਗੀਤਾਂ ਵਿਚ ਸ਼ਾਮਲ ਨਾ ਹੋਵੇ। ਰੁੱਤਾਂ ਤੋਂ ਲੈ ਕੇ ਪਸ਼ੂ ਪੰਛੀਆਂ ਦਾ ਜ਼ਿਕਰ ਵੀ ਸਾਡੇ ਮਾਣ-ਮੱਤੇ ਇਸ ਕਾਵਿ ਵਿਚ ਪੜ੍ਹਨ ਸੁਣਨ ਨੂੰ ਮਿਲਦਾ ਹੈ। ਬੇਸ਼ੱਕ ਪੰਛੀਆਂ ਵਿਚ ਮੋਰ-ਮੋਰਨੀਆਂ, ਤੋਤਾ-ਮੈਨਾ, ਕਬੂਤਰ, ਘੁੱਗੀਆਂ, ਚਿੜੀਆਂ, ਕੋਇਲਾਂ ਕੂੰਜਾਂ, ਤਿੱਤਰ ਅਤੇ ਭੌਰ ਆਦਿ ਦਾ ਵਰਨਣ ਵੀ ਹੈ ਪਰ ਕਾਂ ਵੀ ਇਨ੍ਹਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਕਾਂ ਨੂੰ ਮਨੁੱਖੀ ਜੀਵਨ ਵਿਚ ਦੂਜੇ ਪੰਛੀਆਂ ਜਿੰਨੀ ਆਦਰ ਤੇ ਪਿਆਰ ਵਾਲੀ ਥਾਂ ਨਹੀਂ ਦਿੱਤੀ ਜਾਂਦੀ ਕਿਉਂਕਿ ਇਸ ਦੀ ਆਵਾਜ਼ ਤਿੱਖੀ ਤੇ ਉੱਚੀ ਹੁੰਦੀ।

ਬਚਪਨ ਵਿਚ ਆਮ ਹੀ ਹੇਕਾਂ ਲਾ ਕੇ ਗਾਉਂਦੇ ਹੋਏ ਬੱਚੇ ਕਾਂ ਨੂੰ ਮਾਰਨ ਦੌੜਦੇ ਤੇ ਕਹਿੰਦੇ :

ਮਾਂ ਨੀਂ ਮਾਂ ਕਿੱਡਾ ਵੱਡਾ ਢੋਡਰ ਕਾਂ
ਲੈ ਗਿਆ ਰੋਟੀ ਮੈਂ ਕੀ ਖਾਂ?
ਦੇ ਤਾਂ ਸੋਟੀ ਇਸ ਨੂੰ ਲਾਂ।

ਮੁੱਢ ਕਦੀਮ ਤੋਂ ਹੀ ਸਵੇਰੇ-ਸਵੇਰੇ ਕਾਂ ਦਾ ਬਨੇਰੇ 'ਤੇ ਬੋਲਣਾ ਬੜਾ ਚੰਗਾ ਸਮਝਿਆ ਜਾਂਦਾ ਹੈ। ਪੁਰਾਣੇ ਸਮੇਂ ਵਿਚ ਲੋਕ ਖ਼ਾਸ ਕਰ ਔਰਤਾਂ ਬਨੇਰੇ 'ਤੇ ਬੋਲਦੇ ਕਾਂ ਨੂੰ ਦੇਖ ਸੁਣ ਕੇ ਖ਼ੁਸ਼ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਕਿਸੇ 'ਪਰਾਹੁਣੇ' ਭਾਵ ਮਹਿਮਾਨ ਦੇ ਆਉਣ ਦਾ ਸੰਕੇਤ ਸਮਝਿਆ ਜਾਂਦਾ ਸੀ। ਖ਼ੁਸ਼ੀ ਵਿਚ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਾਉਣ 'ਤੇ ਉਸ ਨੂੰ ਪਿਆਰ ਨਾਲ ਚੂਰੀ ਖਵਾਉਣ ਦੀ ਗੱਲ ਵੀ ਕੀਤੀ ਜਾਂਦੀ :

ਉੱਡ ਉੱਡ ਕਾਵਾਂ ਵੇ, ਤੈਨੂੰ ਚੂਰੀ ਪਾਵਾਂ...

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ, ਉਹ ਕਾਂ ਰਾਹੀਂ ਆਪਣੇ ਸੁਨੇਹੇ ਘੱਲ ਕੇ ਦਿਲ ਨੂੰ ਧਰਵਾਸ ਦਿੰਦੀਆਂ ਕਹਿੰਦੀਆਂ :

ਚੁੰਝ ਤੇਰੀ ਵੇ ਕਾਲਿਆ ਕਾਵਾਂ, ਸੋਨੇ ਨਾਲ ਮੜ੍ਹਾਵਾਂ
ਜਾ ਆਖੀਂ ਮੇਰੇ ਮਾਹੀਏ ਨੂੰ ਨਿੱਤ ਮੈਂ ਔਂਸੀਆਂ ਪਾਵਾਂ
ਖ਼ਬਰਾਂ ਲਿਆ ਕਾਵਾਂ ਤੈਨੂੰ ਘਿਓ ਦੀ ਚੂਰੀ ਪਾਵਾਂ...

ਕੋਈ ਬਿਰਹੋਂ ਮਾਰੀ ਨਾਰ ਕਾਂ ਨਾਲ ਸ਼ਿਕਵਾ ਕਰਦੀ ਕਹਿੰਦੀ ਹੈ :

ਝਾਵਾਂ-ਝਾਵਾਂ-ਝਾਵਾਂ, ਜੁੱਤੀ ਮੇਰੀ ਮਖ਼ਮਲ ਦੀ
ਮੈਂ ਡਰਦੀ ਪੈਰੀਂ ਨਾ ਪਾਵਾਂ, ਪੁੱਤ ਮੇਰੇ ਸਹੁਰੇ ਦਾ
ਲੱਗੀ ਲਾਮ ਤੇ ਲੁਆ ਲਿਆ ਨਾਵਾਂ
ਜਾਂਦਾ ਹੋਇਆ ਦੱਸ ਨਾ ਗਿਆ
ਚਿੱਠੀਆਂ ਕਿੱਧਰ ਨੂੰ ਪਾਵਾਂ...

ਸਾਡੇ ਸਮਾਜ ਵਿਚ ਕੁਝ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਨੂੰ ਸਦਾ ਹੀ ਨਕਾਰਿਆ ਤੇ ਦੁਰਕਾਰਿਆ ਜਾਂਦਾ ਹੈ ਭਾਵੇਂ ਉਹ ਸੁਹਿਰਦ ਹੀ ਹੋਣ ਪਰ ਕਿਹਾ ਜਾਂਦਾ ਹੈ 'ਬਦ ਨਾਲੋਂ ਬਦਨਾਮ ਬੁਰਾ'। ਅਜਿਹੇ ਰਿਸ਼ਤੇ ਵਿਚ ਮਤਰੇਈ ਮਾਂ ਵੀ ਆ ਜਾਂਦੀ ਹੈ ਤੇ ਲੋਕ-ਕਾਵਿ ਚੰਗੇ ਮਾੜੇ ਸਭ ਪੱਖ ਪੇਸ਼ ਕਰਦਾ ਹੈ :

ਉੱਡ ਉੱਡ ਕਾਵਾਂ ਵੇ , ਤੇਰੀਆਂ ਲੰਮੀਆਂ ਛਾਵਾਂ
ਮਰਨ ਮਤਰੇਈਆਂ ਵੇ
ਜੁਗ ਜੁਗ ਜੀਣ ਵੇ ਸਕੀਆਂ ਮਾਵਾਂ...

ਤੀਆਂ ਦੇ ਗਿੱਧੇ ਦੇ ਗੌਣ ਜਾਂ ਬੋਲੀਆਂ ਹੋਣ ਭਾਵੇਂ ਵਿਆਹ ਸ਼ਾਦੀ ਦੇ ਲੰਮੇ ਗੌਣ, ਹੇਅਰੇ, ਸਿੱਠਣੀਆਂ, ਟੱਪੇ ਜਾਂ ਕੋਈ ਹੋਰ ਕਾਵਿ-ਰੰਗ ਉਨ੍ਹਾਂ ਵਿਚ ਤਾਂ ਕਾਂ ਬੋਲਦਾ ਹੀ ਹੈ ਪਰ ਕਈ ਵਾਰ ਕਿਸੇ ਪੰਜਾਬੀ ਗੀਤ ਨੂੰ ਵੀ ਕੁੜੀਆਂ-ਕੱਤਰੀਆਂ ਢੋਲਕ 'ਤੇ ਗਾ ਕੇ ਅਨੋਖਾ ਰੰਗ ਬੰਨ੍ਹ ਦਿੰਦੀਆਂ ਹਨ :

ਕੁੱਟ-ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ
ਹਾਏ ਨੀਂ ਮਾਂ ਮੇਰੀਏ ਮੈਂ ਕੋਠੇ ਉੱਤੇ ਪਾਉਨੀ ਆ
ਆਉਣਗੇ ਕਾਗ ਉਡਾ ਜਾਣਗੇ
ਸਾਨੂੰ ਦੂਣਾ ਪੁਆੜਾ ਪਾ ਜਾਣਗੇ...

ਪੰਜਾਬੀ ਲੋਕ ਗੀਤਾਂ ਵਿਚ ਜਿੱਥੇ ਨਾਰਾਂ ਆਪਣੇ ਗੱਭਰੂਆਂ ਨੂੰ ਕਾਂ ਹੱਥ ਸੁਨੇਹੇ ਘੱਲਦੀਆਂ ਹਨ, ਉੱਥੇ ਵਿਜੋਗਣ ਧੀਆਂ ਵੀ ਕਾਂ ਰਾਹੀ ਮਾਪਿਆਂ-ਪੇਕਿਆ ਨੂੰ ਮਨ ਦੀ ਵੇਦਨਾ ਸੁਣਾਉਂਦੀਆਂ ਹਨ :

ਉੱਡਦਾ ਤਾਂ ਜਾਵੀਂ ਕਾਵਾਂ
ਬਹਿੰਦਾ ਤਾਂ ਜਾਵੀਂ ਮੇਰੇ ਪੇਕੜੇ
ਇਕ ਨਾ ਦੱਸੀਂ ਮੇਰੇ ਬਾਬਲ ਧਰਮੀ ਨੂੰ
ਰੋਊਗਾ ਭਰੀ ਕਚਹਿਰੀ ਨੂੰ ਛੋੜ ਕੇ...

ਲੋਕ ਕਾਵਿ ਦੀ ਸਿਰਜਣਾ ਕਰਦਿਆਂ ਜਿਵੇਂ ਮਿਰਜ਼ਾ-ਸਾਹਿਬਾਂ ਦੇ ਸੁਆਲ ਜਵਾਬ ਕਾਂ ਰਾਹੀਂ ਹੁੰਦੇ ਹਨ, ਉਹ ਵੀ ਸ਼ਾਇਰੀ ਦਾ ਉੱਤਮ ਨਮੂਨਾ ਹਨ। ਸਦਕੇ ਜਾਈਏ ਇਨ੍ਹਾਂ ਸਿਰਜਣਹਾਰਿਆਂ ਦੇ ਇਹ ਵੀ ਕੋਈ ਭੁੱਲੇ ਵਿੱਸਰੇ 'ਪੀਲੂ' ਹੀ ਤਾਂ ਹਨ। ਇਹ ਗੌਣ ਆਮ ਨਹੀਂ ਗਾਇਆ ਜਾਂਦਾ ਪਰ ਡਾ. ਕਰਮਜੀਤ ਸਿੰਘ ਦੀ ਪੁਸਤਕ 'ਲੋਕ ਗੀਤਾਂ ਦੀ ਪੈੜ' ਵਿੱਚੋਂ ਇਹ ਗੌਣ ਮਿਲਦਾ ਹੈ, ਵੰਨਗੀ ਲਈ ਕੁਝ ਚੋਣਵੀਆਂ ਸਤਰਾਂ ਪੇਸ਼ ਹਨ :

ਉੱਡ ਵੇ ਕਾਲਿਆ ਕਾਗਾ, ਵੇ ਮੈਂ ਵਾਰੀ
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ਼ ਵੇ
ਤੂੰ ਤਾਂ ਜਾਈਂ ਕਹੀ ਮਿਰਜ਼ੇ ਮੇਰੇ ਨੂੰ
ਤੂੰ ਤਾਂ ਆਉਣਾ ਤਾਂ ਆਜਾ ਅੱਜ ਵੇ
ਤੇਰਾ ਫੇਰ ਨਹੀਂ ਕੋਈ ਹੇਜ ਵੇ...

ਇਨ੍ਹਾਂ ਗੌਣਾਂ ਦੀਆਂ ਸਿਰਜਣਹਾਰੀਆਂ ਦੇ ਨਾਂ ਭਾਵੇਂ ਇਤਿਹਾਸ ਅਤੇ ਸਾਹਿਤ ਦੇ ਪੰਨਿਆਂ 'ਤੇ ਕਦੇ ਨਹੀਂ ਉੱਕਰੇ ਜਾਣੇ ਪਰ ਇਹ ਹਰ ਦੌਰ ਵਿਚ ਮਨੁੱਖੀ ਮਨਾਂ 'ਤੇ ਉੱਕਰੇ ਜਾਂਦੇ ਰਹਿਣਗੇ। ਕਾਂ ਬਨੇਰੇ ਉੱਤੇ ਹੀ ਨਹੀਂ ਕਿਸੇ ਨਾਜੋ ਦੀ ਸੱਗੀ ਉੱਤੇ ਵੀ ਜਾ ਬੈਠਦਾ ਹੈ ਤੇ ਉਹ ਦੁਹਾਈਆਂ ਦਿੰਦੀ ਕਹਿੰਦੀ ਹੈ :

ਕੋਰੇ-ਕੋਰੇ ਸੋਨੇ ਦੀ ਮੈਂ ਸੱਗੀ ਕਰਾਵਾਂ
ਉੱਪਰ ਬਹਿ ਗਿਆ ਕਾਂ
ਨੀਂ ਬੇਬੇ ਤੇਜ ਕੁਰੇ ਕੀਹਦਾ ਲਵਾਂਗੇ ਨਾਂ?

ਹੋਰ ਕਾਵਿ ਰੂਪਾਂ ਤੋਂ ਬਿਨਾਂ ਸਿੱਠਣੀਆ ਵਿਚ ਵੀ 'ਕਾਂ' ਨੂੰ ਉਸ ਦੀ ਬਣਦੀ ਥਾਂ ਦਿੱਤੀ ਜਾਂਦੀ ਹੈ। ਵਿਆਹ ਸਮੇਂ ਦਾਦਕੀਆਂ ਮੁੰਡੇ-ਕੁੜੀ ਦੀਆਂ ਨਾਨਕੀਆਂ ਨੂੰ ਸਿੱਠਣੀ ਦਿੰਦੀਆਂ ਹਨ :

ਕਿੱਧਰ ਗਈਆ ਵੇ ਵਿੰਦਰ ਤੇਰੀਆਂ ਨਾਨਕੀਆਂ?
ਖਾਧੇ ਸੀ ਮਾਂਹ ਜੰਮੇ ਸੀ ਕਾਂ
ਕਾਂ-ਕਾਂ ਕਰਦੀਆਂ ਵੇ ਵਿੰਦਰ ਤੇਰੀਆਂ ਨਾਨਕੀਆਂ...

ਅੱਗੋਂ ਨਾਨਕੀਆਂ ਵੀ ਕਸਰ ਨਹੀਂ ਛੱਡਦੀਆਂ ਤੇ ਜਵਾਬ ਵਿਚ ਕਹਿੰਦੀਆਂ ਹਨ :

ਕਿੱਧਰ ਗਈਆਂ ਵੇ ਵਿੰਦਰ ਤੇਰੀਆਂ ਦਾਦਕੀਆਂ?
ਖਾਧਾ ਸੀ ਸਾਗ ਜੰਮੇ ਸੀ ਕਾਗ
ਕਾਵਾਂ ਰੌਲ਼ੀ ਪਾਉਂਦੀਆਂ ਵੇ ਵਿੰਦਰ ਤੇਰੀਆਂ ਦਾਦਕੀਆਂ...

ਬਰਾਤ ਚੜ੍ਹਨ ਵੇਲੇ ਹੇਅਰੇ ਲਾਉਣਾ ਵੀ ਜ਼ਰੂਰੀ ਸ਼ਗਨ ਸਮਝਿਆ ਜਾਂਦਾ ਹੈ ਪਰ ਕਈ ਵਾਰ ਭਾਵੁਕਤਾ ਵਿਚ ਆ ਕੇ ਕੋਈ ਅਜਿਹਾ ਹੇਅਰਾ ਲਾ ਦਿੱਤਾ ਜਾਂਦਾ ਹੈ ਜੋ ਖ਼ੁਸ਼ੀ ਦੇ ਮਾਹੌਲ ਨੂੰ ਉਦਾਸੀ ਵਿਚ ਡੁਬੋ ਦਿੰਦਾ ਹੈ ਤੇ ਇਸ ਉਦਾਸੀ 'ਚ ਵ[ੀ] ਆਉਂਦਾ ਹੈ ਕਾਂ। ਜਦੋਂ ਵਿਆਹ ਵਾਲੇ ਮੁੰਡੇ ਦੇ ਮ[ਾਂ] ਨਾ ਹੋਵੇ ਤਾਂ ਹੇਅਰਾ ਲਇਆ ਜਾਂਦਾ ਹੈ :

ਚਿੜੀਆਂ ਚੀਂ-ਚੀਂ ਕਰਦੀਆਂ
ਕੋਈ ਪਿਆ ਕਲ਼ਾਵੇ (ਕੁਰਲਾਏ) ਵੇ ਕਾਂ
ਸਾਕ-ਸਕੀਰੀ ਜੁੜ ਖੜੀ
ਵਿਚ ਹੈ ਨਾ ਵੇ ਵੀਰਨ ਸਾਡੀ ਮਾਂ...

ਕਾਂ ਨੇ ਪੰਜਾਬੀ ਲੋਕ-ਕਾਵਿ ਦੀ ਹਰ ਵਿਧਾ ਵਿ[ਚ] ਬਖ਼ੂਬੀ ਆਪਣੀ ਚੁੰਝ ਫਸਾਈ ਹੈ। ਸਭ ਤੋਂ ਵੱ[ਧ] ਕਾਂ ਪੰਜਾਬੀ ਲੋਕ-ਕਾਵਿ ਦੇ ਸੁੰਦਰ ਤੇ ਅਨਿੱਖੜਵੇਂ ਅੰਗ ਟੱਪਿਆਂ ਜਾਂ ਮਾਹੀਏ ਵਿਚ ਆਪਣੀ ਵੱਖਰੀ ਤੇ ਸ਼ਾਨਾਮੱਤੀ ਥਾਂ ਰੱਖਦਾ ਹੈ। ਦੂਜੇ ਵਿਸ਼ਵ ਯੁੱ[ਧ] ਵਿਚ ਜਦੋਂ ਜਰਮਨ ਨੇ ਘੋਰ ਤਬਾਹੀ ਮਚਾਈ ਤੇ ਘਰਾਂ ਦੇ ਘਰ ਖ਼ਾਲੀ ਕਰ ਦਿੱਤੇ ਤੇ ਜਬਰੀ ਭਰਤੀਆਂ ਕੀਤੀਆਂ ਗਈਆਂ ਤਾਂ ਲੋਕਾਈ ਦੇ ਦਰਦ 'ਚ ਡੁੱਬੀ ਕਿਸੇ ਰੂਹ ਨੇ ਲੋਕ-ਕਾਵਿ ਰਾਹੀਂ ਧਾਹ ਮਾਰੀ। ਇਹ ਟੱਪਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ :

ਖੰਭ ਖਿੱਲਰੇ ਨੇ ਕਾਵਾਂ ਦੇ
ਰੋਕ ਲਓ ਨਿਸ਼ਾਨੇਬਾਜ਼ੀਆਂ
ਪੁੱਤ ਮੁੱਕ ਚੱਲੇ ਮਾਵਾਂ ਦੇ...

ਪੰਜਾਬੀ ਪੁਰਾਤਨ ਲੋਕ-ਕਾਵਿ ਵਿਚ ਇਕ ਬਹੁਤ ਪੁਰਾਣਾ ਤੇ ਮਨ ਨੂੰ ਟੁੰਬਣ ਵਾਲਾ ਟੱਪਾ ਤਾਂ ਸਦੀਆਂ ਤੋਂ ਲੋਕਾਂ ਦੀ ਪਸੰਦ ਰਿਹਾ ਹੈ ਤੇ ਅੱਜ ਵੀ ਵਿਆਹ ਸ਼ਾਦੀ ਸਮੇਂ ਇਹ ਟੱਪਾ ਔਰਤਾਂ ਢੋਲਕ 'ਤੇ ਗਾ ਕੇ ਰੰਗ ਬੰਨ੍ਹਦੀਆਂ ਹਨ, ਇਸ ਵਿਚ ਤਾਂ ਕਾਂ ਜਿਵੇਂ ਚੌਕੀਦਾਰ ਬਣਦਾ ਹੈ :

ਕੋਠੇ ਤੋਂ ਉੱਡ ਕਾਵਾਂ
ਸੱਦ ਪਟਵਾਰੀ ਨੂੰ ਜਿੰਦ ਮਾਹੀਏ ਦੇ ਨਾਂ ਲਾਵਾਂ...

ਅੱਜ ਰੂਹਾਨੀ ਰਿਸ਼ਤਿਆਂ ਦੀ ਥਾਂ ਸਵਾਰਥ ਈਰਖ਼ਾ, ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਤੇ ਹੰਕਾਰ ਵਰਗੇ ਵੱਕਾਰ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ। ਬਨੇਰੇ 'ਤੇ ਬੋਲ ਦੇ ਕਾਂ ਦਾ ਨਾ ਕਿਸੇ ਨੂੰ ਧਿਆਨ ਹੈ ਨਾ ਚਾਅ ਕਿਉਂਕਿ ਉਸ ਦੀ ਥਾਂ ਫੋਨ ਮੋਬਾਈਲ ਜਾਂ ਇੰਟਰਨੈੱਟ ਨੇ ਲੈ ਲਈ ਹੈ ਤੇ ਕ[ਾਂ] ਦੀ ਥਾਂ ਇਹ ਮਸ਼ੀਨਾਂ ਸੁਨੇਹੇ ਦਿੰਦੀਆਂ ਹਨ। ਕਿਹ[ਾ] ਜਾਂਦਾ ਹੈ ਕਿ ਕਿਸੇ ਵੀ ਚੀਜ਼ ਦਾ ਨਾਸ਼ ਨਹੀਂ ਹੁੰਦਾ ਮੋਹ-ਮੁਹੱਬਤਾਂ ਵਾਲੇ ਜਿਊੜੇ ਕਿਤੇ ਨਾ ਕਿਤੇ ਤ[ਾਂ] ਵੱਸਦੇ ਹੀ ਹਨ। ਜਿਹੜੇ ਸੱਜਣਾਂ ਦੇ ਵਿਛੋੜੇ ਦ[ੀ] ਅੱਗ ਵਿਚ ਸੜ ਕੇ ਰਾਖ ਹੋ ਜਾਂਦੇ ਹਨ। ਪੰਜਾਬੀ ਲੋਕ-ਕਾਵਿ ਵਿਚ ਧੁਰ ਅੰਦਰ ਤਕ ਚੀਰ ਪਾ ਜਾਣ ਵਾਲਾ ਟੱਪਾ ਲੈ ਕੇ ਕਾਂ ਉੱਡ ਚੱਲਿਆ ਹੈ :

ਕੋਈ ਉੱਡਦਾ ਕਾਂ ਜਾਂਦਾ
ਸੱਜਣ ਮੁਕਾ ਜਾਂਦੇ, ਬਣ ਮੌਤ ਦਾ ਪੱਜ ਜਾਂਦਾ

• ਪਰਮਜੀਤ ਕੌਰ ਸਰਹਿੰ[ਦ]
ਮੋਬਾਈਲ : 98728-9859[9]

**ਜ਼ਰਾ ਸੋਚੋ, ਕੀ ਤੁਸੀਂ ਅਜਿਹਾ ਸਮਾਜ ਚਾਹੁੰਦੇ ਹੋ, ਜਿਸ ਦੇ ਨੌਜਵਾਨ ਵੱਡਿਆਂ ਦਾ ਸਤਿਕਾਰ ਕਰਨਾ ਭੁੱਲ ਜਾਣ, ਨਵੀਂ ਪੀੜ੍ਹੀ ਨਸ਼ਿਆਂ ਵਿਚ ਰੁਲ਼ਦੀ ਹੋਵੇ, ਬੱਚਿਆਂ ਨੂੰ ਕਿਤਾਬੀ ਗਿਆਨ ਤਾਂ ਹੋਵੇ ਪਰ ਨੈਤਿਕ ਗਿਆਨ ਪੱਖੋਂ ਉਹ ਕੋਰੇ ਹੋਣ...**

# ਨੈਤਿਕ ਕਦਰਾਂ ਕੀਮਤਾਂ ਤੇ ਮਨੁੱਖ

**ਇੰਦਰਪ੍ਰੀਤ ਕੌਰ**

ਜਦ ਵੀ ਗੱਲ ਚਲਦੀ ਹੈ ਵਰਤਮਾਨ ਸਮਾਜ ਦੀ ਤਾਂ ਅਸੀਂ ਆਪਣੇ ਆਸ-ਪਾਸ ਅਜਿਹੇ ਲੋਕਾਂ ਨੂੰ ਦੇਖਦੇ ਹਾਂ ਜੋ ਕਾਹਲੀ-ਕਾਹਲੀ ਕੰਮ 'ਤੇ ਜਾ ਰਹੇ ਹੁੰਦੇ ਹਨ ਜਾਂ ਫੋਨ 'ਤੇ ਗੱਲ ਕਰ ਰਹੇ ਹੁੰਦੇ ਹਨ। ਕਈ ਕੰਪਿਊਟਰ ਤੇ ਕੰਮ ਕਰਦੇ ਨਜ਼ਰ ਆਉਂਦੇ ਹਨ, ਕਈ ਕੰਨਾਂ 'ਤੇ ਹੈੱਡ ਫੋਨ ਲਾ ਕੇ ਸੰਗੀਤ ਦਾ ਆਨੰਦ ਮਾਣ ਰਹੇ ਹੁੰਦੇ ਹਨ। ਜੇ ਅਸੀਂ ਗੱਲ ਕਰੀਏ ਪੁਰਾਣੇ ਸਮੇਂ ਦੀ ਤਾਂ ਉਸ ਸਮੇਂ ਲੋਕ ਇਕ ਦੂਜੇ ਨੂੰ ਮਿਲਦੇ ਨਜ਼ਰ ਆਉਂਦੇ ਸਨ।

ਬੱਚੇ ਬਾਹਰ ਖੇਡਦੇ ਤੇ ਲੋਕ ਵਿਹਲੇ ਸਮੇਂ ਇਕ ਦੂਜੇ ਦੇ ਘਰਾਂ ਵਿਚ ਜਾ ਕੇ ਗੱਲਬਾਤ ਕਰਦੇ ਸਨ। ਇਨ੍ਹਾਂ ਸਭ ਗੱਲਾਂ ਨੂੰ ਦੇਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜ ਵਿਚ ਸੱਚ-ਮੁੱਚ ਪਰਿਵਰਤਨ ਆ ਚੁੱਕਾ ਹੈ। ਅੱਜ ਦੇ ਪਰਿਵਾਰਾਂ ਅਤੇ ਨੌਜਵਾਨਾਂ ਵਿਚ ਨੈਤਿਕ ਮੁੱਲਾਂ ਦੀ ਕੋਈ ਕਦਰ ਨਹੀਂ ਰਹਿ ਗਈ। ਦੇਖਿਆ ਜਾਏ ਤਾਂ ਹੁਣ ਦੇ ਸਮੇਂ ਵਿਚ ਤਲਾਕ ਦੀ ਦਰ ਵਧਦੀ ਨਜ਼ਰ ਆ ਰਹੀ ਹੈ । ਜਦ ਕਿ 1950 ਦੇ ਅੰਕੜਿਆਂ ਮੁਤਾਬਿਕ ਇਸ ਦੀ ਦਰ 3,85,000 ਸੀ ਪਰ ਹੁਣ ਇਹ ਵਧ ਕੇ 8,203,000 ਤਕ ਪਹੁੰਚ ਚੁੱਕੀ ਹੈ। ਅੱਜ ਦੀ ਪੀੜ੍ਹੀ ਨਵੇਂ ਨੈਤਿਕ ਮੁੱਲ ਤੇ ਨਵੀਆਂ ਕਦਰਾਂ-ਕੀਮਤਾਂ ਲਿਆ ਰਹੀ ਹੈ। ਨੌਜਵਾਨਾਂ ਲਈ ਸ਼ਰਾਬ, ਤੰਬਾਕੂ ਦਾ ਸੇਵਨ ਕਰਨਾ ਆਮ ਗੱਲ ਹੈ । 72% ਨੌਜਵਾਨਾਂ ਅਲਕੋਹਲ ਦੀ ਵਰਤੋਂ ਕਰਦੇ ਹਨ 44% ਨੌਜਵਾਨ ਤੰਬਾਕੂ ਦਾ ਸੇਵਨ ਕਰਦੇ ਹਨ ਜੋ ਕਿ ਹਲੇ ਹਾਈ ਸਕੂਲ ਵਿਚ ਹੀ ਪੜ੍ਹਦੇ ਹਨ। ਇਸ ਸਭ ਦਾ ਕਾਰਨ ਸਾਡਾ ਮੀਡੀਆ ਹੈ ਜਿਸ ਨੇ ਕਾਫ਼ੀ ਹੱਦ ਤਕ ਨੌਜਵਾਨਾਂ ਤੇ ਅਸਰ ਪਾਇਆ ਹੈ ਇਸ ਨੇ ਸਾਡੀ ਮਾਨਸਕਿਤਾ ਨੂੰ ਜ਼ੋਰਦਾਰ ਤਰੀਕੇ ਨਾਲ ਝੰਜੋੜਿਆ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਮੀਡੀਆ ਰਾਹੀਂ ਚੰਗੀਆਂ ਗੱਲਾਂ ਸਿੱਖਣ ਨੂੰ ਮਿਲੀਆਂ ਹਨ ਜਿਵੇਂ ਕਿ ਸਾਨੂੰ ਹਰ ਜਗ੍ਹਾ ਦੀ ਸੂਚਨਾ ਮਿਲਦੀ ਹੈ, ਗਿਆਨ ਵਿਚ ਵਾਧਾ ਹੁੰਦਾ ਹੈ, ਨਵੇਂ ਵਿਚਾਰ ਪੈਦਾ ਹੋਏ ਹਨ। ਪਰ ਇਨ੍ਹਾਂ ਸਭ ਗੱਲਾਂ ਨਾਲੋਂ ਬੁਰੀਆਂ ਗੱਲਾਂ ਸਾਡੇ ਵਿਚ ਜ਼ਿਆਦਾ ਘਰ ਕਰ ਰਹੀਆਂ ਹਨ, ਜਿਸ ਕਾਰਨ ਸਾਡਾ ਸਮਾਜ ਗੰਧਲਾ ਹੋ ਰਿਹਾ ਹੈ। ਜੇ ਅਸੀਂ ਗੱਲ ਕਰੀਏ ਫੈਸ਼ਨ ਪ੍ਰਸਤੀ ਦੀ ਤਾਂ ਸਾਡੇ ਸਮਾਜ ਦੇ ਨੌਜਵਾਨ ਤਾਂ ਇਸ ਪ੍ਰਤੀ ਪੂਰੇ ਚੇਤੰਨ ਹਨ ਕੱਪੜੇ ਪਾਉਣ ਦਾ ਢੰਗ ਹੀ ਬਦਲ ਗਿਆ ਹੈ ਜ਼ਿਆਦਾਤਰ ਪੱਛਮੀਂ ਸਭਿਅਤਾ ਦਾ ਪਹਿਰਾਵਾ ਅਪਣਾਇਆ ਜਾ ਰਿਹਾ ਹੈ ਨਿੱਤ ਨਵੇਂ ਫੈਸ਼ਨ ਦੀ ਦੌੜ ਵਿਚ ਅੱਜ ਦਾ ਨੌਜਵਾਨ ਵਰਗ ਬਹੁਤ ਅੱਗੇ ਨਿਕਲ ਚੁੱਕਾ ਹੈ। ਜੋ ਪਹਿਰਾਵਾ ਫਿਲਮਾਂ ਜਾਂ ਟੀਵੀ 'ਤੇ ਦਿਖਾਇਆ ਜਾਂਦਾ ਹੈ ਉਹੀ ਪਸੰਦ ਕੀਤਾ ਜਾਂਦਾ ਹੈ। ਸੋ ਜਿਸ ਦਾ ਸਾਦਾ ਪਹਿਰਾਵਾ ਹੈ ਉਸ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ।

ਕੀ ਅਸੀਂ ਅਜਿਹਾ ਸਮਾਜ ਚਾਹੁੰਦੇ ਹਾਂ ਜਿੱਥੋਂ ਦੇ ਨੌਜਵਾਨ ਵੱਡਿਆਂ ਦਾ ਸਤਿਕਾਰ ਕਰਨਾ ਭੁੱਲ ਗਏ, ਜਿੱਥੋਂ ਦੀ ਨਵੀਂ ਪੀੜ੍ਹੀ ਨਸ਼ਿਆਂ ਵਿਚ ਰੁਲ਼ਦੀ ਜਾ ਜਹੀ ਹੈ। ਜਿਨ੍ਹਾਂ ਨੂੰ ਬੇਸ਼ੱਕ ਕਿਤਾਬੀ ਗਿਆਨ ਤਾਂ ਹੈ ਪਰ ਨੈਤਿਕ ਗਿਆਨ ਪੱਖੋਂ ਕੋਰੇ ਹਨ। ਖ਼ਬਰਾਂ ਵਿਚ ਵੀ ਅਸੀਂ ਆਮ ਸੁਣਦੇ ਜਾਂ ਪੜ੍ਹਦੇ ਹਾਂ ਕਿ ਕਈ ਨੌਜਵਾਨਾਂ ਕੋਲੋਂ ਭੁੱਕੀ ਜਾਂ ਅਫੀਮ ਪ੍ਰਾਪਤ ਹੋਈ ਜਿਸ ਕਾਰਨ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪੈਂਦਾ ਹੈ। ਪਰ ਫਿਰ ਵੀ ਉਹ ਇਨ੍ਹਾਂ ਨਸ਼ਿਆਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਕਿਉਂ ਕਿ ਉਨ੍ਹਾਂ ਨੂੰ ਨਸ਼ੇ ਕਰਨ ਦੀ ਆਦਤ ਪੈ ਜਾਂਦੀ ਹੈ। ਸੋ ਅਸੀਂ ਆਪਣੇ ਸਮਾਜ ਵਿਚ ਚੰਗੀਆਂ ਗੱਲਾਂ ਨੂੰ ਤਿਆਗ ਰਹੇ ਹਾਂ ਤੇ ਬੁਰੀਆਂ ਗੱਲਾਂ ਅਪਣਾ ਰਹੇ ਹਾਂ ਜਿਸ ਕਾਰਨ ਸਾਡੇ ਜੀਵਨ ਵਿੱਚੋਂ ਰਿਸ਼ਤੇ ਨਾਤਿਆਂ ਦਾ ਵੀ ਖ਼ਾਤਮਾ ਹੋ ਰਿਹਾ ਹੈ ।

ਅੱਜ ਕੱਲ੍ਹ ਇਹ ਵੀ ਵੇਖਣ ਵਿਚ ਆ ਰਿਹਾ ਹੈ ਕਿ ਛੋਟੀ ਉਮਰ ਦੇ ਬੱਚੇ ਵੀ ਆਈ ਪੈਡ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ ਤੇ ਉਨ੍ਹਾਂ ਦਾ ਧਿਆਨ ਸਿੱਖਿਆ ਵੱਲੋਂ ਹੱਟ ਕੇ ਹੋਰ ਗਲਤ ਗੱਲਾਂ ਵੱਲ ਲੱਗ ਰਿਹਾ ਹੈ ਜਿਵੇਂ ਕਿ ਹਿੰਸਕ ਕਾਰਵਾਈ ਕਰਨੀ, ਵੱਡਿਆਂ ਨੂੰ ਆਦਰ ਮਾਣ ਨਾ ਦੇਣਾ, ਫਿਲਮਾਂ, ਟੀਵੀ ਵੱਲ ਧਿਆਨ ਵਧ ਹੋਣਾ ਆਦਿ ਇਨ੍ਹਾਂ ਸਭ ਪਿੱਛੇ ਸਭ ਤੋਂ ਵੱਡਾ ਕਾਰਨ ਸਾਡਾ ਮੀਡੀਆ ਹੈ ਜਿਸ ਦੇ ਕਾਰਨ ਅਜਿਹਾ ਮਾਹੌਲ ਪੈਦਾ ਹੋ ਰਿਹਾ ਹੈ। ਇਹ ਗੱਲ ਠੀਕ ਹੈ ਕਿ ਮੀਡੀਆ ਕਾਰਨ ਕਈ ਅਜਿਹੇ ਪ੍ਰੋਗਰਾਮ ਵੀ ਦੇਖਣ ਨੂੰ ਮਿਲ ਰਹੇ ਹਨ ਜਿਨ੍ਹਾਂ ਕਾਰਨ ਸਾਡੇ ਅੱਜ ਦੇ ਨੌਜਵਾਨ ਸਮਾਜ ਪ੍ਰਤੀ ਜਾਗਰੂਕ ਹੋ ਰਹੇ ਹਨ, ਫੈਲ ਰਹੇ ਜ਼ੁਰਮਾਂ ਵਿਰੁੱਧ ਆਵਾਜ਼ ਉਠਾ ਰਹੇ ਹਨ। ਪਰ ਜ਼ਿਆਦਾਤਰ ਲੋਕ ਅਜਿਹੇ ਹਨ ਜੋ ਨਸ਼ੇ ਕਰਕੇ, ਹਿੰਸਕ ਕਾਰਵਾਈਆਂ ਕਰਦੇ ਹਨ। ਜਿਸ ਕਾਰਨ ਉਹ ਆਪਣਾ ਭਵਿੱਖ ਤਾਂ ਖ਼ਰਾਬ ਕਰ ਰਹੇ ਹੁੰਦੇ ਹਨ ਤੇ ਨਾਲ ਨਾਲ ਬਿਮਾਰੀਆਂ ਵੀ ਸਹੇੜ ਲੈਂਦੇ ਹਨ ।

ਸਾਡਾ ਸਮਾਜ ਤੇਜ਼ੀ ਨਾਲ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਕੀ ਇਹ ਪਰਿਵਰਤਨ ਸਾਡੇ ਸੁਖਾਵੇਂ ਭਵਿੱਖ ਲਈ ਠੀਕ ਹੈ? ਚੰਗੇ ਪਰਿਵਰਤਨ ਨਾਲੋਂ ਬੁਰੇ ਪਰਿਵਰਤਨ ਦਾ ਪ੍ਰਭਾਵ ਜ਼ਿਆਦਾ ਦਿਖਾਈ ਦੇ ਰਿਹਾ ਹੈ। ਇਸੇ ਕਾਰਨ ਸਾਡਾ ਸਮਾਜ ਗੰਧਲਾ ਹੋ ਰਿਹਾ ਹੈ। ਬਹੁਤ ਸਮਾਜ ਸੇਵੀ ਕੁਝ ਚੰਗਾ ਕਰਨ ਵਿਚ ਲੱਗੇ ਹੋਏ ਹਨ, ਉਹ ਨੌਜਵਾਨਾਂ ਨੂੰ ਜਾਗ੍ਰਿਤ ਕਰਨ ਲਈ ਸੈਮੀਨਾਰ ਕਰਵਾਉਂਦੇ ਹਨ, ਚੰਗੀਆ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ, ਜਿਸ ਨਾਲ ਉਹ ਕੁਝ ਚੰਗਾ ਕਰਨ ਲਈ ਪ੍ਰੇਰਿਤ ਹੋਣ। ਇਸ ਦੇ ਨਾਲ ਨਾਲ ਮਾਪਿਆਂ ਦਾ ਵੀ ਪੂਰਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਸਿੱਖਿਆ ਪ੍ਰਤੀ ਜਾਗਰੂਕ ਕਰਨ, ਉਨ੍ਹਾਂ ਅੰਦਰ ਚੰਗੀਆ ਆਦਤਾਂ ਦਾ ਵਿਕਾਸ ਕਰਨ, ਆਪਣੇ ਸੱਭਿਆਚਾਰ ਨਾਲ ਜੋੜਨ ਤਾਂ ਜੋ ਆਉਣ ਵਾਲੀ ਪੀੜ੍ਹੀ ਸਮਾਜ ਦਾ ਚੰਗਾ ਮੈਂਬਰ ਬਣ ਸਕੇ ।

ਸੋ ਸਮਾਜ ਦੇ ਇਸ ਪਰਿਵਰਤਨ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਇਹ ਸਾਡੇ ਬੱਚਿਆਂ ਨੂੰ ਜਿੱਥੇ ਕੁਝ ਸਿੱਖਣ ਲਈ ਦੇ ਰਿਹਾ ਹੈ ਉੱਥੇ ਹੀ ਗਲਤ ਪਾਸੇ ਵੀ ਲਿਜਾ ਰਿਹਾ ਹੈ ਇਸ ਲਈ ਮਾਪਿਆਂ, ਅਧਿਆਪਕਾਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਪ੍ਰਤੀ ਚੇਤੰਨ ਹੋਣ ਪਏ ਗਾ ।

98886-90280



## ਕਹਾਣੀ
# ਟੇਕ ਕੇਅਰ

**ਪ੍ਰੋ. ਤਰਸਪਾਲ ਕੌਰ**

ਮੈਂ ਗੱਲਾਂ ਵਿਚ ਹੀ ਉਹਦੇ ਨਾਲ ਖੁੱਲ੍ਹ ਗਈ। ਮੈਂ ਉਹਨੂੰ ਪੁੱਛਿਆ ਕਿ ਉਸਨੇ ਮੈਨੂੰ 'ਕਿਵੇਂ ਬੁਲਾਇਆ ਤੇ ਕਿਵੇਂ ਪਤਾ ਚੱਲਿਆ ਕਿ ਮੈਂ ਪੰਜਾਬੀ ਹਾਂ।' ਤਦ ਉਹ ਕਹਿਣ ਲੱਗੀ "ਤੇਰੇ ਘਰੋਂ ਇਕ ਦਿਨ ਖੁੱਲ੍ਹੀ ਖਿੜਕੀ ਵਿਚੋਂ ਦੀ ਟੀ ਵੀ 'ਤੇ ਹੋ ਰਹੇ ਸ਼ਬਦ-ਗਾਇਨ ਤੇ ਗੁਰਬਾਣੀ ਦੀ ਆਵਾਜ਼ ਗੂੰਜ ਰਹੀ ਸੀ।"

ਸ਼ਾਇਦ ਉਹਨੇ ਮੈਨੂੰ ਆਉਂਦੀ ਜਾਂਦੀ ਨੂੰ ਇਕ ਦੋ ਵਾਰ ਵੇਖਿਆ ਵੀ ਸੀ। ਗੱਲਾਂ ਕਰਦਿਆਂ ਬੀਬੀ ਕੁਲਜੀਤ ਚਾਹ ਵੀ ਲੈ ਆਈ। ਬੇਬੇ ਨੇ ਦੱਸਿਆ ਕਿ ਕੁਲਜੀਤ ਕਦੇ-ਕਦੇ ਵੀਕ-ਐਂਡ ਤੇ ਉਹਦੀ ਦੇਖਭਾਲ ਕਰਨ ਲਈ ਆਉਂਦੀ ਹੈ। ਉਹ ਵੀ ਸ਼ਾਇਦ ਬੇਬੇ ਦੀ ਕਿਸੇ ਦੂਰ-ਦੁਰਾਡੀ ਰਿਸ਼ਤੇਦਾਰੀ ਵਿਚੋਂ ਸੀ। ਚਾਹ ਪੀਂਦੇ-ਪੀਂਦੇ ਮੇਰੀ ਉਸ ਬੇਬੇ ਨਾਲ ਗੂੜ੍ਹੀ ਸਾਂਝ ਬਣਦੀ ਗਈ। ਉਹ ਮੇਰੇ ਕੋਲੋਂ ਪੰਜਾਬ ਦੀਆਂ ਗੱਲਾਂ ਸੁਣ-ਸੁਣ ਕੇ ਖਿੜ ਉਠੀ ਤੇ ਆਪਣਾ ਪਿਛੋਕੜ ਵੀ ਬਿਆਨ ਕਰਨ ਲੱਗੀ।

ਇਸ ਤਰ੍ਹਾਂ ਮੈਂ ਉਸ ਕੋਲ ਅਕਸਰ ਜਾਣ ਲੱਗ ਪਈ। ਇਕ ਦਿਨ ਮੈਂ ਉਸ ਤੋਂ ਪੁੱਛਿਆ ਕਿ ਉਸਦੇ ਪੋਤੇ-ਪੋਤਰੀਆਂ ਕਿੱਥੇ ਨੇ ? ਉਹਨੇ ਕਿਹਾ ਕਿ ਪੋਤਰੀ ਅਮਰੀਕਾ ਭੂਆ ਕੋਲ ਪੜ੍ਹਦੀ ਹੈ ਤੇ ਪੋਤਰਾ ਇੱਥੇ ਹੀ ਨੌਕਰੀ ਕਰਦਾ ਹੈ। ਉਹਨੂੰ ਦਾਦੀ ਕੋਲ ਆਉਣ ਦਾ ਸਮਾਂ ਹੀ ਕਈ ਮਹੀਨਿਆਂ ਬਾਅਦ ਮਿਲਦਾ ਹੈ।

ਸ਼ਾਇਦ ਜ਼ਿਆਦਾ ਪੁੱਛਣ ਦੀ ਮੇਰੇ ਕੋਲ ਵੀ ਹਿੰਮਤ ਨਹੀਂ ਸੀ ਹੁੰਦੀ। ਉਹ ਬੇਬੇ ਵਰ੍ਹਿਆਂ ਤੋਂ ਪਤੀ ਦੀ ਮੌਤ ਦੇ ਬਾਅਦ ਇਹੀ ਇਕਾਂਤ ਵਾਲਾ ਜੀਵਨ ਬਿਤਾ ਰਹੀ ਸੀ। ਇਕ ਦਿਨ ਫਿਰ ਦੁਬਾਰਾ ਉਹੀ ਦੋ ਬੰਦੇ ਕਾਗਜ਼ਾਂ ਦੀ ਫਾਈਲ ਨਾਲ ਲੈ ਕੇ ਬੇਬੇ ਕੋਲ ਆਏ ਸਨ। ਮੈਂ ਬੇਬੇ ਨੂੰ ਉਨ੍ਹਾਂ ਦੇ ਆਉਣ ਦਾ ਕਾਰਨ ਪੁੱਛ ਹੀ ਲਿਆ ਤਾਂ ਬੇਬੇ ਦੱਸਣ ਲੱਗੀ ਕਿ "ਮੈਂ ਤੇ ਮੇਰੇ ਪਤੀ ਨੇ ਉਮਰ ਭਰ ਮਿਹਨਤ ਕੀਤੀ ਤੇ ਬੱਚਿਆਂ ਲਈ ਸਾਰੀ ਉਮਰ ਦੀ ਕਮਾਈ ਲਾ ਕੇ ਉਨ੍ਹਾਂ ਦੀ ਜਾਇਦਾਦ ਬਣਾ ਦਿੱਤੀ। ਮੇਰੇ ਪਤੀ ਦੀ ਮੌਤ ਮਗਰੋਂ ਜਾਇਦਾਦ ਦੀ ਪੂਰੀ ਮਲਕੀਅਤ ਪੁੱਤਰ ਕੋਲ ਆਉਣੀ ਹੀ ਸੀ। ਸ਼ਾਇਦ ਇਸ ਜਾਇਦਾਦ ਨੇ ਹੀ ਮੇਰਾ ਪੁੱਤਰ ਮੇਰੇ ਕੋਲੋਂ ਕੁਝ ਦੂਰ ਕਰ ਦਿੱਤਾ" ਉਸਨੇ ਹਉਕਾ ਭਰ ਕੇ ਕਿਹਾ। ਫਿਰ ਉਹ ਕਹਿੰਦੀ, "ਉਸਦੀਆਂ ਤਾਂ ਅੱਖਾਂ ਹੀ ਤਰਸਦੀਆਂ ਰਹਿੰਦੀਆਂ ਕਿ ਉਹਦੇ ਉਹ ਨੂੰਹ-ਪੁੱਤ ਆ ਕੇ ਮਿਲ ਹੀ ਜਾਣ।"

ਬੇਬੇ ਕੋਲ ਸ਼ਾਇਦ ਉਹ ਮਹੀਨਿਆਂ ਬਾਅਦ ਮਸਾਂ ਹੀ ਪੰਜ ਮਿੰਟ ਲਈ ਆਉਂਦੇ ਸਨ। ਉਹ ਬੇਬੇ ਨੂੰ ਕਹਿ ਕੇ ਚਲੇ ਜਾਂਦੇ ਕਿ- "ਬਿਜ਼ੀ ਸ਼ਡਿਊਲ ਹੈ, ਟਾਈਮ ਮਿਲਦੇ ਹੀ ਆਵਾਂਗੇ।" ਫਿਰ ਉਹ ਅੱਗੇ ਦੱਸਣ ਲੱਗੀ, "ਹੁਣ ਇਸ ਮਕਾਨ ਦੀ ਮਾਲਕੀ ਮੇਰੇ ਕੋਲ ਹੈ, ਜਿਸ ਵਿਚ ਮੈਂ ਰਹਿੰਦੀ ਹਾਂ। ਇਹ ਮਕਾਨ ਉਹ ਹੁਣ ਛੇਤੀ ਵੇਚਣਾ ਚਾਹੁੰਦੇ ਨੇ, ਪਰ ਇਹ ਮੇਰਾ ਆਪਣਾ ਪੁਰਾਣਾ ਮਕਾਨ ਹੈ ਤੇ ਮੈਂ ਕਈ ਵਰ੍ਹਿਆਂ ਤੋਂ ਸੋਚ ਰੱਖਿਐ ਕਿ ਇਸ ਮਕਾਨ ਨੂੰ ਵੇਚ ਕੇ ਮੈਂ ਆਪਣੇ ਪੰਜਾਬ ਰਹਿੰਦੇ ਗਰੀਬ ਭਾਣਜੇ ਦੀ ਮਦਦ ਕਰੂੰਗੀ। ਪਰ ਮੇਰੇ ਲੜਕੇ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ।" ਫਿਰ ਉਹ ਕੁਝ ਸੋਚ ਕੇ ਰੁਕ ਗਈ ਤੇ ਕਹਿਣ ਲੱਗੀ- "ਧੀਏ, ਜੇ ਤੂੰ ਮੇਰਾ ਕੁਝ ਸਾਮਾਨ ਹੀ ਪੰਜਾਬ ਲੈ ਜਾਵੇਂ, ਤੇ ਮੇਰੀ ਭੈਣ ਨੂੰ ਦੇ ਦੇਵੇਂ, ਮੁੱਦਤਾਂ ਹੋ ਗਈਆਂ ਉਸਨੂੰ ਮਿਲਿਆਂ।" ਮੈਂ ਕਿਹਾ "ਬੇਬੇ ਜੀ ਫ਼ਿਕਰ ਨਾ ਕਰੋ, ਮੈਂ ਛੇਤੀ ਹੀ ਜਾਣੈ, ਜ਼ਰੂਰ ਲੈ ਕੇ ਜਾਵਾਂਗੀ।" ਉਹ ਖ਼ੁਸ਼ ਹੋ ਗਈ।

ਫਿਰ ਅਗਲੇ ਦਿਨ ਮੇਰੀ ਨਜ਼ਰ ਬੇਬੇ ਦੇ ਦਰਵਾਜ਼ੇ 'ਤੇ ਗਈ। ਕੁਲਜੀਤ ਕੌਰ ਦੇ ਨਾਲ ਇਕ ਆਦਮੀ ਬਾਹਰ ਆ ਰਿਹਾ ਸੀ, ਉਹ ਤੇਜ਼ੀ ਨਾਲ ਚਲਾ ਗਿਆ। ਮੈਂ ਕੁਲਜੀਤ ਕੌਰ ਨੂੰ ਪੁੱਛਿਆ ਕਿ ਕੀ ਗੱਲ ਹੈ ? ਉਹ ਕਹਿਣ ਲੱਗੀ ਕਿ ਬੇਬੇ ਜੀ ਰਾਤ ਦੇ ਬਿਮਾਰ ਹਨ, ਡਾਕਟਰ ਨੂੰ ਬੁਲਾਇਆ ਸੀ। ਹੁਣ ਕੁਝ ਕੁ ਠੀਕ ਨੇ। ਮੈਂ ਨਿੱਕਾ ਮੋਟਾ ਕੰਮ ਨਿਪਟਾ ਕੇ ਬੇਬੇ ਜੀ ਦੇ ਘਰ ਚਲੀ ਗਈ। "ਬੇਬੇ ਜੀ ਨੂੰ ਤਾਂ ਹਾਲੇ ਵੀ ਬੁਖਾਰ ਹੈ।" ਮੈਂ ਬੀਬੀ ਕੁਲਜੀਤ ਨੂੰ ਕਿਹਾ। ਉਹ ਕਹਿਣ ਲੱਗੀ- "ਮੈਡੀਸਨ ਦਿੱਤੀ ਹੈ, ਅੱਗੇ ਨਾਲੋਂ ਤਾਂ ਫਰਕ ਪੈ ਰਿਹੈ।" ਪਰ ਬੇਬੇ ਹਾਲੇ ਵੀ ਹੌਲੀ-ਹੌਲੀ ਗੱਲ ਕਰੀ ਜਾ ਰਹੀ ਸੀ। ਫਿਰ ਅਚਾਨਕ ਡੋਰ ਬੈਲ ਵੱਜੀ। ਕੁਲਜੀਤ ਨੇ ਬੂਹਾ ਖੋਲ੍ਹਿਆ, ਇਕ ਸੂਟ-ਬੂਟ ਪਹਿਨੇ ਹੋਏ, ਫਰੈਂਚ ਕੱਟ ਦਾੜ੍ਹੀ, ਗੋਰਾ-ਨਿਸ਼ੋਹ ਆਦਮੀ ਲਗਭਗ ਨੌਜਵਾਨ ਹੀ ਜਾਪਦਾ ਸੀ, ਤੇਜ਼ੀ ਨਾਲ ਪੌੜੀਆਂ ਚੜ੍ਹ ਕੇ ਉਪਰ ਆ ਗਿਆ ਤੇ ਪਲੰਘ ਦੇ ਕੋਲ ਝੁਕ ਕੇ ਕਹਿਣ ਲੱਗਾ, "ਹੋਰ ਕਿੱਦਾਂ ਹੋ ਬੀਜੀ ?... "ਆ...ਯੂ ਨੋ, ਆਈ ਵਾਜ਼ ਵੈਰੀ ਬਿਜ਼ੀ। ਕੀ ਕਹਿੰਦਾ ਡਾਕਟਰ ਤੇ ਕੀ ਲਿਆ ਹੈ ਤੁਸੀਂ ?" ਕਿੰਨੇ ਹੀ ਵਾਕ ਉਸਨੇ ਇੱਕੋ ਸਾਹ ਪੂਰੇ ਕਰ ਦਿੱਤੇ। ਬੇਬੇ ਜੀ ਦੀਆਂ ਅੱਖਾਂ ਵਿਚ ਜਿਵੇਂ ਕੁਝ ਕੁ ਚਮਕ ਜਿਹੀ ਆ ਗਈ ਤੇ ਉਹਨੇ ਹਾਂ ਵਿਚ ਸਿਰ ਹਿਲਾਇਆ ਤੇ ਹੌਲੀ ਜਿਹੀ ਬੋਲੇ, "ਕੁਝ ਠੀਕ ਹਾਂ ਹੁਣ...।"

"ਜਦੋਂ ਕੁਲਜੀਤ ਬੀਬੀ ਨੇ ਮੈਨੂੰ ਫੋਨ ਕੀਤਾ... ਤੁਹਾਡੀ ਸਿਹਤ ਬਾਰੇ... ਮੈਂ ਉਦੋਂ ਆਫਿਸ ਵਿਚ ਸੀ।" ਬੇਬੇ ਜੀ ਕਹਿਣ ਲੱਗੇ, "ਕੋਈ ਗੱਲ ਨੀ ਪੁੱਤ, ਮੈਨੂੰ ਪਤੈ।" ਉਹ ਸ਼ਖਸ ਬੇਬੇ ਜੀ ਦਾ ਪੁੱਤ ਸੀ। ਫਿਰ ਕੁਝ ਸਮਾਂ ਰੁਕਣ ਮਗਰੋਂ ਉਹਨੇ ਜਿਵੇਂ ਗਿਲਾ ਜਿਹਾ ਕੀਤਾ, "ਬੀਜੀ ਮੈਂ ਆਪਣੇ ਦੋਸਤ ਗਰੇਵਾਲ ਸਾਹਿਬ ਨੂੰ ਵਕੀਲ ਸਾਹਿਬ ਦੇ ਕਲਰਕ ਨਾਲ ਭੇਜਿਆ ਸੀ, ਤੁਸੀਂ ਸਾਈਨ ਨਹੀਂ ਕੀਤੇ ? ਖ਼ੈਰ... ਇਟਸ ਓਕੇ...।" ਫਿਰ ਉਹ ਕੁਲਜੀਤ ਵੱਲ ਨੂੰ ਮੁੜਿਆ ਤੇ ਉਹਨੂੰ ਕਹਿਣ ਲੱਗਿਆ, "ਅੱਛਾ ਮੈਂ ਚੱਲਦਾਂ, ਲੋੜ ਪਈ ਤਾਂ ਮੈਨੂੰ ਕਾਲ ਕਰ ਦੇਣਾ, ਡੌਂਟ ਵਰੀ।" ਉਸਦੀ ਮੇਰੀ ਕੋਈ ਇੰਨੀ ਕਾਹਲ ਵਿਚ ਜਾਣ-ਪਛਾਣ ਹੀ ਨਾ ਹੋ ਸਕੀ। ਬੱਸ ਆਉਂਦਿਆਂ ਹੀ ਉਹਨੇ ਸਤਿ ਸ੍ਰੀ ਅਕਾਲ ਬੜੇ ਆਦਰ ਨਾਲ ਸਵੀਕਾਰ ਕਰ ਲਈ ਸੀ। ਫਿਰ ਉਹ ਬੇਬੇ ਜੀ ਦਾ ਹੱਥ ਫੜ ਕੇ ਦਿਲਾਸਾ ਦੇਣ ਲੱਗਿਆ, "ਬੀਜੀ ਡੋਂਟ ਵਰੀ ਐਂਡ ਟੇਕ-ਕੇਅਰ"...। ਫਿਰ ਉਹ ਇਕਦਮ ਪਿੱਛੇ ਮੁੜਿਆ ਤੇ ਤੇਜ਼ ਕਦਮਾਂ ਨਾਲ ਬਾਹਰ ਨਿਕਲ ਗਿਆ।

ਬੇਬੇ ਜੀ ਉਸੇ ਤਰ੍ਹਾਂ ਸ਼ਾਂਤ ਚਿੱਤ ਪਈ ਰਹੀ ਤੇ ਜਿਵੇਂ ਕਹਿ ਰਹੀ ਹੋਵੇ "ਇਹ ਤਾਂ ਬੱਸ ਇੰਝ ਹੀ ਆਉਂਦੈ।" ਮੈਂ ਬੇਬੇ ਜੀ ਨਾਲ ਕੁਝ ਸਮਾਂ ਹੌਲੀ-ਹੌਲੀ ਗੱਲਾਂ ਕਰਦੀ ਰਹੀ ਤੇ ਉਨ੍ਹਾਂ ਨੂੰ ਨੀਂਦ ਆਉਣ ਲੱਗੀ ਪਈ, ਮੈਂ ਕਿਹਾ, "ਬੇਬੇ ਜੀ ਤੁਸੀਂ ਸੌਂ ਜਾਓ, ਮੈਂ ਚੱਲਦੀ ਹਾਂ।" ਉਹ ਸੌਂ ਗਈ ਤੇ ਮੈਂ ਕੁਲਜੀਤ ਨੂੰ ਕਿਹਾ, "ਜੇ ਰਾਤੀਂ ਲੋੜ ਪਈ ਤਾਂ ਮੈਨੂੰ ਬੁਲਾ ਲੈਣਾ, ਮੈਂ ਆ ਜਾਵਾਂਗੀ।" ਉਹ ਕਹਿੰਦੀ "ਠੀਕ ਐ, ਤੁਸੀਂ ਵੀ ਸੌਂ ਜਾਓ।" ਸਵੇਰੇ ਮੇਰੇ ਸਿਰ ਵਿਚ ਕਾਫ਼ੀ ਦਰਦ ਮਹਿਸੂਸ ਹੋ ਰਿਹਾ ਸੀ ਤੇ ਮੈਂ ਜਲਦੀ ਨਾ ਉਠ ਸਕੀ, ਘੜੀ ਵੱਲ ਵੇਖਿਆ ਤਾਂ ਸਵਾ ਅੱਠ ਹੋ ਚੁੱਕੇ ਸਨ। ਬਿਸਤਰੇ 'ਚੋਂ ਉਠ ਕੇ ਫਰੈਸ਼ ਹੋ ਕੇ ਚਾਹ ਪਾਣੀ ਪੀਤਾ ਤੇ ਰੋਜ਼ਾਨਾ ਵਾਂਗ ਨਿੱਕਾ ਮੋਟਾ ਕੰਮ ਸ਼ੁਰੂ ਕਰਨ ਲੱਗ ਪਈ। ਮੇਰੇ ਮਨ ਵਿਚ ਕਾਹਲ ਵੀ ਸੀ ਕਿ ਬੇਬੇ ਜੀ ਦਾ ਪਤਾ ਛੇਤੀ ਲਿਆ ਜਾਵੇ। ਹਾਲੇ ਮੈਂ ਸੋਚਾਂ ਵਿਚ ਹੀ ਸੀ ਕਿ ਡੋਰ ਬੈਲ ਹੋਈ, ਮੈਂ ਬੂਹਾ ਖੋਲ੍ਹਿਆ, ਸਾਹਮਣੇ ਕੁਲਜੀਤ ਸੀ, ਕੁਝ ਚੁੱਪ ਜਿਹੀ। ਮੈਂ ਕਿਹਾ, "ਤੁਸੀਂ ਅੰਦਰ ਆ ਜਾਓ", ਪਰ ਉਹ ਕਹਿਣ ਲੱਗੀ "ਬੇਬੇ ਜੀ ਜ਼ਿਆਦਾ ਔਖੇ ਨੇ ਤੇ ਮੈਂ ਬੇਬੇ ਜੀ ਦੇ ਲੜਕੇ ਨੂੰ ਫ਼ੋਨ ਕੀਤਾ, ਸ਼ਾਇਦ ਆ ਹੀ ਜਾਵੇ।" ਉਹ ਮੈਨੂੰ ਜਜ਼ਬਾਤੀ ਹੋ ਕੇ ਕਹਿਣ ਲੱਗੀ, "ਬੀਬਾ ਜੇ ਤੁਸੀਂ ਬੇਬੇ ਜੀ ਕੋਲ ਬਹਿ ਕੇ ਪਾਠ ਹੀ ਕਰ ਲਵੋਂ...।" "ਮੈਂ ਕਿਹਾ, ਕਿਉਂ ਨਹੀਂ ? ਹੁਣੇ ਆਈ।" ਮੈਂ ਵੀ ਸਮਝ ਗਈ ਸੀ ਸ਼ਾਇਦ...। ਮੈਂ ਬੇਬੇ ਜੀ ਕੋਲ ਬਹਿ ਕੇ ਘੰਟਾ ਭਰ ਪਾਠ ਕਰਦੀ ਰਹੀ ਤੇ ਉਨ੍ਹਾਂ ਦੇ ਸੌਂ ਜਾਣ 'ਤੇ ਵਾਪਿਸ ਆ ਗਈ। ਘੰਟਾ ਭਰ ਮੈਂ ਸਟੱਡੀ ਟੇਬਲ 'ਤੇ ਬਹਿ ਕੇ ਲਿਖਦੀ ਰਹੀ, ਫਿਰ ਮੈਂ ਪਰਦਾ ਹਟਾ ਕੇ ਬਾਹਰ ਦੇਖਿਆ। ਇਕ ਕਾਰ ਆ ਕੇ ਬੇਬੇ ਜੀ ਦੇ ਦਰਵਾਜ਼ੇ 'ਤੇ ਰੁਕੀ। ਬੇਬੇ ਜੀ ਦਾ ਲੜਕਾ ਆਇਆ ਸੀ, ਉਸਦੇ ਪਿੱਛੇ ਹੀ ਦੋ ਕਾਰਾਂ ਹੋਰ ਆ ਕੇ ਰੁਕੀਆਂ, ਜਿਨ੍ਹਾਂ ਵਿਚ ਦੋ ਔਰਤਾਂ ਸਮੇਤ ਇਕ ਵਿਅਕਤੀ ਹੋਰ ਸੀ। ਸ਼ਾਇਦ ਬੇਬੇ ਜੀ ਦਾ ਪੋਤਰਾ, ਨੂੰਹ ਅਤੇ ਪੋਤ ਨੂੰਹ...। ਮੇਰੇ ਕੋਲੋਂ ਰੁਕਿਆ ਨਾ ਗਿਆ ਤੇ ਮੈਂ ਵੀ ਬੇਬੇ ਦੇ ਘਰ ਆ ਗਈ। ਕੁਲਜੀਤ ਪੌੜੀਆਂ ਵਿਚ ਬੈਠੀ ਰੋ ਰਹੀ ਸੀ, ਮੇਰੇ ਕਦਮ ਉਥੇ ਹੀ ਖਲੋ ਗਏ ਪਰ ਇਹੀ ਤਾਂ ਸੰਸਾਰ ਦਾ ਵੱਡਾ ਸੱਚ ਹੈ, ਮੈਂ ਭਾਵੁਕ ਹੋ ਗਈ। ਮੈਂ ਤੇ ਬੀਬੀ ਕੁਲਜੀਤ ਇਕ ਦੂਜੇ ਨੂੰ ਵੇਖਦਿਆਂ ਹੀ ਜਜ਼ਬਾਤੀ ਹੋ ਗਈਆਂ। ਮੈਂ ਉਪਰ ਦੇ ਰੂਮ ਵਿਚ ਗਈ, ਬੇਬੇ, ਚੁੱਪ-ਚਾਪ ਸ਼ਾਂਤ ਲੰਮੀਆਂ ਤਾਣ ਕੇ ਸਦਾ ਲਈ ਨੀਂਦ ਦੀ ਗੋਦ ਵਿਚ ਚਲੀ ਗਈ ਸੀ। ਉਸਦਾ ਲੜਕਾ, ਪੋਤਰਾ, ਨੂੰਹ ਸਾਰੇ ਪਲੰਘ ਦੇ ਆਲੇ-ਦੁਆਲੇ ਖੜ੍ਹੇ ਸਨ। ਮੇਰੇ ਦਿਮਾਗ ਵਿਚ ਵਾਰ-ਵਾਰ ਰਾਤੀਂ ਬੇਬੇ ਜੀ ਦੇ ਪੁੱਤਰ ਵੱਲੋਂ ਕਿਹਾ ਸ਼ਬਦ 'ਟੇਕ ਕੇਅਰ' ਘੁੰਮ ਰਿਹਾ ਸੀ। ਅਗਲੇ ਦਿਨ ਕੁਲਜੀਤ ਨੇ ਮੈਨੂੰ ਇਕ ਛੋਟਾ ਜਿਹਾ ਬੈਗ ਲਿਆ ਕਿ ਫੜਾ ਦਿੱਤਾ, ਇਸ ਵਿਚ ਸ਼ਾਇਦ ਬੇਬੇ ਜੀ ਭੈਣ ਲਈ ਸਾਮਾਨ ਸੀ। ਇਹ ਬੇਬੇ ਦੀ ਆਖ਼ਰੀ ਅਮਾਨਤ ਜੋ ਮੈਂ ਕੀਤੇ ਵਾਅਦੇ ਅਨੁਸਾਰ ਬੇਬੇ ਦੀ ਭੈਣ ਦੇ ਪਿੰਡ (ਪੰਜਾਬ) ਪਹੁੰਚਾਉਣੀ ਸੀ।

# ਜ਼ਿਲ੍ਹਾ ਅਤੇ ਸ਼ੈਸ਼ਨਜ ਜੱਜ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਬਾਲ ਘਰਾਂ ਦਾ ਅਚਨਚੇਤ ਨਿਰੀਖਣ




ਪਟਿਆਲਾ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਜ਼ਿਲ੍ਹਾ ਅਤੇ ਸੈਸ਼ਨਜ ਜੱਜ ਅਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ. ਅਵਤਾਰ ਸਿੰਘ ਨੇ ਅੱਜ ਜ਼ਿਲ੍ਹੇ ਦੇ ਚਿਲਡਰਨ ਹੋਮਜ਼ ਦਾ ਅਚਾਨਕ ਦੌਰਾ ਕਰਦਿਆਂ ਇੱਥੇ ਰਹਿ ਰਹੇ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਤੇ ਸਿੱਖਿਆ ਦਾ ਜਾਇਜ਼ਾ ਲਿਆ।

ਉਨ੍ਹਾਂ ਨੇ ਐਸ. ਓ. ਐਸ. ਚਿਲਡ੍ਰਨਜ਼ ਵਿਲੇਜ਼ ਰਾਜਪੁਰਾ, ਚਿਲਡ੍ਰਨ ਹੋਮ ਪਟਿਆਲਾ ਐਟ ਰਾਜਪੁਰਾ, ਮਾਨਸਿਕ ਤੌਰ 'ਤੇ ਅਪੰਗ ਬੱਚਿਆਂ ਲਈ ਹਾਫ ਵੇਅ ਹੋਮ, ਰਾਜਪੁਰਾ ਅਤੇ ਯਦਵਿੰਦਰ ਪੂਰਣ ਬਾਲ ਨਿਕੇਤਨ, ਪਟਿਆਲਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਤੇ ਸੀਜੇਐਮ ਅਮਨਦੀਪ ਕੰਬੋਜ ਵੀ ਮੌਜੂਦ ਸਨ।

ਜ਼ਿਲ੍ਹਾ ਤੇ ਸੈਸ਼ਨਜ ਜੱਜ ਨੇ ਬੱਚਿਆਂ ਨਾਲ ਉਨ੍ਹਾਂ ਦੀ ਪੜਾਈ, ਭੋਜਨ, ਸ਼ਿਕਾਇਤਾਂ ਤੇ ਦਰਪੇਸ਼ ਸਮੱਸਿਆਵਾਂ ਬਾਰੇ ਗੱਲਬਾਤ ਕਰਦਿਆਂ ਬੱਚਿਆਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾ ਦਾ ਮੌਕੇ ਉਤੇ ਹੀ ਹੱਲ ਕੀਤਾ ਗਿਆ। ਉਨ੍ਹਾਂ ਨੇ ਸਬੰਧਤ ਸੁਪਰਡੈਂਟਾਂ ਨੂੰ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦਾ ਖ਼ਿਆਲ ਰੱਖਣ ਲਈ ਵਿਸ਼ੇਸ਼ ਹਦਾਇਤਾਂ ਦਿੰਦਿਆਂ ਕਿਹਾ ਗਿਆ ਕਿ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਵਿੱਚ ਕੋਈ ਕਮੀ ਨਾ ਰਹੇ। ਉਨ੍ਹਾਂ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਚਿਲਡਰਨ ਹੋਮਜ਼ ਦਾ ਸਮੇਂ ਸਮੇਂ 'ਤੇ ਦੌਰਾ ਕੀਤਾ ਜਾਂਦਾ ਹੈ ਅਤੇ ਇਸੇ ਤਹਿਤ ਹੀ ਇਹ ਦੌਰਾ ਕੀਤਾ ਗਿਆ ਹੈ।

13 ਦਸੰਬਰ 2025 ਨੂੰ ਜ਼ਿਲ੍ਹਾ ਪਟਿਆਲਾ ਵਿੱਚ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੰਦਿਆਂ ਸੀਜੇਐਮ ਅਮਨਦੀਪ ਕੰਬੋਜ ਨੇ ਲੋਕਾਂ ਨੂੰ ਆਪਣੇ ਵਿਵਾਦਾਂ ਨੈਸਨਲ ਲੋਕ ਅਦਾਲਤ ਅੱਗੇ ਪੇਸ਼ ਕਰਨ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੇ ਕੀਮਤੀ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਬਾਬਤ ਹੋਰ ਵਿਸਤ੍ਰਿਤ ਜਾਣਕਾਰੀ ਵੈਬਸਾਈਟ www.pulsa.gov.in ਜਾਂ ਐਨਏਐਲਐਸਏ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਸੰਪਰਕ ਨੰਬਰ 0175-2306500 ਤੋਂ ਲਈ ਜਾ ਸਕਦੀ ਹੈ।

# ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ, ਦੂਰਸੰਚਾਰ ਵਿਭਾਗ ਦੇ ਫ਼ੀਲਡ ਦਫ਼ਤਰ ਸੀਸੀਏ ਪੰਜਾਬ, ਚੰਡੀਗੜ੍ਹ ਵੱਲੋਂ ਲੁਧਿਆਣਾ ਵਿਖੇ ਲਾਈਫ਼ ਸਰਟੀਫ਼ਿਕੇਟ ਕੈਂਪ ਦਾ ਆਯੋਜਨ

ਚੰਡੀਗੜ੍ਹ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ, ਦੂਰਸੰਚਾਰ ਵਿਭਾਗ ਦੇ ਅਧੀਨ ਪੰਜਾਬ ਰਾਜ ਦੇ ਫ਼ੀਲਡ ਦਫ਼ਤਰ, ਪੰਜਾਬ ਟੈਲੀਕਾਮ ਸਰਕਲ, ਚੰਡੀਗੜ੍ਹ ਦੇ ਕੰਟਰੋਲਰ ਆਫ਼ ਕਮਿਊਨੀਕੇਸ਼ਨ ਅਕਾਊਂਟਸ (ਸੀਸੀਏ) ਦੇ ਦਫ਼ਤਰ ਵੱਲੋਂ ਬੱਚਤ ਭਵਨ, ਲੁਧਿਆਣਾ ਵਿਖੇ ਇੱਕ ਲਾਈਫ਼ ਸਰਟੀਫ਼ਿਕੇਟ ਕੈਂਪ ਦਾ ਆਯੋਜਨ ਕੀਤਾ ਗਿਆ।




ਰਾਸ਼ਟਰ-ਵਿਆਪੀ ਡਿਜੀਟਲ ਲਾਈਫ਼ ਸਰਟੀਫਿਕੇਟ ਮੁਹਿੰਮ 4.0 ਤਹਿਤ ਪੈਨਸ਼ਨਰਾਂ ਦੀ ਭਲਾਈ ਅਤੇ ਸਹੂਲਤ ਲਈ 1-30 ਨਵੰਬਰ, 2025 ਤੱਕ ਇਹ ਕੈਂਪ ਲਗਾਏ ਜਾਣੇ ਹਨ। ਇਨ੍ਹਾਂ ਕੈਂਪਾਂ ਦਾ ਉਦੇਸ਼ ਪੈਨਸ਼ਨਰਾਂ ਵਿੱਚ ਲਾਈਫ਼ ਸਰਟੀਫਿਕੇਟ ਅੱਪਡੇਟ ਨੂੰ ਸੁਖਾਲਾ ਬਣਾਉਣਾ, ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਸਾਈਬਰ ਸੁਰੱਖਿਆ ਅਤੇ ਬੈਂਕਿੰਗ ਨਾਲ ਸਬੰਧਤ ਮੁੱਦਿਆਂ ਸਬੰਧੀ ਜਾਣਕਾਰੀ ਵਧਾਉਣਾ ਹੈ।

ਕੈਂਪ ਦਾ ਉਦਘਾਟਨ ਅਤੇ ਪ੍ਰਧਾਨਗੀ ਸ਼੍ਰੀ ਵੀ.ਐੱਨ. ਟੰਡਨ, ਕੰਟਰੋਲਰ ਆਫ਼ ਕਮਿਊਨੀਕੇਸ਼ਨ ਅਕਾਊਂਟਸ (ਸੀ.ਸੀ.ਏ.), ਪੰਜਾਬ ਨੇ ਕੀਤੀ। ਉਦਘਾਟਨੀ ਭਾਸ਼ਣ ਵਿੱਚ ਸ਼੍ਰੀ ਵੀ.ਐੱਨ. ਟੰਡਨ ਨੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਕਿ ਅਜਿਹੇ ਆਊਟਰੀਚ ਅਤੇ ਸੇਵਾ ਕੈਂਪ ਨਿਯਮਤ ਤੌਰ 'ਤੇ ਆਯੋਜਿਤ ਕੀਤੇ ਜਾਣਗੇ ਤਾਂ ਜੋ ਪੈਨਸ਼ਨਰਾਂ ਦੇ ਦਰਵਾਜ਼ੇ 'ਤੇ ਵਿਭਾਗੀ ਸੇਵਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਨਾਲ ਉਨ੍ਹਾਂ ਦੀ ਸੌਖ, ਆਰਾਮ ਅਤੇ ਭਲਾਈ ਵਿੱਚ ਵਾਧਾ ਹੋਵੇਗਾ। ਸ਼੍ਰੀ ਟੰਡਨ ਵੱਲੋਂ ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਵਧ ਰਹੇ ਔਨਲਾਈਨ ਧੋਖਾਧੜੀਆਂ ਅਤੇ ਘੁਟਾਲਿਆਂ ਦੇ ਮੱਦੇਨਜ਼ਰ, ਪੈਨਸ਼ਨਰਾਂ ਨੂੰ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ, ਮੋਬਾਈਲ ਬੈਂਕਿੰਗ ਦੀ ਸੁਰੱਖਿਅਤ ਵਰਤੋਂ ਅਤੇ ਸਾਈਬਰ ਧੋਖਾਧੜੀਆਂ ਦੀ ਰੋਕਥਾਮ ਬਾਰੇ ਵੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਡਾ. ਮਨਦੀਪ ਸਿੰਘ, ਸੰਯੁਕਤ ਸੀ.ਸੀ.ਏ. ਨੇ ਕੈਂਪ ਦੌਰਾਨ ਲਾਈਫ਼ ਸਰਟੀਫਿਕੇਟ (ਐੱਲ.ਸੀ.) ਸਮੇਂ ਸਿਰ ਜਮ੍ਹਾਂ ਕਰਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਡਾ. ਸਿੰਘ ਨੇ ਪੈਨਸ਼ਨਰਾਂ ਨੂੰ ਡਿਜੀਟਲ ਅਤੇ ਸਾਈਬਰ ਧੋਖਾਧੜੀ ਦੀਆਂ ਵਧਦੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਸੁਚੇਤ ਰਹਿਣ ਅਤੇ ਅਣਜਾਣ ਫ਼ੋਨ ਕਾਲ ਜਾਂ ਵੈੱਬਸਾਈਟਾਂ ਨਾਲ ਨਿੱਜੀ ਜਾਂ ਬੈਂਕਿੰਗ ਵੇਰਵੇ ਸਾਂਝੇ ਨਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਪੈਨਸ਼ਨਰਾਂ ਨੂੰ ਆਪਣੇ ਡਿਜੀਟਲ ਲਾਈਫ਼ ਸਰਟੀਫਿਕੇਟ ਤਿਆਰ ਕਰਨ ਅਤੇ ਜਮ੍ਹਾਂ ਕਰਾਉਣ ਵਿੱਚ ਸਹਾਇਤਾ ਕਰਨ ਲਈ ਇੱਕ ਵਿਸ਼ੇਸ਼ ਕਾਊਂਟਰ ਵੀ ਸਥਾਪਤ ਕੀਤਾ ਗਿਆ। ਇਸ ਤੋਂ ਇਲਾਵਾ ਕੈਂਪ ਦੌਰਾਨ ਫੋਰਟਿਸ ਹਸਪਤਾਲ ਦੇ ਸਹਿਯੋਗ ਨਾਲ ਇੱਕ ਸਿਹਤ ਜਾਂਚ ਕੈਂਪ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਬਜ਼ੁਰਗ ਨਾਗਰਿਕਾਂ ਲਈ ਮੁੱਢਲੀ ਡਾਕਟਰੀ ਜਾਂਚ, ਸਿਹਤ ਸਲਾਹ-ਮਸ਼ਵਰਾ ਕੀਤਾ ਗਿਆ। ਇਸ ਮੌਕੇ ਯੋਗ ਸਬੰਧੀ ਇੱਕ ਵਿਸ਼ੇਸ਼ ਟੀਮ ਵੱਲੋਂ ਪੈਨਸ਼ਨਰਾਂ ਨੂੰ ਯੋਗ ਅਤੇ ਤੰਦਰੁਸਤੀ ਬਾਰੇ ਜਾਗਰੂਕ ਕੀਤਾ ਗਿਆ।

ਵਾਤਾਵਰਨ ਸਾਂਭ-ਸੰਭਾਲ ਪ੍ਰਤੀ ਆਪਣਾ ਨੈਤਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਦਫਤਰ ਵੱਲੋਂ ਬੂਟੇ ਵੀ ਲਗਾਏ ਗਏ। ਇਸ ਸਮਾਗਮ ਵਿੱਚ ਪੈਨਸ਼ਨਰਾਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ।

# ਸਿਵਲ ਸਰਜਨ ਵੱਲੋਂ ਜਿਲਾ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਮਹੀਨਾਵਾਰ ਮੀਟਿੰਗ ਦੌਰਾਨ ਦਿੱਤੇ ਗਏ ਨਿਰਦੇਸ਼



ਪਟਿਆਲਾ, 6 ਨਵੰਬਰ
-ਨਿਊਜ਼ਲਾਈਨ ਐਕਸਪ੍ਰੇਸ-

ਜਿਲੇ ਵਿੱਚ ਸਿਹਤ ਸੇਵਾਵਾਂ ਦੇ ਮਿਆਰ ਨੂੰ ਹੋਰ ਬੇਹਤਰ ਬਣਾਉਣ ਲਈ ਸਿਵਲ ਸਰਜਨ ਪਟਿਆਲਾ ਡਾ ਸੰਜੇ ਕਾਮਰਾ ਵੱਲੋਂ ਅੱਜ ਸਿਵਲ ਸਰਜਨ ਦਫਤਰ ਵਿਖੇ ਜਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਵਲ ਸਰਜਨ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਮਰੀਜਾਂ ਅਤੇ ਉਨ੍ਹਾਂ ਦੇ ਸਬੰਧੀਆਂ ਨਾਲ ਨਾਲ ਦਇਆ,ਹਮਦਰਦੀ ਪੂਰਨ ਰਵਈਆ ਧਾਰਣ ਕਰਨ ਲਈ ਕਿਹਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸਮੂਹ ਐਸ.ਐਮ.ਓ ਤੋਂ ਜਿਲ੍ਹੇ ਵਿੱਚ ਚਲ ਰਹੀਆਂ ਵੱਖ-ਵੱਖ ਸਿਹਤ ਸਕੀਮਾਂ ਅਤੇ ਪ੍ਰੋਗਰਾਮਾਂ ਅਤੇ ਆਮ ਆਦਮੀ ਕਲੀਕਾਂ ਵਿੱਚ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕੀਤੀ ਗਈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਿਹਤ ਸਹੂਲਤਾਂ ਦਾ ਧਿਆਨ ਰੱਖਣਾ ਸਾਡੀ ਸਭ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਸਰਕਾਰ ਵੱਲੋਂ 9 ਅਕਤੂਬਰ ਤੋਂ ਸਰਕਾਰ ਵੱਲੋਂ ਸ਼ੁਰੂ ਕੀਤੀ ਤੰਬਾਕੂ ਮੁਕਤ ਯੂਥ ਮੁਹਿੰਮ ਸਬੰਧੀ ਰੋਜਾਨਾ ਰਿਪੋਰਟ ਨੂੰ ਸਬੰਧਿਤ ਪੋਰਟਲ ਤੇ ਅਪਡੇਟ ਕਰਨਾ ਵੀ ਯਕੀਨੀ ਬਨਾਉਣ ਦੀ ਹਦਾਇਤ ਵੀ ਕੀਤੀ ।ਸਿਵਲ ਸਰਜਨ ਵੱਲੋਂ ਕਿਹਾ ਗਿਆ ਕਿ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਬਿਜਲੀ,ਆਕਸੀਜਨ ਅਤੇ ਦਵਾਈਆਂ ਦੇ ਇੰਤਜਾਮ ਪੂਰੀ ਤਰਾਂ ਦਰੁਸਤ ਰੱਖੇ ਜਾਣ ।ਸਿਹਤ ਸੰਸਥਾਵਾਂ ਵਿੱਚ ਅਤਿ ਜਰੂਰੀ ਦਵਾਈਆਂ ਦੇ ਸਟਾਕ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾਵੇ। ਵੱਖ-ਵੱਖ ਕੌਮੀ ਸਿਹਤ ਪ੍ਰੋਗਰਾਮਾਂ ਤਹਿਤ ਲੋਕਾਂ ਤੱਕ ਸਿਹਤ ਸੰਸਥਾਵਾਂ ਵਿੱਚ ਇਲਾਜ ਲਈ ਆਉਣ ਵਾਲੇ ਬਜੁਰਗਾਂ, ਗਰਭਵਤੀ ਔਰਤਾਂ ਅਤੇ ਗੰਭੀਰ ਬਿਮਾਰੀਆਂ ਨਾਲ ਪੀੜਤ ਮਰੀਜਾਂ ਨਾਲ ਸਟਾਫ ਵੱਲੋਂ ਹਮਦਰਦੀ ਭਰਿਆ ਵਤੀਰਾ ਅਪਣਾਉਂਦੇ ਹੋਏ ਪਹਿਲ ਦੇ ਅਧਾਰ ਤੇ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਨੂੰ ਤਰਜੀਹ ਦਿੱਤੀ ਜਾਵੇ ।ਇਨ੍ਹਾਂ ਸਾਰੇ ਪ੍ਰਬੰਧਾਂ ਲਈ ਸਮੇਂ ਸਮੇਂ ਤੇ ਸੁਪਰਵਿਜਨ ਯਕੀਨੀ ਬਣਾਈ ਜਾਵੇ ।ਹਰ ਮਰੀਜ ਨੂੰ ਐਸ.ਓ ਅਨੁਸਾਰ ਹਰ ਦਵਾਈ ਹਸਪਤਾਲ ਵਿੱਚ ਹੀ ਉਪਲੱਬਧ ਕਰਵਾਈ ਜਾਵੇ ਅਤੇ ਇਸਨੂੰ ਰੋਜਾਨਾ ਮੋਨੀਟਰ ਕੀਤਾ ਜਾਵੇ ।ਡੇਂਗੂ ਅਤੇ ਚਿਕਨਗੁਨੀਆ ਦੇ ਵੱਧ ਰਹੇ ਕੇਸਾਂ ਨੂੰ ਮੁੱਖ ਰੱਖਦਿਆਂ ਸਾਰਿਆਂ ਨੂੰ ਹਦਾਇਤ ਕੀਤੀ ਗਈ ਕਿ ਜਿਸ ਕਿਸੇ ਏਰੀਏ ਵਿੱਚ ਡੇਂਗੂ ਦਾ ਕੇਸ ਨਿਕਲਦਾ ਹੈ ,ਉਸ ਇਲਾਕੇ ਵਿੱਚ ਜਾਗਰੂਕਤਾ ਗਤੀਵਿਧੀਆਂ ਕੀਤੀਆ ਜਾਣ, ਫੋਗਿੰਗ ਕਰਵਾਈ ਜਾਵੇ ਅਤੇ ਨੇੜੇ ਦੇ ਘਰਾਂ ਵਿੱਚ ਲਾਰਵੇ ਦੀ ਚੈਕਿੰਗ ਕੀਤੀ ਜਾਵੇ ਅਤੇ ਇਨ ਡੋਰ ਸਪ੍ਰੇਅ ਕਰਵਾਈ ਜਾਵੇ ।ਮੰਦਰਾਂ ,ਗੁਰਦੁਆਰਿਆ ਵਿੱਚ ਡੇਂਗੂ ਤੋਂ ਬਚਾਅ ਸਬੰਧੀ ਪਬਲੀਸਿਟੀ ਕਰਵਾਈ ਜਾਵੇ।

# 'ਯੁੱਧ ਨਸ਼ਿਆਂ ਵਿਰੁੱਧ' ਦੇ 250ਵੇਂ ਦਿਨ ਪੰਜਾਬ ਪੁਲਿਸ ਵੱਲੋਂ 2.4 ਕਿਲੋ ਹੈਰੋਇਨ ਸਮੇਤ 91 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਦੇ 250ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 276 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 65 ਐਫਆਈਆਰਜ਼ ਦਰਜ ਕਰਕੇ 91 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 250 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 35,519 ਤੱਕ ਪਹੁੰਚ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 2.4 ਕਿਲੋ ਹੈਰੋਇਨ, 6 ਕਿਲੋ ਭੁੱਕੀ, 9853 ਨਸ਼ੀਲੀਆਂ ਗੋਲੀਆਂ ਅਤੇ 1700 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 51 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 276 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 315 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 9 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਡਿਪਟੀ ਕਮਿਸ਼ਨਰ ਤੇ ਐਸਐਸਪੀ ਨੇ ਪਰਾਲੀ ਦੇ ਮੁਕੰਮਲ ਹੱਲ ਲਈ ਕੀਤਾ ਵੱਖ-ਵੱਖ ਪਿੰਡਾਂ ਦਾ ਦੌਰਾ



ਬਠਿੰਡਾ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਅਤੇ ਐਸ.ਐਸ.ਪੀ. ਅਮਨੀਤ ਕੌਂਡਲ ਨੇ ਜ਼ਿਲ੍ਹੇ ਦੇ ਪਿੰਡ ਭੁੱਚੋ ਕਲਾਂ, ਪੂਹਲੀ ਤੇ ਪੂਹਲਾ ਸਮੇਤ ਅਤੇ ਹੋਰ ਵੱਖ-ਵੱਖ ਪਿੰਡਾਂ ਦੇ ਖੇਤਾਂ ਦਾ ਦੌਰਾ ਕਰਕੇ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਦੇ ਮੱਦੇਨਜ਼ਰ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਲਈ ਜਿਥੇ ਉਤਸ਼ਾਹਿਤ ਕੀਤਾ ਉਥੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ।

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਪਿੰਡਾਂ ਦੇ ਕਿਸਾਨਾਂ ਨਾਲ ਖੇਤਾਂ ਵਿੱਚ ਜਾ ਕੇ ਗੱਲਬਾਤ ਕਰਦਿਆਂ ਪਰਾਲੀ ਦੀ ਸੁਚੱਜੀ ਸੰਭਾਲ ਲਈ ਜਾਗਰੂਕ ਕੀਤਾ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਵੱਧ ਤੋਂ ਵੱਧ ਆਧੁਨਿਕ ਮਸ਼ੀਨਰੀ ਦੀ ਵਰਤੋਂ ਕਰਨ।

# ਹਰਭਜਨ ਸਿੰਘ ਈ.ਟੀ.ਓ. ਥਿਰਵੂਨੰਤਮਪੁਰਮ ਦੇ ਗੁਰੂ ਘਰ ਵਿਖੇ ਹੋਏ ਨਤਮਸਤਕ




ਥਿਰਵੂਨੰਤਮਪੁਰਮ, 6 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਥਿਰਵੂਨੰਤਮਪੁਰਮ ਦੇ ਸਟੇਸ਼ਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਉਹ ਇਥੇ ਕੇਰਲਾ ਦੇ ਮੁੱਖ ਮੰਤਰੀ ਸ੍ਰੀ ਪਿਨਾਰਾਏ ਵਿਜੇਅਨ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸਮਾਗਮਾਂ ਵਿੱਚ ਸੱਦਾ ਦੇਣ ਲਈ ਪਹੁੰਚੇ ਹੋਏ ਸਨ।

ਇਸ ਮੌਕੇ ਹਾਜ਼ਰ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸਰਦਾਰ ਹਰਭਜਨ ਸਿੰਘ ਈ.ਟੀ.ਓ. ਨੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਹੋਰ ਫੈਲਾਉਣ ਦੀ ਅਪੀਲ ਕੀਤੀ।

ਉਨ੍ਹਾਂ ਇਸ ਮੌਕੇ ਹਾਜ਼ਰ ਸੰਗਤਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਵੇਂ ਸ਼ਹੀਦੀ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਵੀ ਅਪੀਲ ਕੀਤੀ।

# ਕੇਂਦਰ ਸਰਕਾਰ ਵੱਲੋਂ ਸਿੰਡੀਕੇਟ ਭੰਗ ਕਰਨ ਦਾ ਫੈਸਲਾ ਵਾਪਿਸ ਲੈਣਾ ਪੰਜਾਬ, ਪੰਜਾਬੀਅਤ ਤੇ ਵਿਦਿਆਰਥੀਆਂ ਦੇ ਸੰਘਰਸ਼ ਦੀ ਵੱਡੀ ਜਿੱਤ: ਬਲਬੀਰ ਸਿੱਧੂ

ਮੁਹਾਲੀ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਆਪਣੇ 28 ਅਕਤੂਬਰ ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਵਾਪਸ ਲੈ ਲਿਆ ਹੈ ਅਤੇ ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਰੱਦ ਕਰ ਦਿੱਤੀ ਹੈ। ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇਸ ਮੌਕੇ ਉੱਤੇ ਕਿਹਾ ਕਿ ਇਹ ਫੈਸਲਾ ਪੰਜਾਬ, ਪੰਜਾਬੀਅਤ ਅਤੇ ਵਿਦਿਆਰਥੀਆਂ ਦੇ ਸੰਘਰਸ਼ ਦੀ ਵੱਡੀ ਜਿੱਤ ਹੈ। ਸਿੱਧੂ ਨੇ ਸਾਰੇ ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਸਿਆਸੀ ਜਮਾਤਾਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ।

ਸਿੱਧੂ ਨੇ ਇਸ ਮਾਮਲੇ ਨੂੰ ਪੰਜਾਬੀਅਤ ਅਤੇ ਲੋਕਾਂ ਦੀ ਭਾਗੀਦਾਰੀ ਦੀ ਜਿੱਤ ਵਜੋਂ ਦੇਖਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਫੈਸਲੇ ਸਿੱਖਿਆ ਦੀ ਸਵੈ-ਤੰਤਰਤਾ ਅਤੇ ਪਾਰਦਰਸ਼ਤਾ ਨਾਲ ਸਬੰਧਿਤ ਹੁੰਦੇ ਹਨ। ਇਸ ਲਈ



ਸਰਕਾਰ ਨੂੰ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨਾਲ ਗਹਿਰਾਈ ਨਾਲ ਚਰਚਾ ਕਰਨੀ ਚਾਹੀਦੀ ਹੈ। ਧੱਕੇ ਨਾਲ ਲਏ ਜਾਣ ਵਾਲੇ ਫ਼ੈਸਲੇ ਨਾ ਸਿਰਫ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਦੇ ਹਨ, ਬਲਕਿ ਯੂਨੀਵਰਸਿਟੀ ਦੀ ਸਿੱਖਿਆ ਅਤੇ ਸੰਸਕ੍ਰਿਤੀ ਦੀ ਛਵੀ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ।

ਸਿੱਧੂ ਨੇ ਜ਼ੋਰ ਦਿੱਤਾ ਕਿ ਅਜਿਹੇ ਮਾਮਲਿਆਂ ਵਿੱਚ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਮਿਲ ਕੇ ਸੰਤੁਲਿਤ ਅਤੇ ਪਾਰਦਰਸ਼ੀ ਨੀਤੀਆਂ ਬਣਾਉਣ ਅਤੇ ਵਿਦਿਆਰਥੀਆਂ ਦੀ ਭਵਿੱਖੀ ਤਰੱਕੀ ਨੂੰ ਧਿਆਨ ਵਿੱਚ ਰੱਖਣ। ਉਹਨਾਂ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਪੰਜਾਬ ਯੂਨੀਵਰਸਿਟੀ ਤੱਕ ਸੀਮਿਤ ਨਹੀਂ ਹੈ, ਸਗੋਂ ਸਾਰੀਆਂ ਸਿੱਖਿਆ ਸੰਸਥਾਵਾਂ ਲਈ ਇੱਕ ਨਮੂਨਾ ਬਣਦਾ ਹੈ ਕਿ ਲੋਕਾਂ ਦੀ ਭਾਗੀਦਾਰੀ ਅਤੇ ਸੰਵਾਦ ਦੇ ਬਿਨਾਂ ਸਰਕਾਰੀ ਫੈਸਲੇ ਲੰਬੇ ਸਮੇਂ ਤੱਕ ਚੱਲਣ ਵਾਲੇ ਨਹੀਂ ਹੁੰਦੇ।

ਇਸ ਵਿਰੋਧ ਅਤੇ ਸੰਘਰਸ਼ ਤੋਂ ਬਾਅਦ, ਕੇਂਦਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਲਿਆ ਅਤੇ ਨੋਟੀਫਿਕੇਸ਼ਨ ਰੱਦ ਕਰ ਦਿੱਤਾ, ਜਿਸ ਨੂੰ ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਪੰਜਾਬ ਦੀ ਸਿਆਸੀ ਜਮਾਤ ਵੱਲੋਂ ਇੱਕ ਜਿੱਤ ਵਜੋਂ ਸਵੀਕਾਰਿਆ ਜਾ ਰਿਹਾ ਹੈ।

ਸਿੱਧੂ ਨੇ ਕਿਹਾ ਕਿ ਇਹ ਸਿਰਫ਼ ਪੰਜਾਬ ਯੂਨੀਵਰਸਿਟੀ ਲਈ ਹੀ ਨਹੀਂ, ਸਗੋਂ ਸਾਰੀ ਸਿੱਖਿਆ ਸੰਸਥਾਵਾਂ ਲਈ ਇੱਕ ਮਿਸਾਲ ਹੈ।

# ਹਲਕਾ ਸਨੌਰ ਤੋਂ ਰਾਕੇਸ਼ ਬੱਗਾ ਚੋਣ ਮੈਦਾਨ 'ਚ ਆ ਜਨਤਾ ਦੀ ਸੇਵਾ ਦਾ ਬਣਾ ਰਹੇ ਮਨ

ਸਨੌਰ,7 ਨਵੰਬਰ
-ਜਗਜੀਤ ਜੱਗੀ-
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਤੋਂ ਬਹਾਦਰਗੜ੍ਹ ਦੇ ਵਸਨੀਕ ਚੰਗੇ ਮਿਲ ਵਰਤਣ ਸੁਭਾਅ ਦੇ ਮਾਲਿਕ ਰਾਕੇਸ਼ ਬੱਗਾ ਨੇ ਹਲਕਾ ਸਨੌਰ ਤੋਂ ਵਿਧਾਨ ਸਭਾ ਇਲੈਕਸ਼ਨ ਚ ਚੋਣ ਮੈਦਾਨ ਚ ਉਤਰ ਹਲਕਾ ਸਨੌਰ ਨਿਵਾਸੀਆ ਦੀ ਸੇਵਾ ਕਰਨ ਦਾ ਮਨ ਬਣਾ ਕੇ ਹਲਕੇ ਦਾ ਪੂਰਨ ਤੌਰ ਤੇ ਵਿਕਾਸ ਕਰਨ ਦਾ ਵਾਅਦਾ ਕਰਦੇ ਹੋਏ ਕਿਹਾ ਕਿ ਹਲਕਾ ਸਨੌਰ ਨੇ ਹੁਣ ਤੱਕ ਅਕਾਲੀ, ਕਾਂਗਰਸ, ਤੇ ਫਿਰ ਆਮ ਆਦਮੀ ਪਾਰਟੀ ਤੇ ਭਰੋਸਾ ਕਰ ਹਰਮੀਤ ਸਿੰਘ ਪਠਾਨਮਾਜਰਾ ਨੂੰ ਵੱਡੀ ਜਿੱਤ ਦੇ ਕੇ ਸਨਮਾਨਿਆ ਪਰ ਹਲਕਾ ਸਨੌਰ ਵਿਕਾਸ ਕਾਰਜਾਂ ਪੱਖੋਂ ਪਛੜਿਆ ਹੀ ਰਿਹਾ। ਹਲਕਾ ਸਨੌਰ ਦੇ ਮੌਜੂਦਾ ਵਿਧਾਇਕ ਵੀ ਵੱਖ ਵੱਖ ਵਿਵਾਦਾਂ ਚ ਘੀਰੇ ਹੀ ਨਜ਼ਰ ਆਏ।ਰਾਕੇਸ਼ ਬੱਗਾ ਨੇ ਹਲਕਾ ਸਨੌਰ ਨਿਵਾਸੀਆ ਨੂੰ ਹੱਥ ਜੋੜ ਬੇਨਤੀ ਕੀਤੀ ਕਿ ਮੈਂ ਆਪਣੇ ਹਲਕੇ ਸਨੌਰ ਤੋਂ ਅਜ਼ਾਦ ਉਮੀਦਵਾਰ ਦੀ ਚੋਣ ਲੜਨ ਦਾ ਮਨ ਬਣਾ ਕੇ ਹਲਕਾ ਸਨੌਰ ਦੇ ਕਿਸਾਨ, ਵਪਾਰੀ, ਮਜ਼ਦੂਰ ਤੇ ਹਰ ਵਰਗ ਦੀ ਤਰੱਕੀ ਖੁਸ਼ਹਾਲੀ ਲਈ ਹਰ ਸੰਭਵ ਸਹੂਲਤ ਮੁਹੱਈਆ ਕਰਵਾਵਾਂਗਾ ਤੇ ਹਲਕੇ ਸਨੌਰ ਨੂੰ ਵਿਕਾਸ ਕਾਰਜਾਂ ਚ ਪਿੱਛੇ ਨਹੀਂ ਰਹਿਣ ਦੇਵਾਂਗਾ ਮੈਨੂੰ ਹਲਕਾ ਦੇ ਵੋਟਰ ਆਪਣੀ ਇਕ ਇਕ ਕੀਮਤੀ ਵੋਟ ਪਾ ਜਿੱਤ ਹਾਸਿਲ ਕਰਾ ਹਲਕਾ ਸਨੌਰ ਦੀ ਸੇਵਾ ਕਰਨ ਦਾ ਮੌਕਾ ਦੇਣ।



# ਡਿਪਟੀ ਕਮਿਸ਼ਨਰ ਨੇ ਖੁਦ ਬੁਝਾਈ ਪੱਖੋਕੇ ਵਿਖੇ ਖੇਤਾਂ 'ਚ ਲੱਗੀ ਅੱਗ ਤੁਰੰਤ ਬੁਝਾਈ ਅੱਗ



ਬਰਨਾਲਾ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਪਿਛਲੇ ਹਫਤੇ ਤੋਂ ਰੋਜ਼ਾਨਾ ਜ਼ਿਲ੍ਹਾ ਬਰਨਾਲਾ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰ ਰਹੇ ਹਨ ਜਿਸ ਦੌਰਾਨ ਉਨ੍ਹਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਤਹਿਤ ਅੱਜ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਜਦ ਅੱਜ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਪਿੰਡ ਪੱਖੋ ਕਲਾਂ ਵਿਖੇ ਫਾਇਰ ਇੰਜਣ ਦੀ ਮਦਦ ਨਾਲ ਖੇਤਾਂ 'ਚ ਲੱਗੀ ਅੱਗ ਵੇਖੀ ਅਤੇ ਉਸ ਨੂੰ ਆਪ ਮੌਕੇ ਉੱਤੇ ਜਾ ਕੇ ਬੁਝਾਇਆ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਬਰਨਾਲਾ 'ਚ 23 ਪੁਲਸ ਕੇਸ ਦਰਜ ਹੋਏ ਹਨ ਅਤੇ 1.20 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਅੱਜ ਪਿੰਡ ਸੇਖਾ, ਭਲੂਰ, ਨੰਗਲ, ਫ਼ਤਿਹਗੜ੍ਹ ਛੰਨਾ, ਸੰਘੇੜਾ, ਭੋਤਨਾ, ਟੱਲੇਵਾਲ, ਭਦੌੜ, ਸ਼ਹਿਣਾ, ਕੋਠੇ ਗਿੱਲ, ਉਗੋਕੇ, ਢਿਲਵਾਂ, ਪੱਖੋਕੇ ਅਤੇ ਚੀਮਾ ਦਾ ਦੌਰਾ ਕੀਤਾ।

ਇਸ ਮੌਕੇ ਉੱਤੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਕਿਸੇ ਵੀ ਹੀਲੇ ਅੱਗ ਨਹੀਂ ਲੱਗਣ ਦਿੱਤੀ ਜਾਵੇਗੀ। ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਹੜੇ ਕਿਸਾਨ ਖੇਤਾਂ 'ਚ ਅੱਗ ਲਗਾਉਣਗੇ ਉਨ੍ਹਾਂ ਦੀਆਂ ਫ਼ਰਦਾਂ 'ਚ ਲਾਲ ਐਂਟਰੀ ਇੰਦਰਾਜ ਕੀਤੀ ਜਾਵੇਗੀ, ਚਲਾਨ ਕੱਟੇ ਜਾਣਗੇ ਅਤੇ ਐਫ ਆਈ ਆਰ ਦਰਜ ਕੀਤੀ ਜਾਵੇਗੀ। ਨਾਲ ਹੀ ਉਨ੍ਹਾਂ ਅੱਜ 5 ਕਰਮਚਾਰੀਆਂ ਨੂੰ ਚਾਰਜਸ਼ੀਟ ਕੀਤਾ ਜਿਨ੍ਹਾਂ ਦੀ ਅਣਗਹਿਲੀ ਕਾਰਨ ਖੇਤਾਂ 'ਚ ਅੱਗ ਲੱਗੀ। ਉਨ੍ਹਾਂ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਸ ਵੀ ਪਰਾਲੀ ਨੂੰ ਅੱਗ ਲਗਾਉਣ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾਇਆ ਜਾਵੇ।

# ਪ੍ਰਧਾਨ ਬਾਦਲ ਦੇ ਨਿਰਦੇਸ਼ਾਂ ਮੁਤਾਬਕ ਜਿਲ੍ਹਾ ਜਥੇਬੰਦੀ ਵਿਚ ਪ੍ਰਧਾਨ ਹਰਿਆਊ ਨੇ ਥਾਪੇ ਤਿੰਨ ਆਹੁਦੇਦਾਰ

**➤ ਸਾਡਾ ਮੁੱਖ ਏਜੰਡਾ ਭਵਿੱਖ ਲਈ ਪਾਰਟੀ ਨੂੰ ਮਜ਼ਬੂਤ ਕਰਨਾ: ਹਰਿਆਊ ➤ ਜ਼ਿਲ੍ਹਾ ਜਥੇਬੰਦੀ ਵਿਚ ਮੌਲਵੀਵਾਲਾ ਸਕੱਤਰ ਜਨਰਲ, ਟੋਡਰਪੁਰ ਮੁੱਖ ਸਲਾਹਕਾਰ ਤੇ ਸ਼ਰਮਾ ਨੂੰ ਮੁੱਖ ਬੁਲਾਰਾ ਕੀਤਾ ਨਿਯੁਕਤ**

ਪਟਿਆਲਾ, 7 ਨਵੰਬਰ
-ਰਣਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਭਵਿੱਖ ਵਿਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਸ਼੍ਰੋਮਣੀ ਅਕਾਲੀ ਦਲ ਨੇ ਤਰਨਤਾਰਨ ਦੀ ਜਿਮਨੀ ਚੋਣ ਤੋਂ ਪੂਰੀ ਤਰ੍ਹਾਂ ਵਿੱਢ ਦਿੱਤੀ ਹੈ। ਉਥੇ ਹੀ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਨਿੱਤ ਨਵੇਂ ਆਹੁਦੇਦਾਰਾਂ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ। ਜਿਸ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਜਥੇਬੰਦੀ ਵਿਚ ਤਿੰਨ ਆਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ



ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਲਖਵਿੰਦਰ ਸਿੰਘ ਮੌਲਵੀਵਾਲਾ ਨੂੰ ਸਕੱਤਰ ਜਨਰਲ, ਅਮਰਜੀਤ ਸਿੰਘ ਟੋਡਰਪੁਰ ਨੂੰ ਮੁੱਖ ਸਲਾਹਕਾਰ ਤੇ ਗੋਪਾਲ ਸ਼ਰਮਾ ਨੂੰ ਮੁੱਖ ਬੁਲਾਰਾ ਨਿਯੁਕਤ ਕਰਨ ਦਾ ਪੱਤਰ ਜਾਰੀ ਕੀਤਾ ਜਾ ਗਿਆ ਹੈ। ਇਸ ਮੌਕੇ ਪ੍ਰਧਾਨ ਹਰਿਆਊ ਨੇ ਨਵੇਂ ਥਾਪੇ ਤਿੰਨੇ ਆਹੁਦੇਦਾਰਾਂ ਨੂੰ ਵਧਾਈ ਦਿੱਤੀ ਕਰੇ ਪਾਰਟੀ ਲਈ ਤਕੜੇ ਹੋ ਕੇ ਕੰਮ ਕਰਨ ਦਾ ਥਾਪੜਾ ਦਿੱਤਾ। ਜਿਥੇ ਨਵੇਂ ਚੁਣੇ ਆਹੁਦੇਦਾਰਾਂ ਨੇ ਵੀ ਪਾਰਟੀ ਦੀ ਚੜ੍ਹਦੀਕਲਾ ਲਈ ਦਿਨ ਰਾਤ ਮਿਹਨਤ ਕਰਨ ਦਾ ਵਾਅਦਾ ਕੀਤਾ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਤਰਨਤਾਰਨ ਦੀ ਜਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਹਾਸਲ ਕਰੇਗਾ। ਕਿਉਂਕਿ ਉਥੋਂ ਦੇ ਲੋਕਾਂ ਨੇ ਫੈਸਲਾ ਕਰ ਲਿਆ ਹੈ ਕਿ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿਚ ਭੇਜਣਗੇ ਤਾਂ ਜੋ ਪੰਜਾਬ ਦੇ ਮੁੱਦਿਆਂ ਅਤੇ ਹੱਕਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕੀਤਾ ਜਾ ਸਕੇ। ਕਿਉਂਕਿ ਮੌਜੂਦਾ ਸਰਕਾਰ ਨੇ ਹੜ੍ਹ ਪੀੜ੍ਹਤਾਂ ਨੂੰ ਮਦਦ ਦੇ ਨਾਮ 'ਤੇ ਜੋ ਵਾਅਦੇ ਕੀਤੇ ਸਨ, ਉਹ ਹਵਾ ਹੋ ਗਏ ਹਨ ਤਾਂ ਸਿਰਫ ਬਿਆਨਬਾਜ਼ੀ ਹੀ ਦਿਖਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵਿਚਕਾਰ ਤਾਲਮੇਲ ਅਤੇ ਅੰਕੜਿਆਂ ਦੇ ਹੇਰ-ਫੇਰ ਵਿਚ ਪੰਜਾਬੀ ਪਿਸਦੇ ਨਜ਼ਰ ਆ ਰਹੇ ਹਨ ਅਤੇ ਸਰਕਾਰਾਂ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਵੇਂ ਤਰਨਤਾਰਨ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾ ਕੇ 2027 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦਾ ਨੀਂਹ ਪੱਥਰ ਰੱਖਣਗੇ ਅਤੇ ਸਵ. ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਚਲਾਈਆਂ ਗਈਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਮੁੜ ਤੋਂ ਲਾਗੂ ਕੀਤਾ ਜਾਵੇਗਾ।

# ਪਾਤੜਾਂ ਵਿਖੇ ਆਤਮ ਨਿਰਭਰ ਭਾਰਤ ਅਭਿਆਨ ਤਹਿਤ ਭਾਜਪਾ ਵਿਧਾਨ ਸਭਾ ਸੰਮੇਲਨ ਆਯੋਜਿਤ

ਪਾਤੜਾਂ, 7 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਾਰਟੀ ਹਾਈਕਮਾਨ ਦੇ ਹੁਕਮ ਅਨੁਸਾਰ ਆਤਮ ਨਿਰਭਰ ਭਾਰਤ ਅਭਿਆਨ ਦੇ ਤਹਿਤ ਅਗਰਵਾਲ ਧਰਮਸ਼ਾਲਾ, ਪਾਤੜਾਂ ਵਿਖੇ ਵਿਧਾਨ ਸਭਾ ਸੰਮੇਲਨ ਦਾ ਆਯੋਜਨ ਕੀਤਾ ਗਿਆ।



ਇਸ ਸੰਮੇਲਨ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਪੰਜਾਬ ਪ੍ਰਦੇਸ਼ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਮਿੱਤਲ ਅਤੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਨੇ ਕੀਤੀ।

ਇਸ ਮੌਕੇ ਪਾਰਟੀ ਹਾਈਕਮਾਨ ਵੱਲੋਂ ਭੇਜੇ ਗਏ ਸੰਕਲਪ ਪੱਤਰ ਪਾਰਟੀ ਮੈਂਬਰਾਂ ਵਿਚ ਵੰਡੇ ਗਏ ਅਤੇ ਸਭ ਨੇ ਮਿਲ ਕੇ ਸਵਦੇਸ਼ੀ ਵਸਤੂਆਂ ਅਪਨਾਉਣ ਅਤੇ ਆਤਮ ਨਿਰਭਰ ਭਾਰਤ ਅਭਿਆਨ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਸੰਕਲਪ ਲਿਆ।

ਸੰਮੇਲਨ ਦੌਰਾਨ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ, ਸਤੀਸ਼ ਗਰਗ, ਲਾਲ ਚੰਦ ਲਾਲੀ, ਬਾਬੂ ਤਰਸੇਮ ਚੰਦ ਬਾਂਸਲ, ਰਮੇਸ਼ ਕੁਮਾਰ ਕੁੱਕੂ, ਮੁਖਤਿਆਰ ਸਿੰਘ ਮੋਖਾ, ਬਗੀਚਾ ਸਿੰਘ ਦੁਤਾਲ, ਨਿਰੰਕਾਰ ਸਿੰਘ, ਜਗਦੇਵ ਸਿੰਘ ਬੱਗਾ, ਪ੍ਰੇਮ ਚੰਦ ਕਾਂਸਲ, ਰੂਡ ਸਿੰਘ, ਰਮੇਸ਼ ਬੱਤਰਾ, ਵਿਜੇ ਗਰਗ, ਸਨੀ ਗਰਗ (ਡੋਲੂ), ਗਿਆਨ ਸਿੰਘ ਧਾਲੀਵਾਲ, ਸ੍ਰੀ ਪ੍ਰਸ਼ੋਤਮ ਸਿੰਗਲਾ, ਨਰਿੰਦਰ ਬੋਕਸਰ, ਪਵਨ ਪਾਤੜਾਂ, ਸੇਵਾ ਸਿੰਘ, ਜਰਾਜ ਸਿੰਘ, ਮੰਨਾ ਰਾਮ, ਰਾਜ ਕੁਮਾਰ, ਹਰਬੰਸ ਲਾਲ, ਠਾਕਰ ਸਿੰਘ, ਸ੍ਰੀਮਤੀ ਕਿਰਨਾ ਰਾਣੀ, ਸ੍ਰੀਮਤੀ ਮਮਤਾ ਬੇਗਮ, ਸ੍ਰੀਮਤੀ ਸੁਨੀਤਾ ਰਾਣੀ, ਜਸਕਰਨ ਸਿੰਘ, ਸਤਪਾਲ ਸਿੰਘ, ਮਦਨ (J.E.), ਸਤਨਾਮ ਸਿੰਘ, ਅਮਰੀਕ ਸਿੰਘ, ਜਾਨਪਾਲ ਸਿੰਘ, ਹਰਬੰਸ ਲਾਲ, ਸਤਪਾਲ ਸ਼ਰਮਾ, ਸੁਰੇਸ਼ ਸਿੰਘ, ਬੇਅੰਤ ਸਿੰਘ, ਸ੍ਰੀ ਸੁਸ਼ੀਲ ਸਿੰਘ ਅਤੇ ਹਲਕਾ ਭਾਜਪਾ ਸਮਰਥਕ ਵਰਕਰਾਂ ਦੀ ਸਮੁੱਚੀ ਭਾਜਪਾ ਟੀਮ ਵੱਡੀ ਗਿਣਤੀ ਵਿੱਚ ਮੌਜੂਦ ਰਹੀ।

ਸੰਮੇਲਨ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਦਰਸ਼ਾਂ ਤੇ ਆਧਾਰਿਤ ਵਿਕਾਸਕਾਰੀ ਨੀਤੀਆਂ ਉੱਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਕਾਰਕੁਨਾਂ ਨੇ ਆਗਾਮੀ ਸਮੇਂ ਵਿਚ ਪਾਰਟੀ ਦੇ ਹਿੱਤ ਲਈ ਹੋਰ ਵਧੇਰੇ ਜੋਸ਼ ਨਾਲ ਕੰਮ ਕਰਨ ਦਾ ਸੰਕਲਪ ਲਿਆ।

# ਹਰੀ ਕ੍ਰਾਂਤੀ ਮਗਰੋਂ ਪੰਜਾਬ 'ਚ ਹੁਣ ਪਰਾਲੀ ਕਰਾਂਤੀ ਆ ਰਹੀ ਹੈ: ਸੀ.ਏ.ਕਿਉ.ਐਮ ਚੇਅਰਮੈਨ ਰਾਜੇਸ਼ ਵਰਮਾ

**➢ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਵੱਲੋਂ ਪੰਜਾਬ 'ਚ ਪਰਾਲੀ ਪ੍ਰਬੰਧਨ ਸਬੰਧੀ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ➢ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਚੇਅਰਮੈਨ ਵਲੋਂ ਪਟਿਆਲਾ ਵਿਖੇ ਪਰਾਲੀ ਪ੍ਰਬੰਧਨ ਤੇ ਰਾਜਪੁਰਾ ਥਰਮਲ ਪਲਾਂਟ 'ਚ ਬਾਇਓਮਾਸ ਪੈਲੇਟਸ ਕੋਲੇ ਵਿੱਚ ਮਿਲਾਉਣ ਦਾ ਜਾਇਜ਼ਾ**

**ਪਟਿਆਲਾ, 9 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਉ.ਐਮ) ਦੇ ਚੇਅਰਮੈਨ ਸ੍ਰੀ ਰਾਜੇਸ਼ ਵਰਮਾ ਨੇ ਅੱਜ ਕਿਹਾ ਹੈ ਕਿ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਵਿੱਚ ਹੁਣ ਪਰਾਲੀ ਕਰਾਂਤੀ ਆ ਰਹੀ ਹੈ।ਉਹ ਪਟਿਆਲਾ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਦਾ ਜਾਇਜ਼ਾ ਲੈਂਦੇ ਹੋਏ ਨਾਭਾ ਪਾਵਰ ਲਿਮਟਿਡ, ਤਾਪ ਬਿਜਲੀ ਘਰ ਰਾਜਪੁਰਾ ਵਿਖੇ ਬਾਇਓਮਾਸ ਪੈਲੇਟਸ ਕੋਲੇ ਵਿੱਚ ਮਿਲਾਉਣ ਦੀ ਪ੍ਰਕਿਰਿਆ ਦਾ ਨਿਰੀਖਣ ਕਰਨ ਪੁੱਜੇ ਹੋਏ ਸਨ। ਉਨ੍ਹਾਂ ਦੇ ਨਾਲ ਸੀ.ਏ.ਕਿਉ.ਐਮ ਦੇ ਮੈਂਬਰ ਸਕੱਤਰ ਤਰੁਨ ਕੁਮਾਰ ਪਿਥੋੜੇ ਵੀ ਮੌਜੂਦ ਸਨ।

ਇਸ ਮੌਕੇ ਚੇਅਰਮੈਨ ਆਰ ਕੇ ਵਰਮਾ ਨੇ ਕਿਹਾ ਕਿ ਉਨ੍ਹਾਂ ਨੇ ਦੇਖਿਆ ਹੈ ਕਿ ਪਰਾਲੀ ਹੁਣ ਕਿਸਾਨਾਂ ਦੀ ਆਮਦਨ ਦਾ ਜਰੀਆ ਬਣ ਗਈ ਹੈ। ਉਨ੍ਹਾਂ ਕਿਹਾ ਹਰੀ ਕ੍ਰਾਂਤੀ ਤੋਂ ਬਾਅਦ ਕਿਸਾਨ ਪਰਾਲੀ ਕ੍ਰਾਂਤੀ ਵੱਲ ਵਧ ਰਹੇ ਹਨ ਜਿਸ ਕਾਰਨ ਇਸ ਵਾਰ ਪਿਛਲੇ ਸਾਲਾਂ ਦੇ ਮੁਕਾਬਲੇ ਪਰਾਲੀ ਸਾੜਨ ਦਾ ਰੁਝਾਨ ਘਟਿਆ ਨਜ਼ਰ ਆਇਆ ਹੈ। ਉਨ੍ਹਾਂ ਨੇ ਪੰਜਾਬ ਵਿੱਚ ਪੰਜਾਬ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ 'ਤੇ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪਿਛਲੇ ਸਾਲ 13 ਨਵੰਬਰ ਨੂੰ ਪੰਜਾਬ ਆਏ ਸਨ ਅਤੇ ਸਾਰੇ ਪਾਸੇ ਧੂੰਆਂ ਨਜ਼ਰ ਆ ਰਿਹਾ ਸੀ ਤੇ ਅੱਜ ਧੁੱਪ ਖਿੜੀ ਹੋਈ ਹੈ ਜਦਕਿ ਇੱਕ ਦਿਨ ਪਹਿਲਾਂ ਹੀ ਗੁਰਪੁਰਬ ਮਨਾਉਣ ਦੌਰਾਨ ਆਤਿਸ਼ਬਾਜੀ ਵੀ ਹੋਈ ਹੈ।

ਇਸ ਮੌਕੇ ਪੰਜਾਬ ਦੇ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਦੇ ਸਕੱਤਰ ਪ੍ਰਿਆਂਕ ਭਾਰਤੀ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਅਰਸ਼ਦੀਪ ਸਿੰਘ ਥਿੰਦ ਨੇ ਚੇਅਰਮੈਨ ਨੂੰ ਦੱਸਿਆ ਕਿ ਰਾਜ ਵਿੱਚ ਪਰਾਲੀ ਪ੍ਰਬੰਧਨ ਦਾ ਸੀਜ਼ਨ ਕਰੀਬ 40 ਦਿਨਾਂ ਤੱਕ ਦਾ ਹੋਣ ਕਾਰਨ ਪਰਾਲੀ ਪ੍ਰਬੰਧਨ ਦੀਆਂ ਮਸ਼ੀਨਾਂ ਬਾਕੀ ਸਾਰਾ ਖੜੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਰਕੇ ਪੰਜਾਬ ਸਰਕਾਰ ਨੇ ਇਹ ਮਸ਼ੀਨਾਂ ਕਣਕ ਦੇ ਨਾੜ ਨੂੰ ਸੰਭਾਲਣ ਲਈ ਵਰਤਣ ਦਾ ਤਜਰਬਾ ਕੀਤਾ ਸੀ ਜੋ ਸਫਲ ਨਾ ਹੋਣ ਕਾਰਨ ਹੁਣ ਇਹ ਮਸ਼ੀਨਾਂ ਗੰਨੇ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਤਜਰਬਾ ਕੀਤਾ ਜਾ ਰਿਹਾ, ਜਿਸ ਨਾਲ ਮਸ਼ੀਨਰੀ ਦੀ ਲਾਗਤ ਘਟੇਗੀ ਅਤੇ ਪਰਾਲੀ ਪ੍ਰਬੰਧਨ ਹੋਰ ਵੀ ਬਿਹਤਰ ਹੋਵੇਗਾ।

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਲਗਭਗ ਮੁਕੰਮਲ ਹੋ ਚੁੱਕੀ ਹੈ ਅਤੇ ਅਗਲੀ ਫ਼ਸਲ ਦੀ ਬਿਜਾਈ ਵੀ 60 ਫੀਸਦੀ ਤੱਕ ਹੋ ਚੁੱਕੀ ਹਨ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਅਤੇ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਉਪਲਬਧ ਕਰਵਾਉਣ ਸਮੇਤ ਇਸ ਸਬੰਧੀ ਕਿਸਾਨਾਂ ਤੇ ਯੂਨੀਅਨਾਂ ਦੇ ਵਿਵਹਾਰ 'ਚ ਤਬਦੀਲੀ ਸਦਕਾ ਪਰਾਲੀ ਸਾੜਨ ਦੇ ਮਾਮਲੇ ਇਸ ਵਾਰ ਕਾਫੀ ਘਟੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਇਸ ਦਿਨ ਤੱਕ 414 ਮਾਮਲੇ ਸਾਹਮਣੇ ਆਏ ਸਨ ਜਦਕਿ ਇਸ ਸਾਲ ਹੁਣ ਤਕ ਕੁੱਲ 168 ਅੱਗ ਲੱਗਣ ਦੇ ਮਾਮਲੇ ਸਾਹਮਣੇ ਆਏ ਹਨ।

ਡਾ ਪ੍ਰੀਤੀ ਯਾਦਵ ਨੇ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਐਕਸ-ਸੀਟੂ ਦੀ ਬਜਾਏ ਇਨ-ਸੀਟੂ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਤੇ ਫ਼ਸਲ ਦੀ ਪੈਦਾਵਾਰ ਵੀ ਵੱਧਦੀ ਹੈ।ਐਲ.ਐਂਡ.ਟੀ ਵਿਖੇ ਸੀ.ਏ.ਕਿਉ.ਐਮ ਵਫ਼ਦ ਦਾ ਸਵਾਗਤ ਕਰਦਿਆਂ ਨਾਭਾ ਪਾਵਰ ਲਿਮਟਿਡ ਦੇ ਅਧਿਕਾਰੀਆਂ ਰਾਜੇਸ਼ ਕੁਮਾਰ, ਦੇਵਦੱਤ ਸਰਮਾ ਅਤੇ ਗਗਨਵੀਰ ਚੀਮਾ ਨੇ ਯਾਰਡ ਵਿਖੇ ਸੁਪਰਕ੍ਰਿਟੀਕਲ ਬੁਆਇਲਰ ਵਿੱਚ ਬਾਇਓਮਾਸ ਪੈਲੇਟਸ ਕੋਲੇ ਵਿੱਚ ਮਿਲਾਉਣ ਦੀ ਪ੍ਰਕਿਰਿਆ ਬਾਰੇ ਵਿਸਥਾਰ ਵਿੱਚ ਦੱਸਿਆ।

ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਰੀਨਾ ਗੁਪਤਾ ਤੇ ਮੈਂਬਰ ਸਕੱਤਰ ਡਾ ਲਵਨੀਤ ਕੁਮਾਰ, ਐਸ ਐਸ ਪੀ ਸਰਫਰਾਜ ਆਲਮ, ਐਸ ਪੀ ਵੈਭਵ ਚੌਧਰੀ, ਐਸ ਡੀ ਐਮ ਅਵਿਕੇਸ਼ ਗੁਪਤਾ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਪਿੰਡ ਖਰੋਲਾ 'ਚ ਲੱਗੇ ਜਨ ਸੁਵਿਧਾ ਕੈਂਪ ਦਾ ਲਿਆ ਜਾਇਜ਼ਾ



-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਰਾਜਪੁਰਾ ਦੇ ਪਿੰਡ ਖਰੋਲਾ ਵਿਖੇ ਜਨ ਸੁਵਿਧਾ ਕੈਂਪ ਦਾ ਜਾਇਜ਼ਾ ਲੈਂਦੇ ਹੋਏ। ਉਨ੍ਹਾਂ ਦੇ ਨਾਲ ਐਸ.ਡੀ.ਐਮ ਰਾਜਪੁਰਾ ਅਵਿਕੇਸ਼ ਗੁਪਤਾ ਵੀ ਨਜ਼ਰ ਆ ਰਹੇ ਹਨ।

**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਰਾਜਪੁਰਾ ਦੇ ਪਿੰਡ ਖਰੋਲਾ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਅਤੇ ਸਰਕਾਰੀ ਸੇਵਾਵਾ ਪ੍ਰਦਾਨ ਕਰਨ 'ਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ. ਰਾਜਪੁਰਾ ਅਵਿਕੇਸ਼ ਗੁਪਤਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਸਰਕਾਰੀ ਐਲੀਮੈਂਟਰੀ ਸਕੂਲ 'ਚ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਸਕੂਲ 'ਚ ਕਰਾਈ ਜਾਂਦੀ ਪੜ੍ਹਾਈ ਤੇ ਮਿਡ ਡੇਅ ਮੀਲ ਦਾ ਵੀ ਜਾਇਜ਼ਾ ਲਿਆ।

ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਸਿਹਤ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ ਵਿਭਾਗ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਸਮਾਜਿਕ ਸੁਰੱਖਿਆ, ਵਣ ਵਿਭਾਗ, ਸਹਿਕਾਰਤਾ ਆਦਿ ਵਿਭਾਗਾਂ ਦੀਆਂ ਸਟਾਲਾਂ ਦਾ ਦੌਰਾ ਕਰਕੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੈਂਪਾਂ ਵਿੱਚ ਆਉਣ ਵਾਲੇ ਨਾਗਰਿਕਾਂ ਦੀ ਪੂਰੀ ਗੰਭੀਰਤਾ ਨਾਲ ਸਮੱਸਿਆ ਸੁਣਕੇ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਾ ਰਹੇ ਜਨ ਸੁਵਿਧਾ ਕੈਂਪਾਂ ਦਾ ਲਾਭ ਲੈਣ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਅਜਿਹੇ ਕੈਂਪਾਂ ਵਿੱਚ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ 'ਤੇ ਹੱਲ ਕਰਦਿਆਂ ਸਾਂਝ ਕੇਂਦਰ ਅਤੇ ਸੇਵਾ ਕੇਂਦਰਾਂ ਸਮੇਤ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲੋਕਾਂ ਨੂੰ ਇਕੋ ਛੱਤ ਥੱਲੇ ਮੁਹੱਈਆ ਕਰਵਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਮੌਕੇ ਬੀ.ਡੀ.ਪੀ.ਓ. ਬਨਦੀਪ ਸਿੰਘ, ਪਿੰਡ ਦੇ ਸਰਪੰਚ ਨਾਹਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਗੁਰੂ ਤੇਗ ਬਹਾਦੁਰ ਸਾਹਿਬ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ

**ਮਾਛੀਵਾੜਾ ਸਾਹਿਬ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਸਟਰ ਸਤੀਸ਼ ਕੁਮਾਰ: ਸਰਕਾਰੀ ਕਾਲਜ ਮਾਛੀਵਾੜਾ ਵਿਖੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਡਾ ਗਰਸ਼ਰਨਜੀਤ ਸਿੰਘ ਸੰਧੂ ਹੋਰਾਂ ਦੀ ਰਹਿਨੁਮਾਈ ਹੇਠ ਐਨ. ਐਸ. ਐਸ. ਪ੍ਰੋਗਰਾਮ ਅਫ਼ਸਰ ਡਾ ਕਮਲਜੀਤ ਕੌਰ ਬਾਂਗਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ 350ਵੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰਾਂ ਤੇ ਲੈਕਚਰਾਂ ਦੀ ਲੜੀ ਵਿੱਚ ਅੱਜ ਪਹਿਲਾਂ ਲੈਕਚਰ ਕਰਵਾਇਆ ਗਿਆ,ਜਿਸ ਵਿੱਚ ਵਿਸ਼ੇਸ਼ ਬੁਲਾਰੇ ਵਜੋਂ ਸਹਾਇਕ ਪ੍ਰੋਫੈਸਰ ਇਤਿਹਾਸ ਕਮਲ ਕਿਸ਼ੋਰ, ਸਰਕਾਰੀ ਕਾਲਜ ਲੜਕੀਆਂ, ਮਲੇਰਕੋਟਲਾ ਨੇ ਸ਼ਿਰਕਤ ਕੀਤੀ। ਡਾ ਕਮਲਜੀਤ ਕੌਰ ਬਾਂਗਾ ਨੇ ਪ੍ਰੋ ਕਮਲ ਕਿਸ਼ੋਰ ਹੋਰਾਂ ਦਾ ਸਵਾਗਤ ਕਰਦੇ ਹੋਏ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਵਿਦਿਆਰਥੀਆਂ ਨਾਲ ਸਾਂਝ ਪਾਈ ਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਸਾਡੇ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਪ੍ਰੋ. ਕਮਲ ਕਿਸ਼ੋਰ ਹੋਰਾਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਤੇ ਮਨੁੱਖਤਾ ਤੇ ਧਾਰਮਿਕ ਆਜ਼ਾਦੀ ਵਿੱਚ ਗੁਰੂ ਸਾਹਿਬ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਉਸ ਸਮੇ ਦੇ ਸਮਾਜਿਕ ਰਾਜਨੀਤਕ ਹਲਾਤਾਂ ਤੇ ਰੋਸ਼ਨੀ ਪਾਈ, ਉਨ੍ਹਾਂ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਆਪਣੀ ਗੱਲਬਾਤ ਨੂੰ ਅੱਗੇ ਵਧਾਇਆ। ਉਨ੍ਹਾਂ ਗੁਰੂ ਸਾਹਿਬ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਦੱਸਿਆ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ 13 ਯੂਨਿਟ ਖ਼ੂਨਦਾਨ




**ਪਟਿਆਲਾ, 9 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਲੋੜਵੰਦ ਮਰੀਜ਼ਾਂ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 333ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ।

ਜਿਸ ਦਾ ਰਸਮੀ ਉਦਘਾਟਨ ਮੁੱਖ ਮਹਿਮਾਨ ਅਮਰਿੰਦਰ ਸਿੰਘ ਐਸ. ਡੀ. ਓ. ਸਮਸਪੁਰ ਨੇ ਖੁਦ ਖ਼ੂਨਦਾਨ ਕਰਕੇ ਕੀਤਾ। ਕੈਂਪ ਵਿਚ ਮਨਵਿੰਦਰ ਸਿੰਘ ਮਨੀ ਟੌਹੜਾ ਨੇ 24ਵੀਂ ਵਾਰ, ਯੋਗੇਸ਼ ਕੁਮਾਰ ਬਲਬੇੜਾ ਨੇ 22 ਵੀਂ ਵਾਰ, ਅਮਨਦੀਪ ਸਿੰਘ ਘਨੌਰੀ ਖੇੜਾ ਨੇ 10ਵੀਂ ਵਾਰ, ਤੇਜੀ ਪਟਿਆਲਾ, ਸੁਖਦੇਵ ਹੜਾਨਾ, ਹਰਦੀਪ ਕੁਮਾਰ ਬਿਰੜਵਾਲ ਜੇ. ਈ. ਦੇ ਜਨਮ ਦਿਨ ਦੀ ਖੁਸ਼ੀ ਵਿਚ ਸਾਥੀ ਗੁਰਜੰਟ ਸਿੰਘ, ਬਲਜਿੰਦਰ ਸਿੰਘ ਨਾਭਾ, ਸੁਖਵਿੰਦਰ ਸਿੰਘ ਪਟਿਆਲਾ, ਅਰੁਣ ਤੇ ਇੰਦਰਜੀਤ ਜੁਲਕਾਂ ਸਮੇਤ 13 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਜਿਨ੍ਹਾਂ ਨੂੰ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਸ. ਡੀ. ਓ. ਅਮਰਿੰਦਰ ਸਿੰਘ ਨੇ ਕਿਹਾ ਕਿ ਖ਼ੂਨਦਾਨ ਕਰਕੇ ਖੁਸ਼ੀ ਮਿਲਦੀ ਹੈ। ਖ਼ੂਨ ਇੱਕ ਅਜਿਹੀ ਦਵਾਈ ਹੈ, ਜਿਸ ਨਾਲ ਮਰੀਜ਼ ਦੀ ਜਾਨ ਬਚਾਉਣ ਵਿਚ ਮਦਦ ਹੋ ਸਕਦੀ ਹੈ। ਸਮੂਹ ਤੰਦਰੁਸਤ ਨੌਜਵਾਨਾਂ ਨੂੰ ਖ਼ੂਨਦਾਨ ਸੇਵਾ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਹਰ ਤਿੰਨ ਮਹੀਨੇ ਬਾਅਦ ਮੁੜ ਖ਼ੂਨਦਾਨ ਕਰ ਸਕਦਾ ਹੈ। ਇਸ ਮੌਕੇ ਮਿਸ਼ਨਰੀ ਸੇਵਾਦਾਰ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ ਹਾਜ਼ਰ ਸਨ। ਕੈਂਪ ਵਿਚ ਹਰਦੀਪ ਕੁਮਾਰ ਜੇ. ਈ. ਦੇ ਜਨਮ ਦਿਨ ਮੌਕੇ ਕਲੱਬ ਵੱਲੋਂ ਕੇਕ ਵੀ ਕੱਟਿਆ ਗਿਆ।

## ਸ਼ਰਾਬ ਪੀ ਕੇ ਦਰਬਾਰ ਸਾਹਿਬ ਦੇ ਬਾਹਰ ਪਹੁੰਚਿਆ ਨੌਜਵਾਨ ਕਾਬੂ

**ਅੰਮ੍ਰਿਤਸਰ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਇੱਕ ਸ਼ਰਾਬੀ ਨੌਜਵਾਨ ਕੰਪਲੈਕਸ ਦੇ ਮੁੱਖ ਗੇਟ ਕੋਲ ਪਹੁੰਚਿਆ। ਸੇਵਾਦਾਰਾਂ ਨੇ ਤੁਰੰਤ ਨੌਜਵਾਨ ਦੇ ਵਿਵਹਾਰ ਨੂੰ ਦੇਖਿਆ ਅਤੇ ਉਸਨੂੰ ਫੜ ਲਿਆ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਉਹ ਨੌਜਵਾਨ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦਾ ਰਹਿਣ ਵਾਲਾ ਸੀ।

# ਜਾਗਦੇ ਰਹੋ ਕਲੱਬ ਨੇ ਨਵ-ਨਿਯੁਕਤ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੂੰ ਕੀਤਾ ਸਨਮਾਨਿਤ

**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜਾਗਦੇ ਰਹੋ ਕਲੱਬ ਪਟਿਆਲਾ ਮਿਸ਼ਨ ਲੋਕ ਸੇਵਾ ਨੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਦੀ ਅਗਵਾਈ ਹੇਠ ਨਵ-ਨਿਯੁਕਤ ਸ਼੍ਰੋਮਣੀ ਗੁ:ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਵੇਂ ਬਣੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੂੰ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ ਦਿਹਾੜੇ ਮੌਕੇ ਸੀਨਰੀ ਅਤੇ ਸਿਰੋਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਕਿਹਾ ਕਿ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ਼੍ਰੋਮਣੀ ਕਮੇਟੀ ਬਣਾਉਣ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ,ਐੱਸ.ਜੀ.ਪੀ.ਸੀ.ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਬਹੁਤ-ਬਹੁਤ ਧੰਨਵਾਦ ਕੀਤਾ।ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਕਿਹਾ ਕਿ ਪਾਰਟੀ ਨੇ ਹਮੇਸ਼ਾ ਹੀ ਮਿਹਨਤੀ ਆਗੂਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਹੈ। ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੇ ਬਣਨ ਨਾਲ ਅਕਾਲੀ ਵਰਕਰਾਂ ਅਤੇ ਮੁਲਾਜ਼ਮਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਜੋ ਸੇਵਾ ਲਾਈ ਗਈ ਹੈ,ਉਸ ਨੂੰ ਪੂਰੀ ਤਨਦੇਹੀ ਨਾਲ,ਦਿਨ ਰਾਤ ਮਿਹਨਤ ਕਰਕੇ ਗੁਰੂ ਘਰਾਂ ਦੀ ਸੇਵਾ ਲਈ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਸਾਹਿਬ ਜੀ ਨੇ ਉਨ੍ਹਾਂ ਤੇ ਕਿਰਪਾ ਕਰਕੇ ਜੋ ਗੁਰੂ ਘਰਾਂ ਦੀ ਸੇਵਾ-ਸੰਭਾਲ ਲਈ ਜੋ ਡਿਊਟੀ ਲਗਾਈ ਹੈ,ਉਹ ਪੂਰੀ ਜਿੰਮੇਵਾਰੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।

ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਕਰਨੈਲ ਸਿੰਘ ਵਿਰਕ, ਮਨਜੀਤ ਸਿੰਘ ਪਵਾਰ, ਸੁਰਜੀਤ ਸਿੰਘ ਕੌਲੀ, ਡਾ.ਬਲਬੀਰ ਸਿੰਘ ਭੱਟਮਾਜਰਾ, ਜਸਦੇਵ ਸਿੰਘ ਬਹਿਣੀਵਾਲ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਗੁਰਵਿੰਦਰ ਸਿੰਘ ਖਾਂਸੀਆ, ਬਲਜਿੰਦਰ ਪਾਲ ਸਿੰਘ ਭਾਟੀਆ, ਹਰਕ੍ਰਿਸ਼ਨ ਸਿੰਘ ਸੁਰਜੀਤ, ਕੁਲਵਿੰਦਰ ਸਿੰਘ ਕਾਲੋਮਾਜਰਾ, ਸੁਰਿੰਦਰ ਸਿੰਘ ਘੁਮਾਣਾ ਅਤੇ ਕਰਮਵੀਰ ਸਿੰਘ ਹਾਜ਼ਰ ਸੀ।

# 'ਸਮਾਜ ਜ਼ੋੜੋ ਅੱਗੇ ਵੱਧੋ', ਮੁਹਿੰਮ ਤਹਿਤ ਆਦਿਵਾਸੀ ਸਮਾਜ ਸੰਗਠਨ ਨੇ ਕੀਤਾ ਵਾਰਡ ਪੱਧਰ ਤੇ ਪੰਜ ਮੈਂਬਰੀ ਕਮੇਟੀ ਦਾ ਗਠਨ

**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਅਨੁਸੂਚਿਤ ਜਨਜਾਤੀਆਂ ਦੇ ਆਰਥਿਕ ਸੁਧਾਰ, ਸਮਾਜਿਕ ਸਨਮਾਨ ਆਦਿ ਉਦੇਸ਼ਾਂ ਦੀ ਪ੍ਰਾਪਤੀ ਲਈ ਆਦਿਵਾਸੀ ਸਮਾਜ ਸੰਗਠਨ ਵਲੋਂ ਕੌਮੀ ਪ੍ਰਧਾਨ ਰਾਮ ਲਾਲ ਰਾਮੂ ਦੀ ਅਗਵਾਈ ਵਿੱਚ ਸਮਾਜ ਜ਼ੋੜੋ ਅੱਗੇ ਵੱਧੋ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਵਾਰਡ ਪੱਧਰ ਤੇ 5 ਮੈਂਬਰੀ ਕਮੇਟੀਆਂ ਦਾ ਗਠਨ ਕਰ ਵਾਰਡ ਪ੍ਰਧਾਨਾ ਦੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸਦੇ ਤਹਿਤ ਵਾਰਡ ਨੰਬਰ 23 ਅਧੀਨ ਆਉਂਦੇ ਸਫਾਬਾਦੀ ਗੇਟ ਨਜਦੀਕ ਭੀਮ ਨਗਰ ਵਿਖੇ ਢੇਹਾ ਭਾਈਚਾਰੇ ਵਲੋਂ ਇੱਕ ਭਰਵੀਂ ਮੀਟਿੰਗ ਕੀਤੀ ਗਈ। ਜਿਸ ਵਿੱਚ ਆਦਿਵਾਸੀ ਸਮਾਜ ਸੰਗਠਨ ਦੇ ਮੋਹਰੀ ਆਗੂ ਕੌਮੀ ਪ੍ਰਧਾਨ ਰਾਮ ਲਾਲ ਰਾਮੂ ਅਤੇ ਸੀਨੀਅਰ ਆਗੂ ਰਾਮ ਕੁਮਾਰ ਕੰਡਾਰਾਵੱਲੋਂ ਵਿਸ਼ੇਸ਼ ਤੋਰ ਤੇ ਸ਼ਮੂਲੀਅਤ ਕੀਤੀ ਗਈ। ਜਿਸ ਦੌਰਾਨ ਵਾਰਡ ਨੰਬਰ 29 ਤੋਂ ਵਾਰਡ ਪ੍ਰਧਾਨ ਬਲਬੀਰ ਚੰਦ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਵਿਚਾਰ ਚਰਚਾ ਕਰਨ ਉਪਰੰਤ ਵਾਰਡ ਨੰਬਰ 23 ਤੋਂ ਸਾਹਿਲ ਕੰਡਾਰਾ ਦੀ ਵਾਰਡ ਪ੍ਰਧਾਨ ਵਜੋਂ ਸਰਵ ਸੰਮਤੀ ਨਾਲ ਨਿਯੁਕਤੀ ਕੀਤੀ ਗਈ। ਇਸ ਦੇ ਨਾਲ ਹੀ ਰਿੰਪੀ ਕੁਮਾਰ, ਚੰਦਨ ਕੁਮਾਰ, ਅਕਬਰ ਅਤੇ ਮੈਕਸੀ ਨੂੰ ਵੀ ਆਹੁਦੇਦਾਰੀ ਵਜੋਂ ਜਿੰਮੇਵਾਰੀਆਂ ਸੌਂਪ ਕੇ ਵਾਰਡ ਪੱਧਰ ਤੇ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਕੌਮੀ ਪ੍ਰਧਾਨ ਰਾਮ ਲਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਨੁਸੂਚਿਤ ਜਨ ਜਾਤੀਆ ਦੇਸ਼ ਦੇ ਤਾਣੇ ਬਾਣੇ ਦਾ ਇੱਕ ਅਹਿਮ ਅੰਗ ਹੈ, ਜ਼ੋ ਕਿ ਸਿੱਖਿਅਤ ਨਾ ਹੋਣ ਕਾਰਨ ਅਤੇ ਜਾਗਰੂਕਤਾ ਦੀ ਘਾਟ ਕਾਰਨ ਆਰਥਿਕ ਤੌਰ ਤੇ ਪਛੜਿਆਂ ਹੋਈਆਂ ਹਨ। ਜਿਨ੍ਹਾਂ ਨੂੰ ਗਰੀਬੀ ਰੇਖਾ ਤੋਂ ਉਪਰ ਚੁਕਣ ਲਈ ਸਮੇਂ ਦੀਆਂ ਸਰਕਾਰਾਂ ਨੇ ਠੋਸ ਕਦਮ ਨਹੀਂ ਚੁੱਕੇ। ਇਸ ਲਈ ਸਮਾਜਿਕ ਚੇਤਨਾ, ਸਿੱਖਿਆ ਪ੍ਰਤੀ ਜਾਗਰੂਕਤਾ ਅਤੇ ਸੰਘਰਸ਼ ਨਾਲ ਹੀ ਅਦਿਵਾਸੀ ਸਮਾਜ ਦਾ ਵਿਕਾਸ ਸੰਭਵ ਹੈ। ਇਸ ਮੌਕੇ ਸਮਾਜ ਹਿੱਤ ਵਿੱਚ ਕਾਰਜ ਕਰਨ, ਸਮਾਜ ਨੂੰ ਗੰਦਲਾ ਕਰਨ ਵਾਲੀਆਂ ਕੁਰੀਤੀਆਂ ਦੇ ਖਾਤਮੇ ਦਾ ਸੰਕਲਪ ਵੀ ਦੁਆਇਆ ਗਿਆ। ਇਸ ਮੌਕੇ ਬਲਬੀਰ ਚੰਦ, ਰੋਕੀ ਘਨੌਰ, ਬੱਲੀ, ਸਲਮਾਨ, ਗੁਲਸ਼ਨ ਕੁਮਾਰ, ਰਾਮਾ ਰਾਮ, ਸ਼ਾਕਾ ਕੁਮਾਰ, ਗੋਗੀ, ਜੈਮਸ, ਲਛਮਣ, ਸਤਪਾਲ ਪ੍ਰਧਾਨ, ਰਾਜੇਸ਼ ਕੁਮਾਰ ਆਦਿ ਹਾਜਰ ਸਨ।

# ਆਰ. ਜੀ. ਹਸਪਤਾਲ ਲੁਧਿਆਣਾ ਵਿੱਚ 'ਯੂਰੋਲਿਫਟ' ਪ੍ਰਕਿਰਿਆ ਦੀ ਸਫਲ ਸ਼ੁਰੂਆਤ ਪ੍ਰੋਸਟੇਟ ਦੇ ਇਲਾਜ ਵਿੱਚ ਵੱਡੀ ਉਪਲਬਧੀ

**ਲੁਧਿਆਣਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਰ. ਜੀ. ਹਸਪਤਾਲ ਨੇ ਸ਼ਹਿਰ ਵਿੱਚ ਪਹਿਲੀ ਵਾਰ ਪ੍ਰੋਸਟੇਟ ਵਧਣ (BPH) ਦੇ ਆਧੁਨਿਕ ਇਲਾਜ 'ਯੂਰੋਲਿਫਟ' ਪ੍ਰਕਿਰਿਆ ਨੂੰ ਸਫਲਤਾਪੂਰਵਕ ਕਰਕੇ ਇੱਕ ਮਹੱਤਵਪੂਰਨ ਮੈਡੀਕਲ ਮੋੜ ਹਾਸਲ ਕੀਤਾ ਹੈ। ਇਹ ਘੱਟ ਆਕਰਮਕ ਤਕਨੀਕ ਵਧੇ ਪ੍ਰੋਸਟੇਟ ਕਾਰਨ ਹੋਣ ਵਾਲੀ ਪੇਸ਼ਾਬ ਸੰਬੰਧੀ ਸਮੱਸਿਆ ਦਾ ਬਿਨਾ ਕੱਟ-ਛਾਂਟ ਕਰਨ ਵਾਲਾ ਸੁਰੱਖਿਅਤ ਹੱਲ ਹੈ।

ਇਹ ਪ੍ਰਕਿਰਿਆ 78 ਸਾਲਾ ਮਰੀਜ਼ ਉੱਤੇ ਕੀਤੀ ਗਈ ਜੋ ਕਈ ਬੀਮਾਰੀਆਂ ਨਾਲ ਜੂਝ ਰਿਹਾ ਸੀ। ਪ੍ਰਕਿਰਿਆ ਦੇ ਕੁਝ ਘੰਟਿਆਂ ਵਿੱਚ ਹੀ ਮਰੀਜ਼ ਨੂੰ ਪੇਸ਼ਾਬ ਵਿੱਚ ਸੁਧਾਰ ਮਹਿਸੂਸ ਹੋਇਆ। ਇਸ ਤਕਨੀਕ ਨਾਲ ਨਾਹ ਕੋਈ ਵੱਡੀ ਸਰਜਰੀ ਦੀ ਲੋੜ ਪੈਂਦੀ ਹੈ, ਨਾਹ ਹੀ ਯੌਨ ਸਿਹਤ 'ਤੇ ਅਸਰ ਹੁੰਦਾ ਹੈ।

ਡਾ. ਪੁਨੀਤ ਬੰਸਲ, ਡਾਇਰੈਕਟਰ ਅਤੇ ਹੈੱਡ, ਇੰਸਟੀਚਿਊਟ ਆਫ ਯੂਰੋਲੋਜੀ ਨੇ ਦੱਸਿਆ ਕਿ ਯੂਰੋਲਿਫਟ ਮਰੀਜ਼ਾਂ ਲਈ ਘੱਟ ਦਰਦ ਵਾਲੀ, ਤੇਜ਼ ਸੁਧਾਰ ਪ੍ਰਦਾਨ ਕਰਨ ਵਾਲੀ ਅਤੇ ਖ਼ਾਸ ਕਰਕੇ ਬਜ਼ੁਰਗ ਅਤੇ ਦਿਲ ਦੇ ਮਰੀਜ਼ਾਂ ਲਈ ਸੁਰੱਖਿਅਤ ਤਕਨੀਕ ਹੈ।

ਇਸ ਸਫਲ ਪ੍ਰਯੋਗ ਨਾਲ ਆਰ. ਜੀ. ਹਸਪਤਾਲ ਨੇ ਇੱਕ ਵਾਰ ਫਿਰ ਉੱਚ ਤਕਨੀਕ ਅਤੇ ਉੱਤਮ ਮਾਨਵ ਸੇਵਾ ਦਾ ਸਾਬਤ ਮਿਸਾਲ ਪੇਸ਼ ਕੀਤੀ ਹੈ।

# ਗੁਰਪੁਰਬ ਮੌਕੇ ਦਰਸ਼ਨ ਰਾਣਾ ਗੁਰਜੀਤ ਸਿੰਘ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਨੇਂ ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਲੋਧੀ ਵਿਖੇ ਹਾਜ਼ਰੀ ਭਰੀ

**ਸੁਲਤਾਨਪੁਰ ਲੋਧੀ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਣਾ ਗੁਰਜੀਤ ਸਿੰਘ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਸੁਲਤਾਨਪੁਰ ਲੋਧੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨਪੁਰ ਲੋਧੀ ਵਿਖੇ ਹਾਜ਼ਰੀ ਭਰੀ। ਇਸ ਪਵਿਤਰ ਦਰਸ਼ਨ ਦੌਰਾਨ ਉਨ੍ਹਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਿਮਰਤਾ ਸਹਿਤ ਮੱਥਾ ਟੇਕ ਕੇ ਅਸੀਸਾਂ ਪ੍ਰਾਪਤ ਕੀਤੀਆਂ ਅਤੇ ਗੁਰਮਤਿ ਰੌਸ਼ਨੀ ਨਾਲ ਪ੍ਰੇਰਿਤ ਹੋ ਕੇ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਅਨੁਸਾਰ ਇਕਤਾ, ਪਿਆਰ ਅਤੇ ਸੇਵਾ ਦੇ ਰਾਹ 'ਤੇ ਤੁਰਨ ਦੀ ਅਪੀਲ ਕੀਤੀ।

ਰਾਣਾ ਗੁਰਜੀਤ ਸਿੰਘ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਇਸ ਮੌਕੇ ਸੰਗਤ ਨੂੰ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਾਰੀ ਮਨੁੱਖਤਾ ਲਈ ਪ੍ਰੇਰਣਾਦਾਇਕ ਮਾਰਗ ਹੈ, ਜੋ ਸਾਨੂੰ ਆਪਸੀ ਪਿਆਰ, ਨਿਮਰਤਾ ਅਤੇ ਸੱਚ ਦੀ ਰਾਹੀਂ ਜੀਵਨ ਜੀਊਣ ਦੀ ਸਿੱਖਿਆ ਦਿੰਦੀ ਹੈ। ਦੋਵੇਂ ਆਗੂਆਂ ਨੇ ਸੁਲਤਾਨਪੁਰ ਲੋਧੀ ਦੀ ਇਹ ਪਵਿਤਰ ਧਰਤੀ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਸਚ ਦੀ ਰੋਜ਼ੀ ਦਾ ਸੰਦੇਸ਼ ਦਿੱਤਾ ਸੀ, ਸਦਾ ਹੀ ਮਨੁੱਖਤਾ ਦੇ ਉਚਾਰਣ ਦਾ ਕੇਂਦਰ ਰਹੀ ਹੈ। ਇਸ ਧਰਤੀ ਨਾਲ ਹਰ ਸਿੱਖ ਦਾ ਰੂਹਾਨੀ ਨਾਤਾ ਜੁੜਿਆ ਹੋਇਆ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਸਥਾਨਕ ਸੰਗਤਾਂ ਤੇ ਸੇਵਾਦਾਰਾਂ ਨੇ ਦੋਵੇਂ ਆਗੂਆਂ ਦਾ ਸਵਾਗਤ ਕੀਤਾ ਤੇ ਗੁਰਮਤਿ ਕੀਰਤਨ ਰਾਹੀਂ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ।

# ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਵੱਲੋਂ 'ਪੰਚ ਲਾਈਟ' ਨਾਟਕ ਦਾ ਮੰਚਨ 8 ਨੂੰ

**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਰਕ ਕੇਂਦਰ (ਸੱਭਿਆਚਰਕ ਮੰਤਰਾਲਾ, ਭਾਰਤ ਸਰਕਾਰ) ਪਟਿਆਲਾ ਵੱਲੋਂ ਕੇਂਦਰ ਨਿਰਦੇਸ਼ਕ ਜਨਾਬ ਐਮ ਫੁਰਕਾਨ ਖਾਨ ਦੀ ਅਗਵਾਈ ਹੇਠ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਹੋਣ ਵਾਲੀ ਨਾਟਕ ਲੜੀ ਦੇ ਹਿੱਸੇ ਵੱਜੋਂ ਇਸ ਵਾਰ ਨਿਊ ਉੱਥਾਨ ਥੀਏਟਰ ਗਰੁੱਪ ਕੁਰਕਸ਼ੇਤਰ (ਹਰਿਆਣਾ) ਵੱਲੋਂ ਵਿਕਾਸ ਸ਼ਰਮਾ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹਿੰਦੀ ਨਾਟਕ ਦਾ ਮੰਚਨ 8 ਨਵੰਬਰ, ਦਿਨ ਸ਼ਨੀਵਾਰ ਸ਼ਾਮ 6.30 ਵਜੇ ਕਾਲੀ ਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ, ਨਜ਼ਦੀਕ ਭਾਸ਼ਾ ਵਿਭਾਗ ਪੰਜਾਬ, ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਕੀਤਾ ਜਾਵੇਗਾ। ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਵੱਲੋਂ ਇਸ ਨਾਟਕ ਨੂੰ ਵੇਖਣ ਲਈ ਥੀਏਟਰ ਕਲਾਕਾਰਾਂ, ਕਲਾ ਪ੍ਰੇਮੀਆਂ ਅਤੇ ਪਟਿਆਲਾ ਨਿਵਾਸੀਆਂ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ ਹੈ। ਸਾਰੇ ਦਰਸ਼ਕਾਂ ਲਈ ਦਾਖਲਾ ਬਿਲਕੁਲ ਮੁਫਤ ਰੱਖਿਆ ਗਿਆ ਹੈ।

# ਕੈਂਸਰ ਨਸ਼ਿਆਂ ਦਿਲ ਦੇ ਦੌਰੇ ਬਾਰੇ ਜਾਗਰੂਕਤਾ ਮੁਕਾਬਲੇ ਅੱਜ



**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ ਮੌਕੇ, ਪੰਜਾਬ ਰੈੱਡ ਕਰਾਸ ਨਸ਼ਾ ਛੁਡਾਊ ਏਕੀਕ੍ਰਿਤ ਸੇਂਟਰ ਪਟਿਆਲਾ ਵਿਖੇ ਅੰਤਰ ਸਕੂਲ ਭਾਸ਼ਣ ਮੁਕਾਬਲੇ, ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਅਤੇ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਵਲੋਂ, ਡਾਇਰੈਕਟਰ ਸ੍ਰੀਮਤੀ ਪ੍ਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ।

ਪ੍ਰਮਿੰਦਰ ਕੌਰ ਮਨਚੰਦਾ ਦੀਆਂ ਪਿਛਲੇ 30 ਸਾਲਾਂ ਦੀਆਂ ਜਾਗਰੂਕਤਾ ਅਤੇ ਨਸ਼ੇ ਕਰਦੇ ਨੋਜਵਾਨਾਂ ਨੂੰ ਨਸ਼ਾ ਮੁਕਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਪੰਜਾਬ ਦੇ ਗਵਰਨਰ ਸਾਹਿਬ ਨੇ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਹਰੇਕ ਨਾਗਰਿਕ, ਸੇਵਾ ਮੁਕਤ ਕਰਮਚਾਰੀ, ਸਮਾਜ ਸੇਵੀ ਸੰਸਥਾਵਾਂ ਅਤੇ ਅਧਿਆਪਕਾਂ ਨੂੰ, ਮੈਡਮ ਪ੍ਰਮਿੰਦਰ ਕੌਰ ਮਨਚੰਦਾ ਦੇ ਅਣਥੱਕ ਯਤਨਾਂ ਵਾਂਗ ਨੋਜਵਾਨਾਂ ਨੂੰ ਸਿਹਤਮੰਦ ਤਦੰਰੁਸਤ, ਸੁਰੱਖਿਆ, ਖੁਸ਼ਹਾਲ ਬਣਾਉਣ ਲਈ ਨਿਸ਼ਕਾਮ ਭਾਵਨਾ ਨਾਲ ਯਤਨ ਕਰਨੇ ਚਾਹੀਦੇ ਹਨ। ਕਾਕਾ ਰਾਮ ਵਰਮਾ ਅਤੇ ਉਪਕਾਰ ਸਿੰਘ ਨੇ ਦੱਸਿਆ ਕਿ ਅੱਜ ਸਾਕੇਤ ਹਸਪਤਾਲ ਵਿਖੇ ਵਿਦਿਆਰਥੀਆਂ ਵਲੋਂ ਨਸ਼ਿਆਂ ਦੇ ਦੁਰਪ੍ਰਭਾਵਾਂ, ਕੈਂਸਰ ਤੋਂ ਬੱਚਣ ਲਈ ਇਲਾਜ ਨਾਲੋਂ ਪਰਹੇਜ਼ ਜ਼ਰੂਰੀ, ਅਸੀਂ ਬਿਮਾਰੀਆਂ ਵਿੱਚ ਕਿਉਂ ਫ਼ਸਦੇ ਜਾ ਰਹੇ ਹਾਂ ਅਤੇ ਦਿਲ ਦੌਰੇ ਕਾਰਡੀਅਕ ਅਰੈਸਟ ਸਮੇਂ ਕੀ ਕਰਨਾ ਚਾਹੀਦਾ, ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਵਿਦਿਆਰਥੀਆਂ ਅਤੇ ਬੱਚਿਆਂ ਨੂੰ ਸਿਹਤ ਤੰਦਰੁਸਤੀ, ਅਰੋਗਤਾ, ਫਸਟ ਏਡ, ਸੀ ਪੀ ਆਰ ਬਾਰੇ ਜਾਗਰੂਕ ਕਰਕੇ, ਪੰਜਾਬ ਨੂੰ ਸਿਹਤਮੰਦ, ਤਦੰਰੁਸਤ, ਸੁਰੱਖਿਅਤ, ਖੁਸ਼ਹਾਲ ਬਣਾਉਣ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਵੱਧ ਲਾਭਦਾਇਕ ਸਿੱਧ ਹੋਣਗੇ।

# ਪਟਿਆਲਾ ਵਿੱਚ ਬਾਬਾ ਬਾਲਕ ਨਾਥ ਜੀ ਦਾ ਕੀਰਤਨ ਹਰਨੇਕ ਮਹਿਲ ਨੇ ਕਰਵਾਇਆ



**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਦੇ ਬਾਬਾ ਦੀਪ ਸਿੰਘ ਨਗਰ ਵੱਡੀ ਨਦੀ ਪਾਰ ਵਿਖੇ ਸਿੱਧ ਬਾਬਾ ਬਾਲਕ ਨਾਥ ਮੰਦਿਰ ਵਿਖੇ ਸਿੱਧ ਬਾਬਾ ਬਾਲਕ ਨਾਥ ਜੀ ਦਾ ਕੀਰਤਨ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਧਾਰਮਿਕ ਕਲਾਕਾਰ ਸੰਜੀਵ ਰਾਣਾ ਜੀ ਅਤੇ ਰੀਨਾ ਰਾਣਾ ਨੇ ਵਿਸ਼ੇਸ਼ ਤੌਰ ਤੇ ਧਾਰਮਿਕ ਭਜਨ ਗਾ ਕੇ ਬਾਬਾ ਜੀ ਦਾ ਗੁਣ ਗਾਨ ਕੀਤਾ ਅਤੇ ਆਈ ਹੋਈ ਸੰਗਤ ਨੂੰ ਝੂਮਣ ਲਗਾ ਦਿੱਤਾ। ਲੰਮੇ ਸਮੇਂ ਤੋਂ ਇਸ ਮੰਦਿਰ ਵਿੱਚ ਧਾਰਮਿਕ ਸਮਾਗਮ ਹੁੰਦੇ ਰਹਿੰਦੇ ਹਨ। ਇਹ ਜਾਣਕਾਰੀ ਦਿੰਦਿਆ ਸਮਾਜ ਸੇਵਕ ਹਰਨੇਕ ਮਹਿਲ ਨੇ ਦੱਸਿਆ ਕਿ ਕੱਤਕ ਦੀ ਪੂਰਨਮਾਸ਼ੀ ਦੇ ਪਵਿੱਤਰ ਦਿਹਾੜੇ ਮੌਕੇ ਬਾਬਾ ਬਾਲਕ ਨਾਥ ਜੀ ਦੇ ਮੰਦਿਰ ਵਿਖੇ ਕੀਰਤਨ ਕਰਵਾਇਆ ਗਿਆ। ਇਸ ਕੀਰਤਨ ਵਿੱਚ ਵਿਸ਼ੇਸ਼ ਤੌਰ ਤੇ ਮਨਦੀਪ ਸਿੰਘ ਕਾਲੀ ਸਰੁਸਤੀਗੜ੍ਹ ਵਾਲੇ ਨੇ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ ਅਤੇ ਆਏ ਹੋਏ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਮਨਦੀਪ ਸਿੰਘ ਨੇ ਕਿਹਾ ਕਿ ਹਰ ਇੱਕ ਇਨਸਾਨ ਨੂੰ ਧਾਰਮਿਕ ਸਮਾਗਮਾਂ ਵਿੱਚ ਜਾ ਕੇ ਸਤਿਸੰਗ ਸੁਣਨਾ ਚਾਹੀਦਾ ਹੈ।

ਚੰਗੀ ਸੰਗਤ ਸਾਰਿਆਂ ਨੂੰ ਕਰਨੀ ਚਾਹੀਦੀ ਹੈ, ਉਹਨਾਂ ਮੰਦਿਰ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਜਿਨ੍ਹਾਂ ਵੱਲੋਂ ਹਰ ਹਫਤੇ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਇਸ ਮੌਕੇ ਮੰਦਿਰ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਧਾਰਮਿਕ ਸਮਾਗਮ ਦੇ ਆਖੀਰ ਵਿੱਚ ਸਾਰੀ ਸੰਗਤ ਨੂੰ ਦੁੱਧ, ਲੱਡੂ, ਕੜਾਅ ਪ੍ਰਸ਼ਾਦ ਵਰਤਾਇਆ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਸੰਜੀਵ ਰਾਣਾ, ਰੀਨਾ ਰਾਣਾ, ਸ਼ਾਮ ਲਾਲ, ਹਰਨੇਕ ਸਿੰਘ ਮਹਿਲ, ਮਨਦੀਪ ਸਿੰਘ, ਸੌਰਵ ਹਾਜਰ ਸਨ। ਜ਼ੋਗੀਨਾਥ ਨੇ ਬਾਬਾ ਬਾਲਕ ਨਾਥ ਮੰਦਿਰ ਵਿੱਚ ਬੀਨ ਵਜਾ ਕੇ ਸੰਗਤ ਨੂੰ ਮੰਤਰ ਮੁਕਤ ਕੀਤਾ।

# ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸ਼ਰਧਾ ਨਾਲ ਮਨਾਇਆ

**ਪਟਿਆਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਤੇ ਪਹਿਲੀ ਵਾਰ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵਲੋਂ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਹਿੰਦੂ ਸਿੱਖ ਏਕਤਾ ਦਾ ਪ੍ਰਤੀਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਤਨਾਮ ਹਸੀਜਾ ਪਰਿਵਾਰ ਸਹਿਤ, ਰਣਜੀਤ ਸਿੰਘ ਚੰਡੋਕ ਐਮ.ਸੀ. 32 ਨੰਬਰ ਵਾਰਡ, ਪਵਨ ਗੁਪਤਾ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੂ ਸ਼ਕਤੀ ਸੈਨਾ ਧਾਰਮਿਕ ਸ਼ਾਖਾ ਸ੍ਰੀ ਰਾਮ ਹਨੂਮਾਨ ਸੇਵਾ ਦਲ, ਕੇ.ਕੇ. ਗਾਬਾ ਸਮਾਜ ਸੇਵਕ, ਆਰ.ਕੇ.ਸਵੀਟਸ ਦੇ ਮਾਲਕ ਦੀਵਾਨ ਜੀ ਅਤੇ ਸੁਧਾਰ ਸਭਾ ਦੇ ਸਾਰੇ ਮੈਂਬਰਾਂ ਵੱਲੋਂ ਅਰਦਾਸ ਕਰਵਾਕੇ ਆਲੂ ਪੂੜੀ ਅਤੇ ਜਲੇਬੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸ੍ਰੀ ਸ਼ਿਵ ਜੀ ਦੀ ਮੂਰਤੀ ਰਾਜਪੁਰਾ ਰੋਡ ਵਿਖੇ ਲੰਗਰ ਲਗਾਇਆ ਗਿਆ ਅਤੇ ਭਗਤਾਂ ਦਾ ਸਾਰਾ ਦਿਨ ਆਨਾ ਜਾਣਾ ਲੱਗਿਆ ਰਿਹਾ। ਸੰਸਥਾ ਦੇ ਸਰਪ੍ਰਸਤ ਸਤਨਾਮ ਹਸੀਜਾ ਅਤੇ ਸਾਰੇ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਸਾਰਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਮੰਦਿਰ ਦੇ ਅੰਦਰ ਸ਼ਾਮ ਨੂੰ ਆਰਤੀ ਉਪਰੰਤ ਭੋਗ ਲਗਵਾ ਕੇ ਬੱਚਿਆਂ ਨੂੰ ਚੋਕਲੇਟ, ਟੋਫੀਆਂ, ਖਿਡੌਣੇ ਆਦਿ ਵੀ ਵੰਡੇ ਗਏ ਅਤੇ ਸਾਰੇ ਬੱਚਿਆਂ, ਕਲੋਨੀ ਨਿਵਾਸੀਆਂ ਅਤੇ ਸੁਧਾਰ ਸਭਾ ਮੈਂਬਰ ਸਾਰਿਆਂ ਨੇ ਮੰਦਿਰ ਦੇ ਆਲੇ ਦੁਆਲੇ ਦੀਪਮਾਲਾ ਕੀਤੀ ਅਤੇ ਬੱਚਿਆਂ ਅਤੇ ਵੱਡਿਆਂ ਨੇ ਆਤਿਸ਼ਬਾਜੀ ਵੀ ਚਲਾਈ। ਬਹੁਤ ਖੁਸ਼ੀ ਦਾ ਮਾਹੌਲ ਸਾਰਿਆਂ ਵਿੱਚ ਦੇਖਣ ਨੂੰ ਮਿਲਿਆ। ਇਹ ਤਿਉਹਾਰ ਹਿੰਦੂ ਸਿੱਖ ਏਕਤਾ ਦਾ ਪ੍ਰਤੀਕ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਅਤੇ ਏਕਤਾ ਵਿੱਚ ਹੀ ਬਲ ਹੈ। ਆਉਣ ਵਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ 350 ਸਾਲਾਂ ਸਮਰਪਿਤ ਤੇ ਵੀ ਕੜੀ ਚਾਵਲ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਸੁਧਾਰ ਸਭਾ ਵਲੋਂ ਸਾਰੇ ਤਿਉਹਾਰ ਇੱਕੋ ਸਥਾਨ ਤੇ ਮਨਾਏ ਜਾ ਰਹੇ ਹਨ। ਕੋਈ ਵੀ ਭੇਦ ਭਾਵ ਆਦਿ ਨਹੀਂ ਕੀਤਾ ਜਾਂਦਾ। ਕਲੋਨੀ ਨਿਵਾਸੀਆਂ ਵੱਲੋਂ ਇਸ ਉਪਰਾਲੇ ਦੀ ਬਹੁਤ ਹੀ ਸ਼ਲਾਘਾ ਕੀਤੀ ਗਈ।

# ਯੂਥ ਅਕਾਲੀ ਦਲ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ (ਤਰਨਤਾਰਨ) ਵਿਖੇ ਲਗਾਇਆ ਗਿਆ 'ਦਸਤਾਰਾਂ ਦਾ ਲੰਗਰ'




**ਤਰਨ ਤਾਰਨ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਅੱਜ ਯੂਥ ਅਕਾਲੀ ਦਲ ਵੱਲੋਂ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਜੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸ. ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ (ਤਰਨ ਤਾਰਨ) ਵਿਖੇ 'ਦਸਤਾਰਾਂ ਦਾ ਲੰਗਰ' ਲਗਾਇਆ ਗਿਆ।

ਇਸ ਕੈਂਪ ਵਿਚ 500 ਤੋਂ ਵੱਧ ਨੌਜਵਾਨਾਂ ਅਤੇ ਬੱਚਿਆਂ ਨੇ ਸ਼ਿਰਕਤ ਕਰਦਿਆਂ ਸ਼ਾਨ ਨਾਲ ਦਸਤਾਰਾਂ ਸਜਾਈਆਂ। ਇਸ ਮੌਕੇ 'ਤੇ ਦਸਤਾਰ ਬੰਨ੍ਹਣ ਦੇ ਮਾਹਿਰਾਂ ਨੇ ਨੌਜਵਾਨਾਂ ਨੂੰ ਸਿੱਖੀ ਅਨੁਸਾਰ ਦਸਤਾਰ ਬੰਨ੍ਹਣ ਦੇ ਤਰੀਕੇ ਸਿਖਾਏ ਅਤੇ ਦਸਤਾਰ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ।

ਸ. ਸਰਬਜੀਤ ਸਿੰਘ ਝਿੰਜਰ ਨੇ ਇਸ ਮੌਕੇ ਕਿਹਾ ਕਿ ਮੇਰੀ ਦਸਤਾਰ ਮੇਰੀ ਸ਼ਾਨ ਸਿਰਫ਼ ਇਕ ਮੁਹਿੰਮ ਨਹੀਂ, ਸਗੋਂ ਸਿੱਖੀ ਦੇ ਅਸਲ ਜਜ਼ਬੇ ਨੂੰ ਜਗਾਉਣ ਦਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਜੀ ਦੀ ਦੂਰਦਰਸ਼ੀ ਸੋਚ ਅਨੁਸਾਰ ਨੌਜਵਾਨ ਪੀੜ੍ਹੀ ਨੂੰ ਸਿੱਖੀ, ਸੱਭਿਆਚਾਰ ਅਤੇ ਮੂਲ ਕਦਰਾਂ ਨਾਲ ਜੋੜਨਾ ਹੈ।

ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਮੁਹਿੰਮ ਅੱਗੇ ਵੀ ਨਿਰੰਤਰ ਜਾਰੀ ਰਹੇਗੀ ਅਤੇ ਪੰਜਾਬ ਦੇ ਹਰ ਜ਼ਿਲ੍ਹੇ ਤੇ ਪਿੰਡ ਤੱਕ ਇਹ ਸੁਨੇਹਾ ਪਹੁੰਚਾਇਆ ਜਾਵੇਗਾ। ਯੂਥ ਅਕਾਲੀ ਦਲ ਸਿੱਖ ਕੌਮ ਦੇ ਇਤਿਹਾਸ, ਵਿਰਸੇ ਅਤੇ ਸਵੈਮਾਣ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਬੀਬੀ ਸੁਖਵਿੰਦਰ ਕੌਰ ਰੰਧਾਵਾ ਜੀ ਨੇ ਵੀ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਯੂਥ ਅਕਾਲੀ ਦਲ ਵੱਲੋਂ ਸਿੱਖ ਨੌਜਵਾਨਾਂ ਨੂੰ ਦਸਤਾਰ ਅਤੇ ਸਿੱਖੀ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ। ਬੀਬੀ ਰੰਧਾਵਾ ਨੇ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਵਿੱਚ ਸਿੱਖੀ ਪ੍ਰਤੀ ਸ਼ਰਧਾ ਅਤੇ ਮਾਣ ਦਾ ਜਜ਼ਬਾ ਜਗਾਉਂਦੇ ਹਨ। ਉਨ੍ਹਾਂ ਨੇ ਯੂਥ ਅਕਾਲੀ ਦਲ ਦੇ ਵਰਕਰਾਂ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਸੇਵਾ ਅਤੇ ਸੱਭਿਆਚਾਰਕ ਜਾਗਰੂਕਤਾ ਰਾਹੀਂ ਪੰਥ ਅਤੇ ਪੰਜਾਬ ਦੀ ਨੌਜਵਾਨ ਤਾਕਤ ਨੂੰ ਇਕ ਨਵੀਂ ਦਿਸ਼ਾ ਦੇਣਾ ਸਮੇਂ ਦੀ ਲੋੜ ਹੈ। ਇਹ ਯਤਨ ਨੌਜਵਾਨ ਪੀੜ੍ਹੀ ਵਿੱਚ ਗੁਰਮਤਿ ਚਾਨਣ ਜਗਾਉਣ ਵੱਲ ਇੱਕ ਮਜ਼ਬੂਤ ਕਦਮ ਹੈ।

ਸ. ਝਿੰਜਰ ਨੇ ਕਿਹਾ ਕਿ, ਦਸਤਾਰ ਸਾਡੀ ਪਹਿਚਾਣ, ਸਾਡਾ ਮਾਣ ਅਤੇ ਸਾਡੇ ਗੁਰੂ ਸਾਹਿਬਾਨਾਂ ਵੱਲੋਂ ਬਖ਼ਸ਼ਿਆ ਅਨਮੋਲ ਤੋਹਫ਼ਾ ਹੈ। ਇਸ ਦੀ ਰੱਖਿਆ ਕਰਨੀ ਹਰ ਸਿੱਖ ਦਾ ਫਰਜ਼ ਹੈ।

ਸ. ਝਿੰਜਰ ਨੇ ਕਿਹਾ ਕਿ ਯੂਥ ਅਕਾਲੀ ਦਲ ਸਿਰਫ਼ ਸਿਆਸੀ ਪੱਖ ਤੋਂ ਨਹੀਂ, ਸਗੋਂ ਧਾਰਮਿਕ ਅਤੇ ਸੱਭਿਆਚਾਰਕ ਪੱਖ ਤੋਂ ਵੀ ਸਿੱਖ ਕੌਮ ਦੀ ਰੂਹ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਉਹ ਪਾਰਟੀ ਹੈ ਜਿਸ ਨੇ ਸਿੱਖੀ, ਗੁਰਮਤਿ ਅਤੇ ਪੰਜਾਬੀ ਵਿਰਸੇ ਦੀ ਰੱਖਿਆ ਲਈ ਹਮੇਸ਼ਾ ਪਹਿਲ ਕੀਤੀ ਹੈ। ਸਾਡੇ ਵਰਕਰ ਸਿਆਸਤ ਨਹੀਂ, ਸੇਵਾ ਕਰਦੇ ਹਨ — ਗੁਰੂ ਸਾਹਿਬਾਨਾਂ ਦੇ ਆਦਰਸ਼ਾਂ 'ਤੇ ਚੱਲਦਿਆਂ ਪੰਥ ਦੀ ਸੇਵਾ ਕਰਨਾ ਹੀ ਸਾਡਾ ਮਕਸਦ ਹੈ।

ਉਨ੍ਹਾਂ ਕਿਹਾ ਕਿ ਇਸ ਸਮਾਗਮ ਦੌਰਾਨ ਸੰਗਤ ਵੱਲੋਂ ਵੱਡੇ ਉਤਸ਼ਾਹ ਨਾਲ ਸ਼ਿਰਕਤ ਕੀਤੀ ਗਈ। ਦਸਤਾਰਾਂ ਦੇ ਲੰਗਰ ਵਿੱਚ ਸ਼ਾਮਲ ਨੌਜਵਾਨਾਂ ਦੇ ਚਿਹਰਿਆਂ 'ਤੇ ਗੁਰੂ ਸਾਹਿਬ ਪ੍ਰਤੀ ਭਾਵਨਾ, ਮਾਣ ਅਤੇ ਜੋਸ਼ ਸਪੱਸ਼ਟ ਤੌਰ 'ਤੇ ਝਲਕ ਰਿਹਾ ਸੀ। ਬਹੁਤ ਸਾਰੇ ਮਾਪਿਆਂ ਨੇ ਵੀ ਇਸ ਗੱਲ ਉੱਤੇ ਖ਼ੁਸ਼ੀ ਜਤਾਈ ਕਿ ਯੂਥ ਅਕਾਲੀ ਦਲ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖੀ ਨਾਲ ਦੁਬਾਰਾ ਜੋੜ ਰਹੇ ਹਨ।

ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਸਾਡਾ ਹਰ ਨੌਜਵਾਨ ਦਸਤਾਰਧਾਰੀ, ਅਨੁਸ਼ਾਸਤ ਅਤੇ ਸਿੱਖੀ ਦੇ ਅਸੂਲਾਂ ਨਾਲ ਪ੍ਰੇਰਿਤ ਹੋ ਕੇ ਸਮਾਜ ਲਈ ਰੋਲ ਮਾਡਲ ਬਣੇ।

ਸ. ਝਿੰਜਰ ਨੇ ਕਿਹਾ ਕਿ ਮੇਰੀ ਦਸਤਾਰ ਮੇਰੀ ਸ਼ਾਨ ਮੁਹਿੰਮ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥' ਤੋਂ ਪ੍ਰੇਰਿਤ ਹੈ — ਜੋ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਅਸੀਂ ਮਨੁੱਖਤਾ, ਸੇਵਾ ਅਤੇ ਸੱਚਾਈ ਦੇ ਰਾਹ 'ਤੇ ਚੱਲੀਏ। ਗੁਰੂ ਸਾਹਿਬ ਨੇ ਸਾਨੂੰ ਸਮਾਨਤਾ, ਭਾਈਚਾਰੇ ਅਤੇ ਆਦਰ ਦਾ ਪਾਠ ਪੜ੍ਹਾਇਆ। ਦਸਤਾਰ ਸਿਰਫ਼ ਸਿੱਖ ਦੀ ਸ਼ਾਨ ਹੀ ਨਹੀਂ, ਸਗੋਂ ਉਹ ਸਨੇਹਾ ਵੀ ਹੈ ਜੋ ਸਮਾਜ ਵਿਚ ਆਦਰ, ਸੱਚਾਈ ਅਤੇ ਬਰਾਬਰੀ ਦੀ ਸੋਚ ਨੂੰ ਵਧਾਉਂਦਾ ਹੈ।

ਅਖੀਰ ਵਿੱਚ ਸ. ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਨੂੰ ਇਹ ਯਾਦ ਦਵਾਉਂਦਾ ਹੈ ਕਿ ਗੁਰਬਾਣੀ ਦਾ ਚਾਨਣ ਸਿਰਫ਼ ਗੁਰਦੁਆਰਿਆਂ ਤੱਕ ਸੀਮਿਤ ਨਹੀਂ, ਸਗੋਂ ਸਾਡੇ ਹਰ ਕਰਮ, ਹਰ ਸੋਚ ਅਤੇ ਹਰ ਕਦਮ ਵਿੱਚ ਰੌਸ਼ਨ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੇਰੀ ਦਸਤਾਰ ਮੇਰੀ ਸ਼ਾਨ ਮੁਹਿੰਮ ਰਾਹੀਂ ਯੂਥ ਅਕਾਲੀ ਦਲ ਉਹੀ ਚਾਨਣ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਇਸ ਮੌਕੇ ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਬੀਬੀ ਸੁਖਵਿੰਦਰ ਕੌਰ ਰੰਧਾਵਾ, ਸੀਨੀਅਰ ਅਕਾਲੀ ਆਗੂ ਇਕਬਾਲ ਸਿੰਘ ਸੰਧੂ, ਜਨਰਲ ਸਕੱਤਰ ਯੂਥ ਅਕਾਲੀ ਦਲ ਆਕਾਸ਼ਦੀਪ ਸਿੰਘ ਮਿੱਡੂ ਖੇੜਾ, ਪ੍ਰਭਜੋਤ ਸਿੰਘ ਧਾਲੀਵਾਲ, ਮਨਜੀਤ ਸਿੰਘ ਮਲਕਪੁਰ, ਜਗਜੀਤ ਸਿੰਘ ਜੱਗੀ ਚੋਲਾ, ਗੁਰਦੀਪ ਚੱਕ, ਹਰਿੰਦਰ ਸਿੰਘ ਸੈਣੀ, ਗੁਰਪ੍ਰੀਤ ਸਿੰਘ ਚਹਿਲ, ਦਵਿੰਦਰ ਸਿੰਘ ਸਿੱਧੂ, ਸੋਨੂ ਲੰਗਾਹ, ਗੁਰਜੀਤ ਸਿੰਘ ਬਿਜਲੀਵਾਲ ਚਿੱਤਵੀਰ ਸਿੰਘ ਜੀਰਾ, ਸੁਖਜੀਤ ਸਿੰਘ ਮਾਹਲਾ, ਲਖਵਿੰਦਰ ਸਿੰਘ ਗਾਬੜੀਆ, ਜਿੰਮੀਵਾਲੀਆ, ਅਮਨਦੀਪ ਸਿੰਘ ਘੱਗਾ, ਰਾਜਵਿੰਦਰ ਸਿੰਘ ਮਾਂਗਟ ਆਦਿ ਹਾਜ਼ਰ ਸਨ।

## ਪ੍ਰਧਾਨ ਕੁੰਦਰਾ ਵੱਲੋਂ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਨੂੰ ਜਾਂਦੀ ਸੜਕ ਦੀ ਮੁਰੰਮਤ ਦਾ ਕੰਮ ਕਰਵਾਇਆ ਸ਼ੁਰੂ



**ਮਾਛੀਵਾੜਾ ਸਾਹਿਬ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਚਰਨ ਛੋਹ ਪ੍ਰਾਪਤ ਧਰਤੀ ਦੇ ਪ੍ਰਮੁੱਖ ਗੁਰੂਦਵਾਰਾ ਸ੍ਰੀ ਚਰਨ ਕੰਵਲ ਸਾਹਿਬ ਰੋਡ ਦੀ ਮੁਰੰਮਤ ਦਾ ਕੰਮ ਅੱਜ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਮਾਰਕੀਟ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਗਿੱਲ ਦੀ ਮੌਜੂਦਗੀ ਵਿੱਚ ਸ਼ੁਰੂ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਗੁਰੂਦਵਾਰਾ ਸਾਹਿਬ ਨੂੰ ਚਰਨ ਕੰਵਲ ਚੌਕ ਤੋਂ ਜਾਂਦੀ ਸੜਕ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਸੀ। ਜਿਸ ਕਾਰਨ ਦੇਸ਼ ਵਿਦੇਸ਼ ਤੋਂ

ਸੰਗਤ ਸਮੇਤ ਰੋਜ਼ਾਨਾ ਗੁਰੂਘਰ ਜਾਣ ਵਾਲੇ ਸ਼ਰਧਾਲੂਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਜਿਸ ਸਬੰਧੀ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਉਚੇਚੇ ਯਤਨਾਂ ਸਦਕਾ ਇਸ ਸੜਕ ਦੀ ਮੁਰੰਮਤ ਦਾ ਇਹ ਕੰਮ ਅੱਜ ਸ਼ੁਰੂ ਕਰਵਾਇਆ ਗਿਆ। ਉਹਨਾਂ ਅਨੁਸਾਰ ਅਗਲੇ ਮਹੀਨੇ ਹੋਣ ਵਾਲੇ ਜੋੜ ਮੇਲ ਦੇ ਮੱਦੇਨਜ਼ਰ ਇਸ ਸੜਕ ਦੀ ਮੁਰੰਮਤ ਦਾ ਕੰਮ ਅੱਜ ਸ਼ੁਰੂ ਕਰਵਾਇਆ ਗਿਆ ਜਿਸ ਦੇ ਚਲਦਿਆਂ ਜਿਨਾਂ ਥਾਵਾਂ ਤੇ ਸੜਕ ਬਹੁਤ ਜਿਆਦਾ ਖਰਾਬ ਹੈ ਉਥੇ ਉਸ ਦੀ ਮੁਰੰਮਤ ਦਾ ਕੰਮ ਕਰਵਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਲਈ ਟੈਂਡਰ ਪ੍ਰਕ੍ਰਿਆ ਜਾਰੀ ਹੈ ਤੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਸਦਕਾ ਜੋੜ ਮੇਲ ਤੋਂ ਬਾਅਦ ਇਸ ਸੜਕ ਦਾ ਨਿਰਮਾਣ ਸ਼ੁਰੂ ਕਰਵਾ ਦਿੱਤਾ ਜਾਵੇਗਾ।ਇਸ ਮੌਕੇ ਉਹਨਾਂ ਆਸ ਪਾਸ ਦੇ ਦੁਕਾਨਦਾਰਾਂ ਅਤੇ ਮੁਹੱਲਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਸੜਕ 'ਤੇ ਪਾਣੀ ਸੁੱਟਣ ਤੋਂ ਗੁਰੇਜ ਕਰਨ ਅਤੇ ਸਾਫ ਸਫਾਈ ਵਿੱਚ ਨਗਰ ਕੌਂਸਲ ਦੇ ਮੁਲਾਜ਼ਮਾਂ ਦਾ ਸਹਿਯੋਗ ਕਰਨ ਤਾਂ ਜੋ ਸ਼ਹਿਰ ਨੂੰ ਵਧੀਆ ਦਿੱਖ ਦੇਣ ਦੇ ਨਗਰ ਕੌਂਸਲ ਦੇ ਯਤਨ ਸਫਲ ਹੋ ਸਕਣ।

# ਲੁਧਿਆਣਾ ਬੱਸ ਅੱਡੇ ਸਬੰਧੀ ਪ੍ਰਚਾਰ ਤੱਥਾਂ ਰਹਿਤ ਤੇ ਗੁੰਮਰਾਹਕੁੰਨ: ਲਾਲਜੀਤ ਸਿੰਘ ਭੁੱਲਰ

## ਲੁਧਿਆਣਾ ਬੱਸ ਅੱਡੇ ਦੇ ਵੱਖ-ਵੱਖ ਹਿੱਸਿਆਂ ਨੂੰ ਠੇਕੇ 'ਤੇ ਦੇਣ ਸਬੰਧੀ ਪੱਖਪਾਤ ਜਾਂ ਬੇਨਿਯਮੀਆਂ ਦੇ ਦਾਅਵਿਆਂ ਅਤੇ ਖਬਰਾਂ ਨੂੰ ਨਿਰਾਧਾਰ ਦੱਸਿਆ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਲੁਧਿਆਣਾ ਬੱਸ ਅੱਡੇ ਦੇ ਵੱਖ-ਵੱਖ ਹਿੱਸਿਆਂ ਨੂੰ ਠੇਕੇ 'ਤੇ ਦੇਣ ਸਬੰਧੀ ਪੱਖਪਾਤ ਜਾਂ ਬੇਨਿਯਮੀਆਂ ਦੇ ਦਾਅਵਿਆਂ ਅਤੇ ਖਬਰਾਂ ਨੂੰ ਨਿਰਾਧਾਰ ਦੱਸਿਆ ਕਿਹਾ ਹੈ ਕਿ ਲੁਧਿਆਣਾ ਬੱਸ ਅੱਡਾ 10 ਦਸੰਬਰ, 2021 ਤੋਂ ਪਹਿਲਾਂ ਓਵਰਆਲ ਠੇਕੇ 'ਤੇ ਸੀ, ਜਦਕਿ ਹੁਣ ਅੱਡੇ ਵੱਖ-ਵੱਖ ਹਿੱਸਿਆ ਨੂੰ ਠੇਕੇ 'ਤੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਹੀ ਅਪਣਾਈ ਜਾ ਰਹੀ ਹੈ ਅਤੇ ਇਸੇ ਤਰਜ਼ 'ਤੇ ਪੰਜਾਬ ਦੇ ਹੋਰ ਬੱਸ ਅੱਡੇ ਵੀ ਠੇਕੇ 'ਤੇ ਦਿੱਤੇ ਜਾਂਦੇ ਰਹੇ ਹਨ।

ਟਰਾਂਸਪੋਰਟ ਮੰਤਰੀ ਨੇ ਸਪੱਸ਼ਟ ਕਰਦਿਆਂ ਅਤੇ ਤੱਥਾਂ ਰਹਿਤ ਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦਿਆਂ ਦੱਸਿਆ ਕਿ ਬੱਸ ਸਟੈਂਡ ਲੁਧਿਆਣਾ ਦੀ ਕੰਸਟਰੱਕਸ਼ਨ ਦਾ ਕੰਮ ਵੈਲਸੰਪਨ ਕੰਪਨੀ ਵੱਲੋਂ ਸਾਲ 2006 ਵਿੱਚ ਬੀ.ਓ.ਟੀ. (ਬੈਲਟ ਉਪਰੇਟ ਐਂਡ ਟਰਾਂਸਫਰ) ਤੇ ਕੀਤਾ ਗਿਆ ਸੀ। ਇਸ ਕੰਪਨੀ ਵੱਲੋਂ ਸਾਲ 2016 ਤੱਕ ਬੱਸ ਸਟੈਂਡ ਨੂੰ ਬੀ.ਓ.ਟੀ. ਬੇਸਿਜ 'ਤੇ ਚਲਾਇਆ ਗਿਆ। ਇਸ ਤੋਂ ਬਾਅਦ ਬੱਸ ਸਟੈਂਡ ਲੁਧਿਆਣਾ ਸਾਲ 2018 ਵਿੱਚ ਮੁੜ ਮੈਸ.ਐਲ.ਆਰ.ਵਾਈ ਕੰਪਨੀ ਨੂੰ ਐਮ.ਓ.ਟੀ. (ਮੈਂਟੀਨੈਂਸ ਉਪਰੇਟ ਐਂਡ ਟਰਾਂਸਫਰ) ਦੇ ਅਧਾਰ 'ਤੇ ਠੇਕੇ 'ਤੇ ਦੇ ਦਿੱਤਾ ਗਿਆ।



ਉਨ੍ਹਾਂ ਦੱਸਿਆ ਕਿ ਸਾਲ 2020 ਵਿੱਚ ਕਰੋਨਾ ਮਹਾਮਾਰੀ ਆਉਣ ਕਾਰਨ ਮੈਸ.ਐਲ.ਆਰ.ਵਾਈ ਕੰਪਨੀ ਵੱਲੋਂ ਬਣਦੀ ਕਨਸ਼ੈਸ਼ਨ ਫੀਸ ਵਿਭਾਗ ਪਾਸ ਜ਼ਮ੍ਹਾਂ ਨਹੀ ਕਰਵਾਈ ਗਈ, ਜਿਸ ਕਾਰਨ ਇਸ ਕੰਪਨੀ ਦਾ ਐਗਰੀਮੈਂਟ ਵਿਭਾਗ ਵੱਲੋਂ ਮੁਅਤੱਲ ਕਰਕੇ 10 ਦਸੰਬਰ,2021 ਤੋਂ ਬੱਸ ਸਟੈਂਡ ਲੁਧਿਆਣਾ ਦਾ ਰੱਖ-ਰੱਖਾਵ ਪਨਬੱਸ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਸ ਬੱਸ ਅੱਡੇ ਦੀ ਫੀਸ ਦੀ ਕੁਲੈਕਸ਼ਨ ਵੀ ਵਿਭਾਗ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾਂਦੀ ਹੈ। ਇਹ ਅੱਡਾ ਫੀਸ ਕੁਲੈਕਟ ਕਰਨ ਲਈ ਬੱਸ ਸਟੈਂਡ ਦੇ ਵੱਖ-ਵੱਖ ਪੁਆਇੰਟਾਂ 'ਤੇ ਡਿਪੂ ਵੱਲੋਂ 15 ਕਰਮਚਾਰੀਆਂ (ਕੰਡਕਟਰ-ਸਬ ਇਸੰਪੈਕਟਰ) ਨੂੰ ਤੈਨਾਤ ਕੀਤਾ ਗਿਆ ਸੀ। ਇਨਾ ਕਰਮਚਾਰੀਆਂ ਵਲੋ ਰੋਜ਼ਾਨਾ ਅੱਡਾ ਫੀਸ ਕੁਲੈਕਟ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਕਰਮਚਾਰੀਆਂ ਦੀ ਤਨਖਾਹ ਅਤੇ ਸਟੇਸ਼ਨਰੀ ਆਦਿ ਦਾ ਖਰਚਾ ਵੀ ਵਿਭਾਗ ਵੱਲੋਂ ਹੀ ਕੀਤਾ ਜਾਂਦਾ ਸੀ।

ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਅੱਡਾ ਫੀਸ ਨੂੰ ਠੇਕੇ 'ਤੇ ਦੇਣ ਲਈ ਮੁੱਖ ਦਫਤਰ ਦੇ ਹੁਕਮਾਂ ਅਨੁਸਾਰ ਡਿਪੂ ਵੱਲੋਂ 08 ਵਾਰ ਆਨਲਾਈਨ ਈ-ਆਕਸ਼ਨ ਕਰਵਾਈ ਗਈ। ਇਸੇ ਤਹਿਤ 01 ਅਗਸਤ, 2025 ਨੂੰ ਈ-ਆਕਸ਼ਨ ਕੀਤੀ ਗਈ। ਇਸ ਆਨਲਾਈਨ ਈ-ਆਕਸ਼ਨ ਵਿੱਚ ਕੁੱਲ 04 ਬੋਲੀਕਾਰ ਸ਼ਾਮਲ ਹੋਏ ਅਤੇ ਇਨ੍ਹਾਂ 04 ਬੋਲੀਕਾਰਾਂ ਵਿੱਚੋਂ ਅਰਜਨ ਯਾਦਵ ਐਂਡ ਕੰਪਨੀ ਵੱਲੋਂ ਉਚ ਕੀਮਤ 4401000 ਪਲੱਸ ਜੀ.ਐਸ.ਟੀ. 51,93,180/- ਦੀ ਬੋਲੀ ਲਗਾਈ ਗਈ। ਅਰਜੁਨ ਯਾਦਵ ਐਂਡ ਕੰਪਨੀ ਵੱਲੋਂ ਰਕਮ 100298340/- (ਇੱਕ ਕਰੋੜ ਦੋ ਲੱਖ ਅਠਾਨਵੇ ਹਜ਼ਾਰ ਤਿੰਨ ਸੋ ਚਾਲੀ ਰੁਪਏ) ਦੋ ਕਿਸ਼ਤਾਂ ਐਡਵਾਂਸ ਡਿਪੂ ਦੇ ਖਾਤੇ ਵਿੱਚ ਜ਼ਮ੍ਹਾਂ ਕਰਵਾ ਦਿੱਤੀਆਂ ਗਈਆਂ ਹਨ। ਅੱਡਾ ਫੀਸ ਦਾ ਕੰਟਰੈਕਟ ਇਸ ਕੰਪਨੀ ਨਾਲ 06 ਮਹੀਨੇ ਦੇ ਸਮੇਂ ਜਾਂ ਓਵਰਆਲ ਬੱਸ ਸਟੈਂਡ ਠੇਕੇ 'ਤੇ ਚੜਨ ਤੋਂ ਪਹਿਲਾਂ ਤੱਕ ਦੇ ਸਮੇਂ ਲਈ ਕੀਤਾ ਗਿਆ ਹੈ। ਐਡਵਾਂਸ ਈ-ਆਕਸ਼ਨ ਦੀ ਇਹ ਸਾਰੀ ਪ੍ਰਕਿਰਿਆ ਸਰਕਾਰੀ ਹਦਾਇਤਾਂ ਅਨੁਸਾਰ ਐਮ.ਐਸ.ਟੀ.ਸੀ. ਕੰਪਨੀ ਵੱਲੋਂ ਕੀਤੀ ਗਈ ਹੈ। ਅੱਡਾ ਫੀਸ ਕੁਲੈਕਸ਼ਨ ਦਾ ਕੰਮ ਠੇਕੇ 'ਤੇ ਦੇਣ ਤੋਂ ਬਾਅਦ ਡਿਪੂ ਦੇ ਜੋ ਕੰਡਕਟਰ ਅਤੇ ਸਬ ਇਸੰਪੈਕਟਰ ਸਟਾਫ ਨੂੰ ਅੱਡਾ ਫੀਸ 'ਤੇ ਲਗਾਇਆ ਗਿਆ ਸੀ, ਉਨਾਂ ਕਰਮਚਾਰੀਆਂ ਨੂੰ ਮੁੜ ਆਪਣੀ ਬਣਦੀ ਡਿਊਟੀ 'ਤੇ ਲਗਾ ਦਿੱਤਾ ਗਿਆ ਹੈ।

ਲਾਲਜੀਤ ਸਿੰਘ ਭੁੱਲਰ ਨੇ ਅੱਗੇ ਦੱਸਿਆ ਕਿ ਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਟਰਾਂਸਪੋਰਟ ਵਿਭਾਗ ਨੇ ਠੇਕੇ ਦੇ ਆਧਾਰ 'ਤੇ ਅੱਡਾ ਦੇਣ ਲਈ ਸੱਤ ਵਾਰ ਈ-ਨਿਲਾਮੀਆਂ ਕੀਤੀਆਂ ਅਤੇ 1 ਅਗਸਤ, 2025 ਨੂੰ ਹੋਈ ਸਭ ਤੋਂ ਤਾਜ਼ਾ ਅੱਠਵੀਂ ਨਿਲਾਮੀ ਵਿੱਚ ਅਰਜਨ ਯਾਦਵ ਐਂਡ ਕੰਪਨੀ (#156, ਨਿਊ ਗਰੇਨ ਮਾਰਕੀਟ, ਸਾਲਿਮ ਟੱਬਰੀ, ਲੁਧਿਆਣਾ-141008, ਪੰਜਾਬ) ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਵਜੋਂ ਉਭਰੀ। ਇਸ ਤਰ੍ਹਾਂ ਇੱਕ ਪਾਰਦਰਸ਼ੀ ਅਤੇ ਨਿਰਧਾਰਤ ਪ੍ਰਕਿਰਿਆ ਤੋਂ ਬਾਅਦ, ਸਫਲ ਬੋਲੀਕਾਰ ਨੇ ਬਣਦੀ ਰਾਸ਼ੀ ਜ਼ਮ੍ਹਾਂ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਸਮਝੌਤੇ ਅਨੁਸਾਰ ਠੇਕੇਦਾਰ ਨੇ 1 ਨਵੰਬਰ, 2025 ਤੋਂ ਬੱਸ ਸਟੈਂਡ ਫੀਸ ਇਕੱਠੀ ਕਰਨ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ ਹੈ।

ਲਾਲਜੀਤ ਸਿੰਘ ਭੁੱਲਰ ਨੇ ਭਰੋਸਾ ਦਿਵਾਉਂਦਿਆਂ ਕਿਹਾ ਕਿ ਹਰ ਕਦਮ ਬਹੁਤ ਪਾਰਦਰਸ਼ਤਾ ਨਾਲ ਅਤੇ ਨਿਯਮਾਂ ਚੁੱਕਿਆ ਗਿਆ ਹੈ। ਅੱਡਾ ਫੀਸ ਵਸੂਲੀ ਨੂੰ ਆਊਟਸੋਰਸ ਕਰਨ ਦਾ ਫੈਸਲਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ, ਪ੍ਰਬੰਧਕੀ ਬੋਝ ਘਟਾਉਣ ਅਤੇ ਸਰਕਾਰੀ ਖਜ਼ਾਨੇ ਲਈ ਮਾਲੀਆ ਪੈਦਾ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਉਨ੍ਹਾਂ ਪੂਰੀ ਲਗਨ ਅਤੇ ਪਾਰਦਰਸ਼ਤਾ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦੀ ਆਪਣੀ ਵਚਨਬੱਧਤਾ ਵੀ ਦੁਹਰਾਈ।

## ਸਰਕਾਰ ਨੇ ਸਰਕਾਰੀ ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੀਆਂ ਗਰਾਟਾਂ ਰੋਕੀਆਂ : ਹਰਬੰਸ ਸਿੰਘ ਕੰਧੋਲਾ



ਦੀ ਅੰਬਾਲਾ ਬੋਰਡ ਐਜੂਕੇਸ਼ਨ ਬੋਰਡ ਦੇ ਜਨਰਲ ਮੈਨੇਜ਼ਰ ਹਰਬੰਸ ਸਿੰਘ ਕੰਧੋਲਾ ਗੱਲ ਕਰਦੇ ਹੋਏ, ਨਾਲ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ, ਸਾਬਕਾ ਐਸ.ਜੀ.ਪੀ.ਸੀ.ਮੈਂਬਰ ਭਜ਼ਨ ਸਿੰਘ ਸ਼ੇਰਗਿੱਲ।

**ਖਰੜ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਜੋ ਸਰਕਾਰੀ ਸਹਾਇਤਾ ਪ੍ਰਾਪਤ ਸਿੱਖਿਆ ਦੀਆਂ ਸੰਸਥਾਵਾਂ ਚੱਲ ਰਹੀਆਂ ਹਨ, ਉਨ੍ਹਾਂ ਲਈ ਸਰਕਾਰ ਵਲੋਂ ਗਰਾਟਾਂ ਜਾਰੀ ਕਰਨੀਆਂ ਹੁੰਦੀਆਂ ਹਨ ਉਹ ਰੋਕੀ ਬੈਠੀ ਹੈ ਜਿਸ ਕਾਰਨ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਵਿਚ ਦੇਰੀ ਹੋ ਰਹੀ ਹੈ, ਹੁਣ ਸਰਕਾਰ ਵਲੋਂ ਕਈ ਜਿਲਿਆਂ ਨੂੰ ਤਾਂ ਗਰਾਟਾਂ ਜਾਰੀ ਕਰ ਦਿੱਤੀਆਂ ਗਈਆਂ ਅਤੇ ਕਈ ਜਿਲੇ ਦੀਆਂ ਗਰਾਟਾਂ ਰੋਕੀਆਂ ਹਨ, ਜੋ ਕਿ ਮੰਦਭਾਗੀ ਗੱਲ ਹੈ। ਇਹ ਜਾਣਕਾਰੀ ਦੀ ਅੰਬਾਲਾ ਬੋਰਡ ਆਫ ਐਜੂਕੇਸ਼ਨਲ ਦੇ ਜਨਰਲ ਮੈਨੇਜ਼ਰ ਹਰਬੰਸ ਸਿੰਘ ਕੰਧੋਲਾ ਨੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਗੱਲ ਕਰਦਿਆ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਲਈ ਅਸਾਮੀਆਂ ਦੇਵੇ, ਕਿਉਕਿ ਸਕੂਲਾਂ ਵਿਚ ਸਟਾਫ ਬਹੁਤ ਘੱਟ ਰਹਿ ਗਿਆ ਹੈ, ਜੇ ਅਸਾਮੀਆਂ ਹੀ ਨਹੀ ਦੇਣੀਆਂ ਉਸ ਸਬੰਧੀ ਮੈਨੇਜਮੈਂਟ ਕਮੇਟੀਆਂ ਨਾਲ ਮੀਟਿੰਗ ਕਰਕੇ ਕੋਈ ਹੱਲ ਕੱਢੇ, ਕਿਉਕਿ ਇਨ੍ਹਾਂ ਸੰਸਥਾਵਾਂ ਨੂੰ ਮੈਨੇਜ਼ਮੈਂਟ ਵਲੋਂ ਅੱਗੇ ਚਲਾਉਣਾ ਹੈ। ਸੰਸਥਾਵਾਂ ਦੀਆਂ ਕਮੇਟੀਆਂ ਵਲੋਂ ਸਟਾਫ ਨੂੰ ਵੀ ਐਡਜਸਟ ਕਰਨਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੀਆਂ ਸੰਸਥਾਵਾਂ ਨੂੰ ਗਰਾਂਟ ਜਾਰੀ ਨਹੀਂ ਕੀਤੀ ਉਨ੍ਹਾਂ ਨੂੰ ਤੁਰੰਤ ਗਰਾਟਾਂ ਜਾਰੀ ਕੀਤੀ ਜਾਵੇ ਤਾਂ ਕਿ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਦਿੱਤੀ ਜਾ ਸਕੇ। ਇਸ ਮੌਕੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਭਜ਼ਨ ਸਿੰਘ ਸ਼ੇਰਗਿੱਲ, ਕਰਨਲ ਭਜ਼ਨ ਸਿੰਘ, ਪੰਜਾਬ ਰਾਜ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਪੰਜਾਬ ਦੇ ਜੁਆਇੰਟ ਸਕੱਤਰ ਦਲਜੀਤ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਵਲੋਂ ਆਈ.ਟੀ.ਆਈ ਬਟਾਲਾ ਵਿਖੇ ਅੱਜ ਹੋਣ ਵਾਲੇ ਲਾਈਟ ਐਂਡ ਸਾਊਂਡ ਸ਼ੋਅ ਦੀਆਂ ਤਿਆਰੀਆਂ ਦਾ ਜਾਇਜ਼ਾ



**ਬਟਾਲਾ, 6 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਲਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਟਾਲਾ ਵਿਖੇ 8 ਨਵੰਬਰ ਨੂੰ ਕਰਵਾਏ ਜਾ ਰਹੇ ਲਾਈਟ ਐਂਡ ਸਾਊਂਡ ਸ਼ੋਅ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਸ੍ਰੀ ਆਦਿੱਤਿਆ ਉੱਪਲ ਵੱਲੋਂ ਆਈ.ਟੀ.ਆਈ. ਬਟਾਲਾ ਵਿਖੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਕੀਤੀ ਅਤੇ ਤਿਆਰੀਆਂ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਸ਼ਾਮ 5.30 ਵਜੇ ਬਟਾਲਾ ਦੀ ਆਈ.ਟੀ.ਆਈ ਗਰਾਊਂਡ (ਕਾਹਨੂੰਵਾਨ ਰੋਡ) ਵਿਖੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ, ਜਿਸ ਵਿੱਚ ਸੰਗਤ ਨੂੰ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਕਿਹਾ ਕਿ ਉਹ ਇਸ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਨੂੰ ਆਪਣੇ ਪਰਿਵਾਰਾਂ ਸਮੇਤ ਜ਼ਰੂਰ ਦੇਖਣ। ਉਨ੍ਹਾਂ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ 45 ਮਿੰਟ ਦੇ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਮਹਾਨ ਬਲੀਦਾਨ ਬਾਰੇ ਚਾਨਣਾ ਪਾਇਆ ਜਾਵੇਗਾ।

ਉਨ੍ਹਾਂ ਨੇ ਅੱਗੇ ਦੱਸਿਆ ਕਿ 8 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 5.30 ਵਜੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ ਅਤੇ ਕੋਈ ਵੀ ਬਿਨ੍ਹਾਂ ਕਿਸੇ ਪਾਸ ਤੋਂ ਸ਼ੋਅ ਵਿੱਚ ਸ਼ਾਮਿਲ ਹੋ ਸਕਦਾ ਹੈ ਅਤੇ ਹਰੇਕ ਲਈ ਖੁੱਲ੍ਹਾ ਦਾਖਲਾ ਹੈ।

ਮੀਟਿੰਗ ਦੌਰਾਨ ਉਨ੍ਹਾਂ ਪੁਲਿਸ, ਨਗਰ ਨਿਗਮ ਬਟਾਲਾ, ਵਿਕਾਸ ਅਤੇ ਪੰਚਾਇਤ ਵਿਭਾਗ, ਲੋਕ ਨਿਰਮਾਣ ਵਿਭਾਗ, ਸਿਹਤ, ਵਾਟਰ ਸਪਲਾਈ ਅਤੇ ਸੀਵਰੇਜ, ਜੰਗਲਾਤ, ਫਾਇਰ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਸਮੇਤ ਵੱਖ-ਵੱਖ ਅਧਿਕਾਰੀਆਂ ਨੂੰ ਸਮਾਗਮ ਤੋਂ ਪਹਿਲਾਂ ਪਹਿਲਾਂ ਤਿਆਰੀਆਂ ਮੁਕੰਮਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਮੌਕੇ ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ, ਮੈਡਮ ਨਵਜੋਤ ਸ਼ਰਮਾ, ਆਰ.ਟੀ.ਏ. ਵਿਕਰਮਜੀਤ ਸਿੰਘ ਪਾਂਥੇ ਐਸ.ਡੀ.ਐੱਮ ਬਟਾਲਾ, ਮਨਜੀਤ ਸਿੰਘ ਰਾਜਲਾ ਐਸ.ਡੀ.ਐੱਮ. ਗੁਰਦਾਸਪੁਰ, ਪ੍ਰੋ.ਰਾਜ ਕੁਮਾਰ ਸ਼ਰਮਾ, ਡੀ.ਐੱਸ.ਪੀ. ਤੇਜਿੰਦਰਪਾਲ ਸਿੰਘ, ਐੱਸ.ਡੀ.ਓ. ਨਿਰਮਲ ਸਿੰਘ, ਪਰਮਿੰਦਰ ਸਿੰਘ ਸ਼ੈਣੀ ਜਿਲਾ ਗਾਈਡੈਂਸ ਕੋਸ਼ਲਰ, ਨੀਰਜ ਸ਼ਰਮਾ ਫਾਈਰ ਅਫਸਰ, ਨਿਰਮਲ ਸਿੰਘ, ਸੁਪਰਡੈਂਟ ਸੁੰਦਰ ਸ਼ਰਮਾ, ਲਖਬੀਰ ਸਿੰਘ, ਰਾਜਵਿੰਦਰ ਸਿੰਘ ਅਤੇ ਵੱਖ-ਵੱਖ ਅਧਿਕਾਰੀ ਮੌਜੂਦ ਸਨ।

## ਸੀ.ਏ.ਕਿਊ.ਐੱਮ. ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦਾ ਦੌਰਾ ਕਰਕੇ ਲਿਆ ਜਾਇਜ਼ਾ



**ਬਠਿੰਡਾ,7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਸਥਿਤ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਸੀ.ਏ.ਕਿਊ.ਐੱਮ.) ਦੇ ਚੇਅਰਮੈਨ ਸ਼੍ਰੀ ਰਾਜੇਸ਼ ਵਰਮਾ ਨੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ 'ਚ ਕੋਲ ਹੈਂਡਲਿੰਗ ਪਲਾਂਟ (ਸੀ.ਐਚ.ਪੀ) ਦਾ ਦੌਰਾ ਕਰਕੇ ਜਾਇਜਾ ਲਿਆ। ਇਸ ਮੌਕੇ ਉਹਨਾਂ ਦੇ ਨਾਲ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ, ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ, ਐਸਐਸਪੀ ਅਮਨੀਤ ਕੌਂਡਲ, ਚੀਫ ਇੰਜੀਨੀਅਰ ਤੇਜ ਬਾਂਸਲ ਅਤੇ ਸੀਨੀਅਰ ਇੰਜੀਨੀਅਰ ਕਪਿਲ ਦੇਵ ਆਦਿ ਹਾਜ਼ਰ ਸਨ।

ਇਸ ਮੌਕੇ ਚੇਅਰਮੈਨ ਸ਼੍ਰੀ ਰਾਜੇਸ਼ ਵਰਮਾ ਨੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ 'ਚ ਸਥਿਤ ਕੋਲ ਹੈਂਡਲਿੰਗ ਪਲਾਂਟ ਬਾਰੇ ਜਿੱਥੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਕੀਤੀ ਉੱਥੇ ਹੀ ਉਹਨਾਂ ਸੰਬੰਧਿਤ ਅਧਿਕਾਰੀਆਂ ਨੂੰ ਲੋੜੀਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਚੀਫ ਇੰਜੀਨੀਅਰ ਤੇਜ ਬਾਂਸਲ ਨੇ ਦੱਸਿਆ ਕਿ ਇਸ ਥਰਮਲ ਪਲਾਂਟ ਵਿੱਚ ਰੋਜ਼ਾਨਾ 16 ਹਜ਼ਾਰ ਮੀਟ੍ਰਿਕ ਟਨ ਕੋਲਾ 4 ਟ੍ਰੇਨਾਂ ਰਾਹੀਂ ਬਾਹਰੋਂ ਆਉਂਦਾ ਹੈ ਜੋ ਕਿ ਦੋ ਵਿਰਾਨ ਟਿਪਲਰ ਦੇ ਉੱਪਰ ਉੱਤਰਦਾ ਹੈ।

ਇਸ ਮੌਕੇ ਚੀਫ ਇੰਜੀਨੀਅਰ ਸ੍ਰੀ ਤੇਜ ਬਾਂਸਲ ਨੇ ਅੱਗੇ ਦੱਸਿਆ ਕਿ ਇਹ ਕੋਲਾ ਕਨਵੇਅਰ ਬੈਲਟਾਂ ਰਾਹੀਂ ਬਕਸਿਆਂ ਅੰਦਰ ਚਲਾ ਜਾਂਦਾ ਹੈ ਅਤੇ ਇਸ ਉਪਰੰਤ ਇਸ ਨੂੰ ਪੀਸਿਆ ਜਾਂਦਾ ਹੈ, ਫਿਰ ਪਾਊਡਰ ਦੇ ਰੂਪ ਵਿੱਚ ਭੱਠੀ ਵਿੱਚ ਬਲਦਾ ਹੈ।

ਇਸ ਦੌਰਾਨ ਉਹਨਾਂ ਇਹ ਵੀ ਦੱਸਿਆ ਕਿ ਸੀਐਚਪੀ ਬਾਇਓਮਾਸ ਪੈਲਿਟਸ ਮਿਨੀਸਟਰੀ ਆਫ ਇਨਵਾਇਰਮੈਂਟ ਤੋਂ ਮਾਨਤਾ ਪ੍ਰਾਪਤ ਹੈ। ਉਹਨਾਂ ਇਹ ਵੀ ਦੱਸਿਆ ਕਿ ਪਰਾਲੀ ਦੀਆਂ ਗਿਟੀਆਂ ਬਣਾ ਕੇ 5 ਫੀਸਦੀ ਕੋਲੇ 'ਚ ਵਰਤਿਆ ਜਾਂਦਾ ਹੈ।

ਇਸ ਤੋਂ ਪਹਿਲਾਂ ਸੀ.ਏ.ਕਿਉ.ਐੱਮ. ਦੇ ਚੇਅਰਮੈਨ ਸ਼੍ਰੀ ਰਾਜੇਸ਼ ਵਰਮਾ ਦਾ ਸਥਾਨਕ ਲੇਕ ਵਿਊ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਵੱਲੋਂ ਭਰਵਾ ਸਵਾਗਤ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨਿਕ ਅਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਅਧਿਕਾਰੀ ਆਦਿ ਹਾਜ਼ਰ ਸਨ।

## ਅੱਜ ਹੋਵੇਗਾ ਆਈ.ਟੀ.ਆਈ ਬਟਾਲਾ ਦੀ ਗਰਾਊਂਡ ਵਿਖੇ ਹੋਣ ਵਾਲਾ ਲਾਈਟ ਐਂਡ ਸਾਊਂਡ ਸ਼ੋਅ



**ਬਟਾਲਾ, 6 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ।

ਵਿਧਾਇਕ ਅਮਰਪਾਲ ਸਿੰਘ ਨੇ ਦੱਸਿਆ ਕਿ 8 ਨਵੰਬਰ ਦੀ ਸ਼ਾਮ 5.30 ਵਜੇ ਬਟਾਲਾ ਦੀ ਆਈ.ਟੀ.ਆਈ ਗਰਾਊਂਡ ਵਿਖੇ ਕਰਵਾਏ ਜਾ ਰਹੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸੰਗਤ ਨੂੰ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ। ਲਾਈਟ ਐਂਡ ਸਾਊਂਡ ਸ਼ੋਅ ਵੇਖਣ ਲਈ ਐਂਟਰੀ ਮੁਫ਼ਤ ਹੈ।

ਉਨ੍ਹਾਂ ਨੇ ਦੱਸਿਆ ਕਿ ਇਹ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਨੂੰ ਆਪਣੇ ਪਰਿਵਾਰਾਂ ਸਮੇਤ ਜ਼ਰੂਰ ਦੇਖਣ ਅਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਮਹਾਨ ਬਲੀਦਾਨ ਬਾਰੇ ਚਾਨਣਾ ਪਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸ਼ਾਨਦਾਰ ਪੇਸ਼ਕਾਰੀ ਨਾਲ ਸੰਗਤਾਂ ਨੂੰ ਅਨੋਖਾ ਅਨੁਭਵ ਹੋਵੇਗਾ, ਜੋ ਗੁਰੂ ਸਾਹਿਬ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵਵਿਆਪੀ ਭਾਈਚਾਰੇ ਨੂੰ ਮਜ਼ਬੂਤ ਕਰਨ ਦੇ ਫਲਸਫ਼ੇ ਨੂੰ ਸੁੰਦਰਤਾ ਨਾਲ ਦਰਸਾਉਂਦੀ ਹੈ।

# ਹੁਣ ਤੱਕ 10 ਲੱਖ ਤੋਂ ਵੱਧ ਕਿਸਾਨਾਂ ਨੂੰ ਐਮ.ਐਸ.ਪੀ. ਦਾ ਮਿਲਿਆ ਲਾਭ

## 95021 ਕਿਸਾਨਾਂ ਨੂੰ ਐਮ.ਐਸ.ਪੀ. ਦੇ ਲਾਭ ਮਿਲਣ ਨਾਲ ਪਟਿਆਲਾ ਸਭ ਤੋਂ ਅੱਗੇ

**ਚੰਡੀਗੜ੍ਹ, 7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਾ ਛੱਡਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਰਗਰਮ ਪਹੁੰਚ ਸਦਕਾ 5 ਨਵੰਬਰ ਤੱਕ 10,11,149 ਲੱਖ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਾ ਲਾਭ ਮਿਲਿਆ ਹੈ।

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ, ਖ਼ਰੀਦ, ਚੁਕਾਈ ਅਤੇ ਅਦਾਇਗੀ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕੀਤੀ ਜਾ ਰਹੀ ਹੈ। ਹੁਣ ਤੱਕ 95021 ਕਿਸਾਨਾਂ ਨੂੰ ਐਮ.ਐਸ.ਪੀ. ਦਾ ਲਾਭ ਮਿਲਣ ਨਾਲ ਪਟਿਆਲਾ ਜਿ ?ਲ੍ਹਾ ਸਭ ਤੋਂ ਅੱਗੇ ਹੈ।

ਜ਼ਿਕਰਯੋਗ ਹੈ ਕਿ 5 ਨਵੰਬਰ ਸ਼ਾਮ ਤੱਕ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੁੱਲ 13869759.05 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ। ਇਸ ਵਿੱਚੋਂ, 13597879.27 ਮੀਟਰਕ ਟਨ ਝੋਨਾ ਖਰੀਦਿਆ ਗਿਆ ਹੈ ,ਇਸ ਤਰ੍ਹਾਂ ਹੁੱਣ ਤੱਕ ਕੁੱਲ 98 ਫੀਸਦੀ ਫ਼ਸਲ ਖ਼ਰੀਦੀ ਜਾ ਚੁੱਕੀ ਹੈ। ਕੁੱਲ ਚੁਕਾਈ ਦਾ ਅੰਕੜਾ 11729851.90 ਮੀਟਰਕ ਟਨ ਹੈ, ਜੋ ਹੁਣ ਤੱਕ ਖਰੀਦੀ ਗਈ ਕੁੱਲ ਫ਼ਸਲ ਦਾ 86 ਫੀਸਦ ਬਣਦਾ ਹੈ।

## ਪੁਲਿਸ ਪ੍ਰਸ਼ਾਸ਼ਨ ਅਤੇ ਸਿਹਤ ਵਿਭਾਗ ਟੀਮ ਵੱਲੋਂ ਸਾਂਝੀ ਚੈਕਿੰਗ ਦੌਰਾਨ ਮੈਡੀਕਲ ਦੁਕਾਨ ਵਿੱਚੋ ਸੈਕੜੇ ਦੀ ਗਿਣਤੀ ਵਿੱਚ ਪ੍ਰਤੀਬੰਧਿਤ ਕੈਪਸੂਲ ਕੀਤੇ ਬਰਾਮਦ



**ਜੈਤੋਂ,7 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ 'ਯੁੱਧ ਨਸ਼ਿਆ ਵਿਰੁੱਧ' ਤਹਿਤ ਫਰੀਦਕੋਟ ਪੁਲਿਸ ਪ੍ਰਸ਼ਾਸ਼ਨ ਵੱਲੋਂ ਨਸ਼ੇ ਨੂੰ ਜੜ੍ਹ ਤੋ ਖਤਮ ਕਰਨ ਲਈ ਦ੍ਰਿੜ ਸੰਕਲਪਿਤ ਹੋ ਕੇ ਜਿੱਥੇ ਡਰੱਗ ਹੋਟ ਸਪਾਟ ਇਲਾਕਿਆ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਮਿਲ ਕੇ ਜਿਲ੍ਹੇ ਦੇ ਅੰਦਰ ਦੁਕਾਨਾਂ ਅੰਦਰ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ ਤਾਂ ਜੋ ਨਸ਼ੇ ਦੀ ਵਿਕਰੀ ਉੱਪਰ ਮੁਕੰਮਲ ਤੌਰ ਤੇ ਪਾਬੰਧੀ ਲਗਾਈ ਜਾ ਸਕੇ।

ਇਸੇ ਲੜੀ ਤਹਿਤ ਸ਼੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਹੇਠ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਿਸ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਮਿਲਕੇ ਮੈਡੀਕਲ ਸਟੋਰਾਂ ਤੇ ਅਚਨਚੇਤ ਚੈਕਿੰਗ ਕੀਤੀ ਗਈ। ਜਿਸ ਦੌਰਾਨ ਕਾਰਵਾਈ ਕਰਦੇ ਹੋਏ ਨਿਊ ਕਾਸਲ ਮੈਡੀਕਲ ਹਾਲ ਵਿੱਚੋ ਪਾਬੰਧੀਸ਼ੁਦਾ 995 ਕੈਪਸੂਲ ਮਾਰਕਾ Pregabalin IP C00 mg ਬਰਾਮਦ ਕੀਤੀਆ ਗਈਆ ਹਨ। ਇਹ ਜਾਣਕਾਰੀ ਸ਼੍ਰੀ ਇਕਬਾਲ ਸਿੰਘ ਡੀ.ਐਸ.ਪੀ (ਜੈਤੋ) ਵੱਲੋਂ ਸਾਂਝੀ ਕੀਤੀ ਗਈ।ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆ ਮੁੱਖ ਅਫਸਰ ਥਾਣਾ ਜੈਤੋ ਇੰਸਪੈਕਟਰ ਨਵਪ੍ਰੀਤ ਸਿੰਘ ਦੱਸਿਆ ਕਿ ਮਿਤੀ 05 ਨਵੰਬਰ ਨੂੰ ਫਰੀਦਕੋਟ ਪੁਲਿਸ ਅਤੇ ਸਿਹਤ ਵਿਭਾਗ ਦੀਆ ਟੀਮਾਂ ਵੱਲੋਂ ਸ਼੍ਰੀ ਹਰਜਿੰਦਰ ਸਿੰਘ ਡਰੱਗ ਇੰਸਪੈਕਟਰ ਨਾਲ ਮੈਡੀਕਲ ਸਟੋਰ ਚੈਕ ਕੀਤੇ ਗਏ ਸਨ। ਚੈਕਿੰਗ ਦੌਰਾਨ ਨਿਊ ਕੈਂਸਲ ਮੈਡੀਕਲ ਹਾਲ ਵਿੱਚੋ 995 ਦੇ ਕਰੀਬ ਪਾਬੰਧੀਸ਼ੁਦਾ ਕੈਪਸੂਲ ਮਿਲੇ ਹਨ।

## ਮੁੱਖ ਮੰਤਰੀ ਅੱਜ ਨਵੇਂ ਤਹਿਸੀਲ ਕੰਪਲੈਕਸ ਬਟਾਲਾ ਦਾ ਕਰਨਗੇ ਉਦਘਾਟਨ

**ਬਟਾਲਾ, 6 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਵੱਲੋਂ ਅੱਜ ਨਵੇ ਤਹਿਸੀਲ ਕੰਪਲੈਕਸ ਬਟਾਲਾ ਦਾ ਉਦਘਾਟਨ ਕੀਤਾ ਜਾਵੇਗਾ। ਜਿਸ ਸਬੰਧੀ ਅਧਿਕਾਰੀਆਂ ਵੱਲੋਂ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਿਮ ਛੂਹਾਂ ਦਿੱਤੀਆ ਜਾ ਰਹੀਆਂ ਹਨ। ਅੱਜ ਇਸ ਸਬੰਧੀ ਡਿਪਟੀ ਕਮਿਸ਼ਨਰ ਸ੍ਰੀ ਆਦਿੱਤਿਆ ਉੱਪਲ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਆਮਦ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਨੂੰ ਤਿਆਰੀਆਂ ਮੁਕੰਮਲ ਕਰਨ ਦੇ ਦਿਸ਼ਾ- ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਬਟਾਲਾ ਵਾਸੀਆਂ ਨੂੰ ਇਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮੰਤਵ ਨਾਲ ਕਚਹਿਰੀਆਂ ਬਟਾਲਾ ਦੇ ਨਜਦੀਕ ਨਵਾ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ। ਜਿਸ ਵਿੱਚ ਲੋਕਾਂ ਨੂੰ ਇਕ ਹੀ ਥਾਂ ਤੇ ਫਰਦ ਅਤੇ ਪਟਵਾਰਖਾਨੇ ਆਦਿ ਦੀਆਂ ਸਹੂਲਤਾਂ ਮਿਲਣ ਗਈਆਂ।

ਇਸ ਤਹਿਸੀਲ ਕੰਪਲੈਕਸ ਵਿੱਚ ਐੱਸ.ਡੀ.ਐੱਮ. ਦਫਤਰ, ਤਹਿਸੀਲਦਾਰ, ਕਨੂੰਗੋ, ਪਟਵਾਰੀ ਅਤੇ ਸੇਵਾਂ ਕੇਂਦਰ ਅਤੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਈਜ਼ੀ ਦਫਤਰ ਸਥਿਤ ਹੈ।

# ਪ੍ਰਧਾਨ ਮੰਤਰੀ ਵੱਲੋਂ 4 ਵੰਦੇ ਭਾਰਤ ਐਕਸਪ੍ਰੈਸ ਰੇਲਾਂ ਨੂੰ ਹਰੀ ਝੰਡੀ

## ਪੰਜਾਬ ਦੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਤੋਂ ਦਿੱਲੀ ਦਾ ਸਫਰ ਸਿਰਫ਼ 6 ਘੰਟੇ 40 ਮਿੰਟ ਵਿੱਚ





**ਨਵੀਂ ਦਿੱਲੀ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਵਾਰਾਣਸੀ ਤੋਂ ਚਾਰ ਨਵੀਆਂ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀਆਂ ਨੂੰ ਹਰੀ ਝੰਡੀ ਦਿੱਤੀ, ਜਿਸ ਨਾਲ ਭਾਰਤ ਦਾ ਅਰਧ-ਹਾਈ-ਸਪੀਡ ਰੇਲ ਨੈੱਟਵਰਕ 160 ਤੋਂ ਵੱਧ ਸੇਵਾਵਾਂ ਤੱਕ ਪਹੁੰਚ ਗਿਆ ਹੈ।

ਇਨ੍ਹਾਂ ਵਿੱਚੋਂ ਫਿਰੋਜ਼ਪੁਰ-ਦਿੱਲੀ ਰੂਟ ਸਭ ਤੋਂ ਖਾਸ ਹੈ, ਜੋ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਨੂੰ ਸਿਰਫ਼ 6 ਘੰਟੇ 40 ਮਿੰਟ ਵਿੱਚ ਨਵੀਂ ਦਿੱਲੀ ਨਾਲ ਸਿੱਧਾ, ਤੇਜ਼ ਸੰਪਰਕ ਪ੍ਰਦਾਨ ਕਰਦਾ ਹੈ। ਇਹ ਰੂਟ 486 ਕਿਲੋਮੀਟਰ ਦੇ ਕੋਰੀਡੋਰ 'ਤੇ ਸਭ ਤੋਂ ਤੇਜ਼ ਹੈ।

ਫਿਰੋਜ਼ਪੁਰ ਕੈਂਟ-ਦਿੱਲੀ ਵੰਦੇ ਭਾਰਤ ਹਫ਼ਤੇ ਵਿੱਚ ਛੇ ਦਿਨ (ਬੁੱਧਵਾਰ ਨੂੰ ਛੱਡ ਕੇ) ਸਵੇਰੇ 7:55 ਵਜੇ ਫਿਰੋਜ਼ਪੁਰ ਕੈਂਟ ਤੋਂ ਰਵਾਨਾ ਹੋਵੇਗੀ ਅਤੇ ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ ਕੈਂਟ, ਕੁਰੂਕਸ਼ੇਤਰ, ਅਤੇ ਪਾਣੀਪਤ ਵਿਖੇ ਰੁਕਦੀ ਹੋਈ ਦੁਪਹਿਰ 2:35 ਵਜੇ ਤੱਕ ਨਵੀਂ ਦਿੱਲੀ ਪਹੁੰਚੇਗੀ।

ਵਾਪਸੀ ਦੀ ਯਾਤਰਾ ਨਵੀਂ ਦਿੱਲੀ ਤੋਂ ਸ਼ਾਮ 4:00 ਵਜੇ ਸ਼ੁਰੂ ਹੋਵੇਗੀ, ਜੋ ਰਾਤ 10:35 ਵਜੇ ਫਿਰੋਜ਼ਪੁਰ ਕੈਂਟ ਵਿਖੇ ਸਮਾਪਤ ਹੁੰਦੀ ਹੈ। ਚੇਨਈ ਦੀ ਇੰਟੈਗਰਲ ਕੋਚ ਫੈਕਟਰੀ ਵਿੱਚ ਬਣੀ ਇਸ ਅੱਠ ਕੋਚਾਂ ਵਾਲੀ ਰੇਲਗੱਡੀ ਵਿੱਚ ਸੱਤ ਏਸੀ ਚੇਅਰ ਕਾਰ ਅਤੇ ਇੱਕ ਐਗਜ਼ੀਕਿਊਟਿਵ ਕਲਾਸ ਸ਼ਾਮਲ ਹੈ, ਜਿਸ ਵਿੱਚ ਆਟੋਮੈਟਿਕ ਦਰਵਾਜ਼ੇ, ਵਾਈ-ਫਾਈ ਅਤੇ ਬਾਇਓ-ਟਾਇਲਟ ਵਰਗੀਆਂ ਵਿਸ਼ੇਸ਼ਤਾਵਾਂ ਹਨ। ਇਹ 160 ਕਿਲੋਮੀਟਰ ਪ੍ਰਤੀ ਘੰਟਾ ਤੱਕ ਦੀ ਸਪੀਡ ਨੂੰ ਸਪੋਰਟ ਕਰਦੀ ਹੈ।

ਇਹ ਸੇਵਾ ਪੰਜਾਬ ਦੇ ਕਿਸਾਨੀ ਅਤੇ ਉਦਯੋਗਿਕ ਭਾਈਚਾਰਿਆਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਨੂੰ ਪੂਰਾ ਕਰਦੀ ਦਿਖਾਈ ਦਿੰਦੀ ਹੈ।

ਇਸ ਸੇਵਾ ਦੇ ਸ਼ੁਰੂ ਹੋਣ ਨਾਲ ਯਾਤਰਾ ਦਾ ਸਮਾਂ ਦੋ ਘੰਟਿਆਂ ਤੋਂ ਵੱਧ ਘਟਿਆ ਹੈ ਅਤੇ ਸ਼ਤਾਬਦੀ ਐਕਸਪ੍ਰੈਸ ਵਰਗੇ ਰੂਟਾਂ 'ਤੇ ਭੀੜ ਘੱਟ ਹੋਣ ਦੀ ਆਸ ਹੈ।

ਇਸ ਰੇਲਗੱਡੀ ਤੋਂ ਆਰਥਿਕ ਸਬੰਧਾਂ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ, ਜਿਸ ਨਾਲ ਪਟਿਆਲਾ ਅਤੇ ਬਠਿੰਡਾ ਨੂੰ ਟੈਕਸਟਾਈਲ ਅਤੇ ਡੇਅਰੀ ਨਿਰਯਾਤ ਲਈ ਦਿੱਲੀ ਦੇ ਬਾਜ਼ਾਰਾਂ ਤੱਕ ਬਿਹਤਰ ਪਹੁੰਚ ਮਿਲੇਗੀ।

ਬਨਾਰਸ-ਖਜੂਰਾਹੋ ਵੰਦੇ ਭਾਰਤ ਵਾਰਾਣਸੀ ਦੇ ਅਧਿਆਤਮਿਕ ਕੇਂਦਰਾਂ ਨੂੰ ਮੱਧ ਪ੍ਰਦੇਸ਼ ਦੇ ਮੰਦਰ ਵਿਰਾਸਤੀ ਸਥਾਨ ਨਾਲ ਜੋੜਦੀ ਹੈ, 443 ਕਿਲੋਮੀਟਰ ਦੀ ਦੂਰੀ 7 ਘੰਟੇ 40 ਮਿੰਟ ਵਿੱਚ ਪੂਰੀ ਕਰੇਗੀ ਹੈ। ਉੱਤਰ ਪ੍ਰਦੇਸ਼ ਦੀ ਲਖਨਊ-ਸਹਾਰਨਪੁਰ ਵੰਦੇ ਭਾਰਤ 518 ਕਿਲੋਮੀਟਰ ਦੀ ਦੂਰੀ 7 ਘੰਟੇ 45 ਮਿੰਟ ਵਿੱਚ ਤੈਅ ਕਰੇਗੀ , ਜੋ ਲਖਨਊ ਜੰਕਸ਼ਨ ਤੋਂ ਸਵੇਰੇ 5:00 ਵਜੇ (ਛੇ ਦਿਨ, ਐਤਵਾਰ ਨੂੰ ਛੱਡ ਕੇ) ਰਵਾਨਾ ਹੋਵੇਗੀ ਅਤੇ ਸੀਤਾਪੁਰ, ਸ਼ਾਹਜਹਾਨਪੁਰ, ਬਰੇਲੀ, ਮੁਰਾਦਾਬਾਦ, ਨਜੀਬਾਬਾਦ ਅਤੇ ਰੁੜਕੀ ਵਿਖੇ ਰੁਕਦੀ ਹੋਈ ਦੁਪਹਿਰ 12:45 ਵਜੇ ਤੱਕ ਸਹਾਰਨਪੁਰ ਪਹੁੰਚੇਗੀ।

ਸਹਾਰਨਪੁਰ ਤੋਂ ਵਾਪਸੀ ਦਾ ਸਫਰ ਸ਼ਾਮ 3:00 ਵਜੇ ਸ਼ੁਰੂ ਹੋਵੇਗ, ਜੋ ਰਾਤ 11:00 ਵਜੇ ਲਖਨਊ ਸਮਾਪਤ ਹੁੰਦਾ ਹੈ।

ਦੱਖਣ ਵਿੱਚ ਏਰਨਾਕੁਲਮ-ਬੰਗਲੁਰੂ ਵੰਦੇ ਭਾਰਤ ਕੇਰਲ ਦੇ ਬੰਦਰਗਾਹ ਸ਼ਹਿਰ ਨੂੰ ਕਰਨਾਟਕ ਦੀ ਆਈਟੀ ਰਾਜਧਾਨੀ ਨਾਲ 608 ਕਿਲੋਮੀਟਰ ਦੀ ਦੂਰੀ 8 ਘੰਟੇ 40 ਮਿੰਟ ਵਿੱਚ ਜੋੜਦੀ ਹੈ, ਜੋ ਕੇਐਸਆਰ ਬੈਂਗਲੁਰੂ ਤੋਂ ਸਵੇਰੇ 5:10 ਵਜੇ (ਛੇ ਦਿਨ, ਬੁੱਧਵਾਰ ਨੂੰ ਛੱਡ ਕੇ) ਰਵਾਨਾ ਹੁੰਦੀ ਹੈ, ਅਤੇ ਕ੍ਰਿਸ਼ਨਰਾਜਪੁਰਮ, ਜੋਲਾਰਪੇਟਾਈ, ਸੇਲਮ, ਈਰੋਡ, ਤਿਰੂਪੁਰ, ਕੋਇੰਬਟੂਰ, ਪਲੱਕੜ ਅਤੇ ਤ੍ਰਿਸ਼ੂਰ ਵਿਖੇ ਰੁਕਦੀ ਹੋਈ ਦੁਪਹਿਰ 1:50 ਵਜੇ ਤੱਕ ਏਰਨਾਕੁਲਮ ਪਹੁੰਚਣ ਦਾ ਸਮਾਂ ਹੈ।

ਵਾਪਸੀ ਦੌਰਾਨ ਇਹ ਗੱਡੀ ਏਰਨਾਕੁਲਮ ਤੋਂ ਦੁਪਹਿਰ 2:20 ਵਜੇ ਰਵਾਨਾ ਹੋਵੇਗੀ ਅਤੇ ਜੋ ਰਾਤ 11:00 ਵਜੇ ਬੰਗਲੁਰੂ ਪਹੁੰਚਦੀ ਹੈ।

# ਕੇਂਦਰ ਝੁਕਿਆ; 'ਵਰਸਿਟੀ ਨੋਟੀਫਿਕੇਸ਼ਨ ਰੱਦ; ਵਿਦਿਆਰਥੀ ਸੰਘਰਸ਼ ਨੂੰ ਦੇਖਦਿਆਂ ਕੇਂਦਰੀ ਸਿੱਖਿਆ ਮੰਤਰਾਲੇ ਨੇ ਕੀਤਾ ਫ਼ੈਸਲਾ



**ਚੰਡੀਗੜ੍ਹ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ 'ਸੈਨੇਟ' ਦਾ ਸਰੂਪ ਬਦਲੇ ਜਾਣ ਵਿਰੁੱਧ ਵਿੱਢੇ ਗਏ ਵਿਦਿਆਰਥੀ ਸੰਘਰਸ਼ ਅੱਗੇ ਝੁਕਦਿਆਂ ਅੱਜ ਕੇਂਦਰ ਸਰਕਾਰ ਨੇ ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਹੈ।

ਕੇਂਦਰੀ ਸਿੱਖਿਆ ਮੰਤਰਾਲੇ ਤੋਂ ਮੀਡੀਆ ਨੂੰ ਭੇਜੀ ਜਾਣਕਾਰੀ ਮੁਤਾਬਕ ਵਿਦਿਆਰਥੀਆਂ ਦੀ ਮੰਗ ਨੂੰ ਸਵੀਕਾਰ ਕਰ ਲਿਆ ਗਿਆ ਹੈ ਅਤੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਇਹ ਵੀ ਕਿਹਾ ਗਿਆ ਕਿ ਯੂਨੀਵਰਸਿਟੀ ਦੇ ਚਾਂਸਲਰ ਵੱਲੋਂ 2 ਮਾਰਚ 2021 ਨੂੰ ਗਠਿਤ ਉੱਚ ਪੱਧਰੀ ਕਮੇਟੀ ਦੀ ਸਿਫ਼ਾਰਸ਼ ਅਤੇ ਵੱਖ-ਵੱਖ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਦੇ ਆਧਾਰ 'ਤੇ ਭਾਰਤ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ, 1966 (1966 ਦਾ 31) ਦੀ ਧਾਰਾ 72 ਦੀ ਉਪ-ਧਾਰਾ (1), ਉਪ-ਧਾਰਾ (2) ਅਤੇ (3) ਰਾਹੀਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਸੰਵਿਧਾਨ ਤੇ ਰਚਨਾ ਨੂੰ ਸੋਧਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਵਿਦਿਆਰਥੀਆਂ, ਅਧਿਆਪਕਾਂ, ਸਾਬਕਾ ਉਪ ਕੁਲਪਤੀਆਂ ਅਤੇ ਪੰਜਾਬ ਯੂਨੀਵਰਸਿਟੀ ਦੇ ਮੌਜੂਦਾ ਵਾਈਸ ਚਾਂਸਲਰ ਤੋਂ ਪ੍ਰਾਪਤ ਫੀਡਬੈਕ ਤੋਂ ਬਾਅਦ ਸਿੱਖਿਆ ਮੰਤਰਾਲੇ ਨੇ ਇਸ 'ਤੇ ਮੁੜ ਵਿਚਾਰ ਕਰਿਦਆਂ ਉਪਰੋਕਤ ਹੁਕਮ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ 30 ਅਕਤੂਬਰ ਨੂੰ ਜਾਰੀ ਨੋਟੀਫਿਕੇਸ਼ਨ ਵਿੱਚ ਪੰਜਾਬ ਯੂਨੀਵਰਸਿਟੀ ਦੀ 91 ਮੈਂਬਰਾਂ ਵਾਲੀ ਸੈਨੇਟ ਦਾ ਆਕਾਰ ਘਟਾ ਦਿੱਤਾ ਸੀ ਜਿਸ ਵਿੱਚੋਂ ਗ੍ਰੈਜੂਏਟ ਕਾਂਸਟੀਚੁਐਂਸੀ ਨੂੰ ਖ਼ਤਮ ਕਰ ਦਿੱਤਾ ਗਿਆ ਸੀ ਅਤੇ ਨਾਮੀਨੇਟਿਡ ਸੈਨੇਟ ਦਾ ਉਪਬੰਧ ਕੀਤਾ ਗਿਆ ਸੀ। ਇਸ ਦੇ ਵਿਰੋਧ ਵਿੱਚ ਵਿਦਿਆਰਥੀਆਂ ਨੇ ਵਾਈਸ ਚਾਂਸਲਰ ਦਫ਼ਤਰ ਅੱਗੇ 'ਪੰਜਾਬ ਯੂਨੀਵਰਸਿਟੀ ਬਚਾਓ' ਮੋਰਚੇ ਦੇ ਬੈਨਰ ਹੇਠ ਵੱਡਾ ਸੰਘਰਸ਼ ਸ਼ੁਰੂ ਕਰ ਦਿੱਤਾ ਸੀ ਜਿਸ ਨੂੰ ਸਾਰੀਆਂ ਸਿਆਸੀ ਪਾਰਟੀਆਂ, ਕਿਸਾਨ ਮਜ਼ਦੂਰ ਜਥੇਬੰਦੀਆਂ, ਅਧਿਆਪਕ ਜਥੇਬੰਦੀਆਂ, ਕਲਾਕਾਰਾਂ, ਸਮਾਜਿਕ ਕਾਰਕੁਨਾਂ ਆਦਿ ਨੇ ਹਮਾਇਤ ਦਿੱਤੀ ਸੀ। ਮੋਰਚੇ ਨੇ 10 ਨਵੰਬਰ ਨੂੰ ਕੈਂਪਸ ਵਿੱਚ ਵੱਡਾ ਇਕੱਠ ਕਰਨ ਦਾ ਐਲਾਨ ਕਰ ਦਿੱਤਾ ਸੀ ਪਰ ਅੱਜ ਹੀ ਦੇਰ ਸ਼ਾਮ ਕੇਂਦਰੀ ਉੱਚ ਸਿੱਖਿਆ ਮੰਤਰਾਲੇ ਨੇ ਉਕਤ ਫ਼ੈਸਲਾ ਰੱਦ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਕੇਂਦਰ 'ਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ ਦਾ ਦੋਸ਼ ਲਾਇਆ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਭਾਜਪਾ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਜਥੇਬੰਦੀ ਨੇ ਵਿਦਿਆਰਥੀਆਂ ਨੂੰ ਮੌਕਾਪ੍ਰਸਤ ਸਿਆਸੀ ਪਾਰਟੀਆਂ ਤੇ ਆਗੂਆਂ ਨੂੰ ਆਪਣੇ ਸੰਘਰਸ਼ ਤੋਂ ਦੂਰ ਰੱਖਣ ਦੀ ਅਪੀਲ ਕੀਤੀ। ਦੂਜੇ ਪਾਸੇ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਵੀ ਵਿਦਿਆਰਥੀ ਸੰਘਰਸ਼ ਦੀ ਹਮਾਇਤ ਕਰਦਿਆਂ 10 ਨਵੰਬਰ ਦੇ ਧਰਨੇ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੈ।

# ਪੰਜਾਬ ਵਿੱਚ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਜੁੜੇ ਵਿਅਕਤੀ ਸਮੇਤ ਦੋ ਗ੍ਰਿਫ਼ਤਾਰ

**ਚੰਡੀਗੜ੍ਹ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਇੱਕ ਕਥਿਤ ਤੌਰ 'ਤੇ ਅਤਿਵਾਦੀ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ (™*6) ਨਾਲ ਜੁੜਿਆ ਹੋਇਆ ਹੈ।

ਪੁਲਿਸ ਅਨੁਸਾਰ, ਇਹ ਦੋਵੇਂ ਵਿਅਕਤੀ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਸਨ। ਇਨ੍ਹਾਂ ਨੇ ਪੰਜਾਬ ਵਿੱਚ ਅਪਰਾਧ ਕਰਨ ਲਈ ਸਰਹੱਦ ਪਾਰੋਂ ਨਾਜਾਇਜ਼ ਹਥਿਆਰ ਮੰਗਵਾਏ ਸਨ। ਇਹ ਦੋਵੇਂ ਇੱਕ ਕਤਲ ਕੇਸ ਵਿੱਚ ਵੀ ਸ਼ਾਮਲ ਦੱਸੇ ਜਾ ਰਹੇ ਹਨ।

ਪੁਲੀਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਚਾਰ ਪਿਸਤੌਲ ਅਤੇ ਇੱਕ ਰਿਵਾਲਵਰ ਸਮੇਤ ਕੁੱਲ ਪੰਜ ਹਥਿਆਰ ਅਤੇ ਕਾਰਤੂਸ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ ਇੱਕ, ਬਿਕਰਮਜੀਤ ਸਿੰਘ, KLF ਨਾਲ ਜੁੜਿਆ ਹੋਇਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਬਿਕਰਮਜੀਤ ਸਿੰਘ ਦਾ ਪਹਿਲਾਂ ਵੀ ਅਪਰਾਧਿਕ ਇਤਿਹਾਸ ਰਿਹਾ ਹੈ। ਉਹ 2018 ਵਿੱਚ ਰਾਜਾਸਾਂਸੀ ਵਿੱਚ ਇੱਕ ਧਾਰਮਿਕ ਸਥਾਨ 'ਤੇ ਹੋਏ ਗ੍ਰੇਨੇਡ ਹਮਲੇ ਵਿੱਚ ਵੀ ਸ਼ਾਮਲ ਸੀ। ਪੁਲਿਸ ਇਸ ਨੈੱਟਵਰਕ ਦੇ ਅਗਲੇ-ਪਿਛਲੇ ਸਾਰੇ ਸੰਪਰਕਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕਰ ਰਹੀ ਹੈ।

# ਭਾਰਤ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹੈ: ਮੋਦੀ



**ਵਾਰਾਣਸੀ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਦੁਨੀਆ ਭਰ ਦੇ ਵਿਕਸਤ ਦੇਸ਼ਾਂ ਦੇ ਆਰਥਿਕ ਵਿਕਾਸ ਵਿੱਚ ਬੁਨਿਆਦੀ ਢਾਂਚਾ ਇੱਕ ਪ੍ਰਮੁੱਖ ਕਾਰਕ ਹੈ ਅਤੇ ਭਾਰਤ ਵੀ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਆਪਣੇ ਲੋਕ ਸਭਾ ਹਲਕੇ ਵਾਰਾਣਸੀ ਵਿੱਚ ਬਨਾਰਸ ਰੇਲਵੇ ਸਟੇਸ਼ਨ ਤੋਂ ਚਾਰ ਨਵੀਆਂ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਤੋਂ ਬਾਅਦ ਸੰਬੋਧਨ ਕਰਦਿਆਂ ਇਹ ਗੱਲ ਕਹੀ।

ਮੋਦੀ ਨੇ ਕਿਹਾ, ਦੁਨੀਆ ਭਰ ਦੇ ਵਿਕਸਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਬੁਨਿਆਦੀ ਢਾਂਚਾ ਰਿਹਾ ਹੈ। ਹਰ ਉਸ ਦੇਸ਼ ਵਿੱਚ ਜਿਸ ਨੇ ਵੀ ਵੱਡੀ ਤਰੱਕੀ ਹਾਸਲ ਕੀਤੀ ਹੈ, ਉਸ ਦੇ ਪਿੱਛੇ ਪ੍ਰੇਰਕ ਸ਼ਕਤੀ ਬੁਨਿਆਦੀ ਢਾਂਚੇ ਦਾ ਵਿਕਾਸ ਰਹੀ ਹੈ।"

ਉਨ੍ਹਾਂ ਕਿਹਾ, ਬੁਨਿਆਦੀ ਢਾਂਚਾ ਸਿਰਫ਼ ਵੱਡੇ ਪੁਲਾਂ ਅਤੇ ਹਾਈਵੇਅ ਬਾਰੇ ਨਹੀਂ ਹੈ। ਜਦੋਂ ਵੀ ਅਜਿਹੇ ਪ੍ਰਣਾਲੀਆਂ ਨੂੰ ਕਿਤੇ ਵੀ ਵਿਕਸਤ ਕੀਤਾ ਜਾਂਦਾ ਹੈ, ਇਹ ਉਸ ਖੇਤਰ ਦੇ ਸਮੁੱਚੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ।"

ਭਾਰਤ ਦੀ ਤੇਜ਼ ਰਫ਼ਤਾਰ ਤਰੱਕੀ 'ਤੇ ਜ਼ੋਰ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ, "ਇੰਨੀਆਂ ਸਾਰੀਆਂ ਵੰਦੇ ਭਾਰਤ ਰੇਲ ਗੱਡੀਆਂ ਦੇ ਚੱਲਣ ਅਤੇ ਦੁਨੀਆ ਭਰ ਦੇ ਦੇਸ਼ਾਂ ਤੋਂ ਉਡਾਣਾਂ ਦੇ ਆਉਣ ਨਾਲ, ਸਾਰੇ ਵਿਕਾਸ ਨਾਲ ਜੁੜੇ ਹੋਏ ਹਨ। ਅੱਜ, ਭਾਰਤ ਵੀ ਇਸ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਉਨ੍ਹਾਂ ਕਿਹਾ ਕਿ ਵੰਦੇ ਭਾਰਤ, ਨਮੋ ਭਾਰਤ ਅਤੇ ਅੰਮ੍ਰਿਤ ਭਾਰਤ ਵਰਗੀਆਂ ਰੇਲ ਗੱਡੀਆਂ ਭਾਰਤੀ ਰੇਲਵੇ ਦੀ ਇੱਕ ਨਵੀਂ ਪੀੜ੍ਹੀ ਦੀ ਨੀਂਹ ਰੱਖ ਰਹੀਆਂ ਹਨ। ਇਸ ਸਮਾਗਮ ਵਿੱਚ ਰੇਲਵੇ ਮੰਤਰੀ ਅਸ਼ਵਿਨੀ ਵੈਸ਼ਨਵ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਸ਼ਾਮਲ ਸਨ।

# ਕੈਨੇਡਾ 'ਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਸਬੰਧੀ 3 ਵਿਅਕਤੀਆਂ ਨੂੰ ਦੇਸ਼ ਨਿਕਾਲਾ

**ਚੰਡੀਗੜ੍ਹ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇੱਕ ਜਾਂਚ ਤੋਂ ਬਾਅਦ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਚੱਲ ਰਹੇ ਜਬਰੀ ਵਸੂਲੀ ਨੈੱਟਵਰਕ ਨਾਲ ਜੋੜਿਆ ਗਿਆ ਸੀ।

ਇਹ ਦੇਸ਼ ਨਿਕਾਲਾ 23 ਐਕਸਟੋਰਸ਼ਨ ਟਾਸਕ ਫੋਰਸ ਦੇ ਤਹਿਤ ਲਿਆ ਪਹਿਲਾ ਕਦਮ ਹੈ, ਜੋ ਕਿ ਅਤੇ ਸਥਾਨਕ ਪੁਲੀਸ ਏਜੰਸੀਆਂ ਦਾ ਇੱਕ ਸਾਂਝਾ ਅਪਰੇਸ਼ਨ ਹੈ। ਸੂਬੇ ਵਿੱਚ ਕੰਮ ਕਰ ਰਹੇ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਵਿਰੁੱਧ ਇਸ ਸਾਲ ਦੇ ਸ਼ੁਰੂ ਵਿੱਚ 40 ਮੈਂਬਰੀ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਸੀ।

CBSA ਅਧਿਕਾਰੀਆਂ ਅਨੁਸਾਰ ਜਬਰੀ ਵਸੂਲੀ ਦੇ ਮਾਮਲਿਆਂ ਨਾਲ ਜੁੜੀ ਅਪਰਾਧਿਕ ਗਤੀਵਿਧੀਆਂ ਨਾਲ ਸੰਭਾਵਿਤ ਸਬੰਧਾਂ, ਕੈਨੇਡਾ ਵਿੱਚ ਦਾਖਲੇ ਲਈ ਸ਼ੱਕੀ ਅਯੋਗਤਾ ਦੇ ਲਈ 78 ਵਾਧੂ ਵਿਦੇਸ਼ੀ ਨਾਗਰਿਕਾਂ ਦੀ ਇਸ ਸਮੇਂ ਇਮੀਗ੍ਰੇਸ਼ਨ ਜਾਂਚ ਚੱਲ ਰਹੀ ਹੈ।

# ਭਾਰਤੀ ਚੋਣ ਕਮਿਸ਼ਨ ਨੇ ਐਸਐਸਪੀ ਤਰਨ ਤਾਰਨ ਡਾ. ਰਵਜੋਤ ਕੌਰ ਗਰੇਵਾਲ ਨੂੰ ਕੀਤਾ ਮੁਅੱਤਲ

## ਗੁਰਪ੍ਰੀਤ ਸਿੰਘ ਭੁੱਲਰ ਨੂੰ ਸੌਂਪਿਆ ਤਰਨਤਾਰਨ ਦਾ ਵਾਧੂ ਚਾਰਜ



**ਚੰਡੀਗੜ੍ਹ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਨੇ ਵਿਧਾਨ ਸਭਾ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਲਈ 11 ਨਵੰਬਰ ਨੂੰ ਹੋਣ ਵਾਲੀ ਵੋਟਿੰਗ ਤੋਂ ਤਿੰਨ ਦਿਨ ਪਹਿਲਾਂ ਤਰਨਤਾਰਨ ਦੀ ਐਸਐਸਪੀ ਡਾ. ਰਵਜੋਤ ਕੌਰ ਗਰੇਵਾਲ ਨੂੰ ਮੁਅੱਤਲ ਕਰ ਦਿੱਤਾ ਹੈ। ਹਾਲਾਂਕਿ ਮੁਅੱਤਲ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ ਗਿਆ।

ਇਸ ਦੇ ਨਾਲ ਚੋਣ ਕਮਿਸ਼ਨ ਨੇ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਤੁਰੰਤ ਪ੍ਰਭਾਵ ਨਾਲ ਤਰਨਤਾਰਨ ਦੇ ਐਸਐਸਪੀ ਦਾ ਵਾਧੂ ਚਾਰਜ ਸੌਂਪ ਦਿੱਤਾ ਹੈ।

ਦੱਸ ਦਈਏ ਕਿ ਪਿਛਲੇ ਮਹੀਨੇ ਸ਼੍ਰੋਮਣੀ ਅਕਾਲੀ ਦਲ (SAD) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ SSP ਗਰੇਵਾਲ ਖਿਲਾਫ਼ ਪੰਜਾਬ ਦੇ ਮੁੱਖ ਚੋਣ ਅਧਿਕਾਰੀ (35®) ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਅਕਾਲੀ ਦਲ ਨੇ ਦੋਸ਼ ਲਾਇਆ ਸੀ ਕਿ ਉਹ ਪਾਰਟੀ ਵਰਕਰਾਂ ਅਤੇ ਆਗੂਆਂ ਨੂੰ ਜ਼ਿਮਨੀ ਚੋਣ ਪ੍ਰਚਾਰ ਤੋਂ ਰੋਕਣ ਲਈ ਪੁਲੀਸ ਦੀ ਵਰਤੋਂ ਕਰਕੇ ਝੂਠੇ ਕੇਸ ਦਰਜ ਕਰਵਾ ਰਹੇ ਹਨ। ਇਸ ਮਾਮਲੇ ਨੂੰ ਲੈ ਕੇ ਅਕਾਲੀ ਦਲ ਨੇ ਐਸਐਸਪੀ ਖ਼ਿਲਾਫ਼ ਧਰਨਾ ਵੀ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਤਰਨਤਾਰਨ ਜ਼ਿਮਨੀ ਚੋਣ ਲਈ 11 ਨਵੰਬਰ ਨੂੰ ਵੋਟਾਂ ਪੈਣਗੀਆਂ। ਨਤੀਜਿਆਂ ਦਾ ਐਲਾਨ 14 ਨਵੰਬਰ ਨੂੰ ਹੋਵੇਗਾ। ਇਹ ਸੀਟ ਜੂਨ ਵਿੱਚ ਆਮ ਆਦਮੀ ਪਾਰਟੀ (AAP) ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਕਾਰਨ ਖਾਲੀ ਹੋ ਗਈ ਸੀ।

# ਕੋਕ ਬੱਡੀ ਨੇ ਭਾਰਤ ਦੇ ਕਾਰਨਰ ਸਟੋਰਾਂ ਨੂੰ ਸਮਾਰਟ ਰਿਟੇਲ ਹੱਬਾਂ ਵਿੱਚ ਬਦਲ ਦਿੱਤਾ

**ਚੰਡੀਗੜ੍ਹ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਕਰਿਆਨਾ ਸਟੋਰ ਲੰਬੇ ਸਮੇਂ ਤੋਂ ਰੋਜ਼ਾਨਾ ਵਪਾਰ ਅਤੇ ਖਪਤਕਾਰਾਂ ਦੀ ਪਹੁੰਚ ਦਾ ਕੇਂਦਰ ਰਹੇ ਹਨ। ਇਨ੍ਹਾਂ ਸਟੋਰ ਮਾਲਕਾਂ ਲਈ, ਹਰ ਮਿੰਟ ਮਾਇਨੇ ਰੱਖਦਾ ਹੈ - ਸ਼ੈਲਫਾਂ ਨੂੰ ਸਟਾਕ ਕਰਨ ਤੋਂ ਲੈ ਕੇ ਵਸਤੂਆਂ ਦਾ ਪ੍ਰਬੰਧਨ ਕਰਨ ਅਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਪ੍ਰਚੂਨ ਦ੍ਰਿਸ਼ ਵਿੱਚ ਖਪਤਕਾਰਾਂ ਦੀ ਸੇਵਾ ਕਰਨ ਤੱਕ। ਉਨ੍ਹਾਂ ਦਾ ਸਮਰਥਨ ਕਰਨ ਲਈ, ਕੋਕਾ-ਕੋਲਾ ਇੰਡੀਆ ਨੇ ਕੋਕ ਬੱਡੀ ਨੂੰ ਵਧਾ ਦਿੱਤਾ ਹੈ, ਇੱਕ ਸਮਾਰਟ, ਏਆਈ-ਸਮਰਥਿਤ ਡਿਜੀਟਲ ਪਲੇਟਫਾਰਮ ਜੋ ਸਹੂਲਤ ਅਤੇ ਕੁਸ਼ਲਤਾ ਦੀ ਸ਼ਕਤੀ ਨੂੰ ਸਿੱਧੇ ਪ੍ਰਚੂਨ ਵਿਕਰੇਤਾਵਾਂ ਦੇ ਹੱਥਾਂ ਵਿੱਚ ਪਾਉਂਦਾ ਹੈ। ਆਪਣੀ ਸ਼ੁਰੂਆਤ ਤੋਂ ਬਾਅਦ, ਕੋਕ ਬੱਡੀ ਨੇ ਭਾਰਤ ਵਿੱਚ ਕਿਸੇ ਵੀ FMCG eBBB ਰਿਟੇਲ ਪਲੇਟਫਾਰਮ ਦੇ ਸਭ ਤੋਂ ਤੇਜ਼ ਪੈਮਾਨੇ 'ਤੇ ਇੱਕ ਰਿਕਾਰਡ ਬਣਾਇਆ ਹੈ ਅਤੇ 10 ਲੱਖ ਤੋਂ ਵੱਧ ਰਿਟੇਲਰਾਂ ਦੁਆਰਾ ਇਸਦੀ ਵਰਤੋਂ ਕੀਤੀ ਗਈ ਹੈ। ਐਪ ਨੇ ਉਦਯੋਗ-ਮੋਹਰੀ ਸ਼ਮੂਲੀਅਤ ਦਰਾਂ ਵੀ ਪ੍ਰਾਪਤ ਕੀਤੀਆਂ ਹਨ, ਰਿਟੇਲਰ ਪਾਰਦਰਸ਼ੀ ਪੇਸ਼ਕਸ਼ਾਂ, 19 ਸੰਚਾਲਿਤ ਸੁਝਾਵਾਂ ਅਤੇ ਉਪਭੋਗਤਾ-ਅਨੁਕੂਲ ਇੰਟਰਫੇਸ ਦੁਆਰਾ ਸੰਚਾਲਿਤ, ਹਰ ਮਹੀਨੇ ਆਪਣੇ ਮਨਪਸੰਦ ਕੋਕਾ-ਕੋਲਾ ਉਤਪਾਦਾਂ ਨੂੰ ਖਰੀਦਣ ਲਈ ਦੁਹਰਾਉਣ ਵਾਲੇ ਆਰਡਰ ਦਿੰਦੇ ਹਨ। ਇਹ ਤੇਜ਼ ਵਾਧਾ ਪਲੇਟਫਾਰਮ ਦੀ ਰੋਜ਼ਾਨਾ ਕਾਰਜਾਂ ਨੂੰ ਸਰਲ ਬਣਾਉਣ ਅਤੇ ਰਿਟੇਲਰ ਵਿਸ਼ਵਾਸ ਅਤੇ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਯੋਗਤਾ ਨੂੰ ਦਰਸਾਉਂਦਾ ਹੈ।

ਇੱਕ ਸਟੋਰ ਮਾਲਕ ਆਦਿਤਿਆ ਅਰੋੜਾ ਨੇ ਕਿਹਾ , ਅਸੀਂ 1980 ਦੇ ਦਹਾਕੇ ਤੋਂ ਗਾਹਕਾਂ ਦੀ ਸੇਵਾ ਕਰ ਰਹੇ ਹਾਂ ਅਤੇ ਮੈਂ ਆਪਣੇ ਪਿਤਾ ਨਾਲ ਲਗਭਗ 15 ਤੋਂ 17 ਸਾਲਾਂ ਤੋਂ ਕੰਮ ਕਰ ਰਿਹਾ ਹਾਂ। ਇੱਕ ਐਮਬੀਏ ਗ੍ਰੈਜੂਏਟ ਹੋਣ ਦੇ ਨਾਤੇ, ਮੈਂ ਸਿੱਖਿਆ ਹੈ ਕਿ ਜੇਕਰ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਸਮੇਂ ਦੇ ਨਾਲ ਵਿਕਾਸ ਕਰਨਾ ਪਵੇਗਾ। ਕੋਕ ਬੱਡੀ ਐਪ ਨੇ ਸਾਡੇ ਕਾਰੋਬਾਰ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ, ਸਾਡੇ ਕੰਮ ਵਿੱਚ ਪਾਰਦਰਸ਼ਤਾ ਲਿਆਂਦੀ ਹੈ। ਮੈਂ ਕੋਕਾ-ਕੋਲਾ ਤੋਂ ਸੌਦਿਆਂ ਅਤੇ ਸੇਵਾਵਾਂ ਦੇ ਨਾਲ ਐਪ ਰਾਹੀਂ ਕਿਸੇ ਵੀ ਸਮੇਂ ਆਰਡਰ ਦੇ ਸਕਦਾ ਹਾਂ । ਇਸ ਨਾਲ ਸਾਡੇ ਰੋਜ਼ਾਨਾ ਸਟੋਰ ਚਲਾਉਣ ਦੇ ਤਰੀਕੇ ਵਿੱਚ ਆਸਾਨੀ ਹੋਈ ਹੈ।

ਪ੍ਰਦੀਪ ਨੇ ਕਿਹਾ, ਮੈਂ ਪਿਛਲੇ ਤਿੰਨ ਸਾਲਾਂ ਤੋਂ ਕੋਕਾ-ਕੋਲਾ ਨਾਲ ਕੰਮ ਕਰ ਰਿਹਾ ਹਾਂ ਅਤੇ ਨਿਯਮਿਤ ਤੌਰ 'ਤੇ ਕੋਕ ਬੱਡੀ ਐਪ ਦੀ ਵਰਤੋਂ ਕਰਦਾ ਹਾਂ। ਇਹ ਮੈਨੂੰ ਆਸਾਨੀ ਨਾਲ ਆਰਡਰ ਦੇਣ ਅਤੇ ਨਵੇਂ ਉਤਪਾਦਾਂ ਬਾਰੇ ਅਪਡੇਟ ਰਹਿਣ ਵਿੱਚ ਮਦਦ ਕਰਦਾ ਹੈ। ਮੈਨੂੰ ਖਾਸ ਤੌਰ 'ਤੇ 'ਸੁਝਾਇਆ ਆਰਡਰ' ਵਿਸ਼ੇਸ਼ਤਾ ਪਸੰਦ ਹੈ, ਜੋ ਮੇਰੀਆਂ ਪਿਛਲੀਆਂ ਖਰੀਦਾਂ ਦੇ ਆਧਾਰ 'ਤੇ ਉਤਪਾਦਾਂ ਦੀ ਸਿਫ਼ਾਰਸ਼ ਕਰਦੀ ਹੈ। ਇਹ ਮੇਰੀ ਦੁਕਾਨ ਚਲਾਉਣਾ ਆਸਾਨ ਬਣਾਉਂਦਾ ਹੈ।ਪੈਮਾਨੇ ਤੋਂ ਪਰੇ, ਕੋਕ ਬੱਡੀ ਕਰਿਆਨਾ ਸਟੋਰਾਂ ਲਈ ਠੋਸ ਕਾਰੋਬਾਰੀ ਵਿਕਾਸ ਨੂੰ ਵੀ ਚਲਾ ਰਿਹਾ ਹੈ । ਇਹ ਪਲੇਟਫਾਰਮ ਦੁਕਾਨਦਾਰਾਂ ਨੂੰ ਕਿਸੇ ਵੀ ਸਮੇਂ ਆਰਡਰ ਕਰਨ, ਡਿਲੀਵਰੀ ਨੂੰ ਟਰੈਕ ਕਰਨ, ਅਤੇ ਅਸਲ-ਸਮੇਂ ਦੀਆਂ ਕੀਮਤਾਂ ਅਤੇ ਤਰੱਕੀਆਂ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ, ਇਹ ਸਭ ਇੱਕ ਸਿੰਗਲ ਮੋਬਾਈਲ ਐਪਲੀਕੇਸ਼ਨ ਰਾਹੀਂ। ਰੋਜ਼ਾਨਾ ਫੈਸਲੇ ਲੈਣ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਸ਼ਾਮਲ ਕਰਕੇ, ਪਲੇਟਫਾਰਮ ਪਿਛਲੇ ਖਰੀਦਦਾਰੀ ਪੈਟਰਨਾਂ ਅਤੇ ਮੌਸਮੀ ਮੰਗ ਦੇ ਅਧਾਰ ਤੇ ਉਤਪਾਦਾਂ ਦੀ ਸਿਫ਼ਾਰਸ਼ ਕਰਦਾ ਹੈ,

# ਭਾਜਪਾ ਵਿਧਾਇਕ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ



**ਚੰਬਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਤੋਂ ਭਾਜਪਾ ਵਿਧਾਇਕ ਹੰਸ ਰਾਜ ਖ਼ਿਲਾਫ਼ ਇੱਕ ਔਰਤ ਦੀ ਸ਼ਿਕਾਇਤ 'ਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਤਹਿਤ ਪੋਕਸੋ (POCSO) ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਹੰਸ ਰਾਜ ਚੂਰਾ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਔਰਤ ਨੇ ਉਨ੍ਹਾਂ 'ਤੇ ਲੰਬੇ ਸਮੇਂ ਤੋਂ ਜਿਨਸੀ ਸ਼ੋਸ਼ਣ ਅਤੇ ਡਰਾਉਣ-ਧਮਕਾਉਣ ਦੇ ਦੋਸ਼ ਲਾਏ ਹਨ।

ਇਹ ਕਾਰਵਾਈ ਚੰਬਾ ਦੇ ਮਹਿਲਾ ਪੁਲੀਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਕੀਤੀ ਗਈ ਹੈ,

ਪੁਲੀਸ ਸੂਤਰਾਂ ਅਨੁਸਾਰ ਪੀੜਤਾ ਨੇ ਆਪਣੇ ਬਿਆਨ ਵਿੱਚ ਦੋਸ਼ ਲਾਇਆ ਹੈ ਕਿ ਵਿਧਾਇਕ ਹੰਸ ਰਾਜ ਉਸ ਦਾ ਜਿਨਸੀ ਸ਼ੋਸ਼ਣ ਉਦੋਂ ਤੋਂ ਕਰ ਰਹੇ ਸਨ ਜਦੋਂ ਉਹ ਸਿਰਫ਼ 16 ਸਾਲ ਦੀ ਸੀ। ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਔਰਤ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਵੀ ਵਿਧਾਇਕ ਅਤੇ ਉਸ ਦੇ ਸਹਿਯੋਗੀਆਂ 'ਤੇ ਗੰਭੀਰ ਦੋਸ਼ ਲਾਏ ਸਨ ਅਤੇ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਸਬੂਤ ਹੋਣ ਦੀ ਗੱਲ ਆਖੀ ਸੀ।

# ਪਾਕਿਸਤਾਨ ਦੇ ਖੈਬਰ ਪਖਤੂਨਖਵਾ ਵਿੱਚ ਗ੍ਰੇਨੇਡ ਧਮਾਕਾ, 3 ਲੋਕਾਂ ਦੀ ਮੌਤ

**ਪੇਸ਼ਾਵਰ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਖੈਬਰ ਪਖਤੂਨਖਵਾਸੂਬੇ ਵਿੱਚ ਹੋਏ ਇੱਕ ਗ੍ਰੇਨੇਡ ਧਮਾਕੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਸ਼ੁੱਕਰਵਾਰ ਨੂੰ ਖੈਬਰ ਜ਼ਿਲ੍ਹੇ ਦੀ ਬਾਰਾ ਤਹਿਸੀਲ ਵਿੱਚ ਇੱਕ ਸਥਾਨਕ ਵਿਅਕਤੀ ਦੇ ਘਰ ਵਿੱਚ ਵਾਪਰੀ। ਧਮਾਕੇ ਵਿੱਚ ਘਰ ਦੇ ਮਾਲਕ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ।

ਧਮਾਕੇ ਵਿੱਚ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਇਲਾਜ ਲਈ ਡੋਗਰਾ ਹਸਪਤਾਲ ਲਿਜਾਇਆ ਗਿਆ ਹੈ।

# ਭਾਰਤ ਨੇ ਆਸਟਰੇਲੀਆ ਵਿਰੁੱਧ ਟੀ-20 ਲੜੀ ਜਿੱਤੀ; ਪੰਜਵਾਂ ਮੈਚ ਮੀਂਹ ਕਾਰਨ ਰੱਦ !

**ਬ੍ਰਿਸਬੇਨ,9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਆਸਟਰੇਲੀਆ ਵਿਚਕਾਰ ਪੰਜ ਮੈਚਾਂ ਦੀ ਟੀ-20 ਸੀਰੀਜ਼ ਦਾ ਪੰਜਵਾਂ ਅਤੇ ਆਖਰੀ ਮੈਚ ਵੀ ਮੀਂਹ ਕਾਰਨ ਰੱਦ ਕਰ ਦਿੱਤਾ ਗਿਆ ਅਤੇ ਭਾਰਤ ਨੇ ਲੜੀ 2-1 ਨਾਲ ਜਿੱਤ ਲਈ। ਆਸਟਰੇਲੀਆ ਦੇ ਕਪਤਾਨ ਮਿਸ਼ੇਲ ਮਾਰਸ਼ ਨੇ ਬ੍ਰਿਸਬੇਨ ਦੇ ਗਾਬਾ ਵਿਖੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਭਾਰਤ ਨੇ 4.5 ਓਵਰਾਂ ਵਿੱਚ ਬਿਨਾਂ ਕਿਸੇ ਨੁਕਸਾਨ ਦੇ ਸਿਰਫ਼ 52 ਦੌੜਾਂ ਬਣਾਈਆਂ ਸਨ ਜਦੋਂ ਮੌਸਮ ਖਰਾਬ ਹੋ ਗਿਆ, ਜਿਸ ਕਾਰਨ ਖੇਡ ਨੂੰ ਰੋਕਣਾ ਪਿਆ।

# ਰਾਸ਼ਟਰਪਤੀ ਮੁਰਮੂ ਅੰਗੋਲਾ ਅਤੇ ਬੋਤਸਵਾਨਾ ਦੇ ਦੌਰੇ ਲਈ ਰਵਾਨਾ !



**ਨਵੀਂ ਦਿੱਲੀ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਫਰੀਕੀ ਦੇਸ਼ਾਂ ਅੰਗੋਲਾ (Angola) ਅਤੇ ਬੋਤਸਵਾਨਾ (Botswana) ਦੇ ਛੇ ਦਿਨਾਂ ਦੇ ਸਰਕਾਰੀ ਦੌਰੇ 'ਤੇ ਰਵਾਨਾ ਹੋ ਗਏ ਹਨ। ਇਸ ਦੌਰੇ ਦਾ ਮਕਸਦ ਇਨ੍ਹਾਂ ਦੋਹਾਂ ਦੇਸ਼ਾਂ ਨਾਲ ਭਾਰਤ ਦੀ ਸਾਂਝੇਦਾਰੀ ਨੂੰ ਵਧਾਉਣਾ ਅਤੇ ਸਹਿਯੋਗ ਦੇ ਨਵੇਂ ਰਾਹ ਖੋਲ੍ਹਣਾ ਹੈ। ਇਹ ਕਿਸੇ ਵੀ ਭਾਰਤੀ ਰਾਸ਼ਟਰ ਮੁਖੀ ਦਾ ਇਨ੍ਹਾਂ ਦੋਹਾਂ ਦੇਸ਼ਾਂ ਦਾ ਪਹਿਲਾ ਸਰਕਾਰੀ ਦੌਰਾ ਹੈ।

ਰਾਸ਼ਟਰਪਤੀ ਮੁਰਮੂ ਅੰਗੋਲਾ ਦੀ ਰਾਜਧਾਨੀ ਲੁਆਂਡਾ ਪਹੁੰਚਣਗੇ। ਉਹ ਆਪਣੇ ਅੰਗੋਲਾਈ ਹਮਰੁਤਬਾ ਜੋਆਓ ਮੈਨੂਅਲ ਗੋਂਕਾਲਵੇਸ ਲੌਰੇਂਕੋ (Joao Manuel Goncalves Lourenco) ਨਾਲ ਗੱਲਬਾਤ ਕਰਨਗੇ। ਉਹ ਅੰਗੋਲਾ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਦੇ ਜਸ਼ਨਾਂ ਵਿੱਚ ਵੀ ਹਿੱਸਾ ਲੈਣਗੇ ਅਤੇ ਉੱਥੋਂ ਦੀ ਸੰਸਦ ਨੂੰ ਸੰਬੋਧਨ ਕਰਨਗੇ। ਇਸ ਸਾਲ ਭਾਰਤ ਅਤੇ ਅੰਗੋਲਾ ਆਪਣੇ ਕੂਟਨੀਤਕ ਸਬੰਧਾਂ ਦੀ 40ਵੀਂ ਵਰ੍ਹੇਗੰਢ ਮਨਾ ਰਹੇ ਹਨ।

ਉਹ ਬੋਤਸਵਾਨਾ ਦੀ ਰਾਜਧਾਨੀ ਗੇਬਰੋਨ ਵਿੱਚ ਆਪਣੇ ਹਮਰੁਤਬਾ ਡੂਮਾ ਗਿਡੀਓਨ ਬੋਕੋ ਨੂੰ ਮਿਲਣਗੇ। ਉਹ ਉੱਥੋਂ ਦੀ ਰਾਸ਼ਟਰੀ ਅਸੈਂਬਲੀ ਨੂੰ ਵੀ ਸੰਬੋਧਨ ਕਰਨਗੇ।ਇਸ ਦੌਰੇ ਨਾਲ ਖੇਤੀਬਾੜੀ, ਸਿਹਤ, ਊਰਜਾ, ਵਪਾਰ, ਨਿਵੇਸ਼, ਤਕਨਾਲੋਜੀ, ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਰੱਖਿਆ ਸਮੇਤ ਕਈ ਖੇਤਰਾਂ ਵਿੱਚ ਭਾਰਤ ਅਤੇ ਇਨ੍ਹਾਂ ਦੇਸ਼ਾਂ ਦੇ ਸਬੰਧ ਹੋਰ ਮਜ਼ਬੂਤ ਹੋਣਗੇ।

# ਫਿਰੋਜ਼ਪੁਰ-ਦਿੱਲੀ ਰੂਟ ਲਈ ਵੰਦੇ ਭਾਰਤ ਟਰੇਨ ਰਵਾਨਾ



**ਫਿਰੋਜਪੁਰ/ਬਠਿੰਡਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵਰਚੁਅਲ ਮਾਧਿਅਮ ਰਾਹੀਂ ਵਾਰਾਣਸੀ ਤੋਂ ਚਾਰ ਨਵੀਆਂ ਵੰਦੇ ਭਾਰਤ ਐਕਸਪ੍ਰੈਸ ਟਰੇਨਾਂ ਨੂੰ ਹਰੀ ਝੰਡੀ ਦਿੱਤੀ ਹੈ। ਇਹ ਗੱਡੀਆਂ ਦੇਸ਼ ਦੇ ਸੱਭਿਆਚਾਰਕ ਤੇ ਵਪਾਰਕ ਕੇਂਦਰਾਂ ਨੂੰ ਆਪਸ ਵਿੱਚ ਹੋਰ ਮਜ਼ਬੂਤੀ ਨਾਲ ਜੋੜਣਗੀਆਂ। ਨਵੀਆਂ ਸੇਵਾਵਾਂ ਵਿਚ ਵਾਰਾਣਸੀ-ਖਜੂਰਾਹੋ, ਲਖਨਊ-ਸਹਾਰਨਪੁਰ, ਫਿਰੋਜ਼ਪੁਰ-ਦਿੱਲੀ ਅਤੇ ਏਰਨਾਕੁਲਮ-ਬੰਗਲੁਰੂ ਰੂਟ ਸ਼ਾਮਲ ਹਨ।

ਫਿਰੋਜ਼ਪੁਰ ਰੇਲਵੇ ਸਟੇਸ਼ਨ 'ਤੇ ਇਸ ਇਤਿਹਾਸਕ ਮੌਕੇ ਨੂੰ ਵੱਡੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਰੋਹ ਦੌਰਾਨ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਵੀ ਮੌਜੂਦ ਰਹੇ। ਵੱਡੀ ਗਿਣਤੀ ਵਿਚ ਸਥਾਨਕ ਨਿਵਾਸੀ, ਵਿਦਿਆਰਥੀ, ਵਪਾਰੀ ਤੇ ਸਮਾਜਕ ਵਰਕਰਾਂ ਨੇ ਇਸ ਸਮਾਗਮ ਵਿਚ ਭਾਗ ਲਿਆ। ਸਥਾਨਕ ਵਸਨੀਕਾਂ ਅਤੇ ਵਪਾਰਕ ਭਾਈਚਾਰਿਆਂ ਨੇ ਫਿਰੋਜ਼ਪੁਰ-ਦਿੱਲੀ ਵੰਦੇ ਭਾਰਤ ਸੇਵਾ ਦੀ ਸ਼ੁਰੂਆਤ ਨੂੰ ਖੇਤਰ ਲਈ ਵਿਕਾਸਕਾਰੀ ਮੋੜ ਦੱਸਿਆ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਰੋਜ਼ਾਨਾ ਯਾਤਰੀਆਂ, ਵਿਦਿਆਰਥੀਆਂ ਅਤੇ ਵਪਾਰੀਆਂ ਨੂੰ ਤੇਜ਼, ਆਰਾਮਦਾਇਕ ਤੇ ਆਧੁਨਿਕ ਸਹੂਲਤਾਂ ਵਾਲੀ ਯਾਤਰਾ ਦਾ ਲਾਭ ਮਿਲੇਗਾ। ਅਧਿਕਾਰੀਆਂ ਅਨੁਸਾਰ ਨਵੀਂ ਰੇਲ ਨਾਲ ਯਾਤਰਾ ਦਾ ਸਮਾਂ ਘਟੇਗਾ ਤੇ ਦਿੱਲੀ ਨਾਲ ਖੇਤਰੀ ਸੰਪਰਕ ਹੋਰ ਮਜ਼ਬੂਤ ਹੋਵੇਗਾ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਸ ਮੌਕੇ ਤੇ ਕਿਹਾ ਕਿ ਭਵਿੱਖ ਵਿੱਚ ਹੋਰ ਵੀ ਮਹੱਤਵਪੂਰਨ ਪ੍ਰੋਜੈਕਟ ਫਿਰੋਜ਼ਪੁਰ ਖੇਤਰ ਵਿਚ ਸ਼ੁਰੂ ਕੀਤੇ ਜਾਣਗੇ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਯਤਨਾਂ ਵਿਚ ਕੇਂਦਰ ਨਾਲ ਪੂਰਾ ਸਹਿਯੋਗ ਦੇਵੇ ਤਾਂ ਜੋ ਖੇਤਰਕ ਵਿਕਾਸ ਦੀ ਗਤੀ ਹੋਰ ਤੇਜ਼ ਹੋ ਸਕੇ।

**ਬਠਿੰਡਾ ਵਿੱਚ ਵੰਦੇ ਭਾਰਤ ਦਾ ਭਰਵਾਂ ਸਵਾਗਤ**

ਵੰਦੇ ਭਾਰਤ ਦਾ ਬਠਿੰਡਾ ਸਟੇਸ਼ਨ 'ਤੇ ਟ੍ਰੇਨ ਦੇ ਪਹੁੰਚਣ 'ਤੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ, ਦਿਆਲ ਦਾਸ ਸੋਢੀ ਅਤੇ ਸਾਬਕਾ ਮੰਤਰੀ ਹਰਮੰਦਰ ਜੱਸੀ ਸਮੇਤ ਕਈ ਆਗੂਆਂ ਗਰਮਜੋਸ਼ੀ ਨਾਲ ਸਵਾਗਤ ਕੀਤਾ। ਸੈਂਕੜੇ ਸਥਾਨਕ ਲੋਕਾਂ ਨੇ ਵੀ ਗੱਡੀ ਦੇ ਚੱਲਣ ਦਾ ਖੁਸ਼ੀ ਨਾਲ ਸਵਾਗਤ ਕੀਤਾ। ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੇ ਟ੍ਰੇਨ ਵਿੱਚ ਸਫ਼ਰ ਕਰਦੇ ਹੋਏ ਹਰ ਸਟੇਸ਼ਨ 'ਤੇ ਲੋਕਾਂ ਨਾਲ ਮੁਲਾਕਾਤ ਕੀਤੀ ਤੇ ਦੀਆਂ ਸੁਵਿਧਾਵਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਰਵਨੀਤ ਬਿੱਟੂ ਨੇ ਕਿਹਾ ਕਿ ਚੰਡੀਗੜ੍ਹ-ਰਾਜਪੁਰਾ ਰੇਲ ਪ੍ਰੋਜੈਕਟ ਸ਼ੁਰੂ ਹੋ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਤਖ਼ਤ ਸ਼੍ਰੀ ਦਮਦਮਾ ਸਾਹਿਬ ਨੂੰ ਰੇਲਵੇ ਨਾਲ ਜੋੜਣ ਦਾ ਸੁਪਨਾ ਵੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਚਾਰ ਤਖ਼ਤ ਪਹਿਲਾਂ ਹੀ ਰੇਲਵੇ ਨਾਲ ਜੋੜੇ ਜਾ ਚੁੱਕੇ ਹਨ ਅਤੇ ਪੰਜਵਾਂ ਤਖ਼ਤ ਸ਼੍ਰੀ ਦਮਦਮਾ ਸਾਹਿਬ ਵੀ ਜਲਦੀ ਹੀ ਰੇਲ ਨੈੱਟਵਰਕ ਨਾਲ ਜੁੜੇਗਾ।

# ਸੰਸਦ ਦਾ ਸਰਦ ਰੁੱਤ ਇਜਲਾਸ 1 ਤੋਂ 19 ਦਸੰਬਰ ਤੱਕ: ਕਿਰਨ ਰਿਜੀਜੂ

**ਨਵੀਂ ਦਿੱਲੀ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦ ਦਾ ਸਰਦ ਰੁੱਤ ਇਜਲਾਸ 1 ਦਸੰਬਰ ਤੋਂ 19 ਦਸੰਬਰ ਤੱਕ ਦਾ ਹੋਣ ਜਾ ਰਿਹਾ ਹੈ। ਇਹ ਜਾਣਕਾਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜੀਜੂ ਨੇ ਸ਼ਨਿਚਰਵਾਰ ਨੂੰ ਦਿੱਤੀ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਰਕਾਰ ਦੇ ਉਨ੍ਹਾਂ ਤਰੀਕਾਂ 'ਤੇ ਸੰਸਦ ਦਾ ਸਰਦ ਰੁੱਤ ਸੈਸ਼ਨ ਬੁਲਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਰਿਜੀਜੂ ਨੇ ਐਕਸ 'ਤੇ ਪੋਸਟ ਕਰਦਿਆਂ ਕਿਹਾ, "ਇੱਕ ਉਸਾਰੂ ਅਤੇ ਅਰਥਪੂਰਨ ਸੈਸ਼ਨ ਦੀ ਉਡੀਕ ਹੈ ਜੋ ਸਾਡੇ ਲੋਕਤੰਤਰ ਨੂੰ ਮਜ਼ਬੂਤ ? ?ਕਰੇ ਅਤੇ ਲੋਕਾਂ ਦੀਆਂ ਇੱਛਾਵਾਂ ਦੀ ਸੇਵਾ ਕਰੇ।"

# ਪਲੇਅ ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਕਰਨ ਲਈ ਨਵੀਆਂ ਹਦਾਇਤਾਂ ਜਾਰੀ : ਡਿਪਟੀ ਕਮਿਸ਼ਨਰ

**ਬਰਨਾਲਾ, 9 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਰਲੀ ਚਾਇਲਡ ਹੁੱਡ ਕੇਅਰ ਐਂਡ ਐਜੂਕੇਸ਼ਨ ਸਕੀਮ ਅਧੀਨ ਪ੍ਰਾਈਵੇਟ ਪਲੇਅ-ਵੇ-ਸਕੂਲਾਂ ਦੀ ਨਵੀਂ ਰਜਿਸ਼ਟ੍ਰੇਸ਼ਨ ਕਰਵਾਉਣ ਸਬੰਧੀ ਪੰਜਾਬ ਸਰਕਾਰ ਵਲੋਂ ਪਲੇਅ ਵੇਅ ਸਕੂਲਾਂ ਲਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਜਿਸ ਤਹਿਤ ਪੰਜਾਬ ਵਿਚ ਚੱਲ ਰਹੇ ਸਾਰੇ ਪ੍ਰਾਈਵੇਟ ਪਲੇਅ-ਵੇ ਸਕੂਲ ਹੁਣ ਤੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਰਜਿਸਟਰਡ ਕੀਤੇ ਜਾਣਗੇ। ਜਿਸ ਤੋਂ ਬਾਅਦ ਸਰਕਾਰ ਕੋਲ ਬੱਚਿਆਂ ਦੇ ਸਾਰੇ ਵੇਰਵੇ ਹੋਣਗੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਨਿੱਜੀ ਪਲੇਅ-ਵੇ ਸਕੂਲਾਂ ਵਿਚ ਬਚਪਨ ਦੇ ਸ਼ੁਰੂਆਤੀ ਵਿਕਾਸ ਲਈ ਬੱਚਿਆਂ ਨੂੰ ਖੇਡਾਂ ਦੇ ਜਰੀਏ ਪੜ੍ਹਾਇਆ ਜਾਵੇਗਾ, ਜਿਸ ਨਾਲ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਨਿਖਾਰ ਆਵੇਗਾ। ਉਨ੍ਹਾਂ ਦੱਸਿਆ ਕਿ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਇਨ੍ਹਾਂ ਪਲੇਅ ਵੇਅ ਸਕੂਲਾਂ ਦੀ ਨਵੀਂ ਰਜਿਸਟ੍ਰੇਸ਼ਨ ਅਤੇ ਪੁਰਾਣੀ ਰਜਿਸਟ੍ਰੇਸ਼ਨ ਰਿਨਿਊ ਕਾਰਵਾਈ ਜਾਣੀ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਜਿਸ ਸਬੰਧੀ ਵਿਸਥਾਰ ਵਿਚ ਨਿਯਮ ਅਤੇ ਹਦਾਇਤਾਂ ਲਾਗੂ ਹੋਣਗੀਆਂ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਸ਼੍ਰੀ ਪਰਦੀਪ ਸਿੰਘ ਗਿੱਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਨੇ ਦੱਸਿਆ ਕਿ ਪਲੇਅ ਵੇਅ ਸਕੂਲ ਦੀ ਇਮਾਰਤ ਦਾ ਹਵਾਦਾਰ ਹੋਣਾ, ਸਕੂਲ ਦੀ ਚਾਰ-ਦੀਵਾਰੀ, ਸਾਫ਼ ਸੁਥਰਾ ਪੀਣ ਯੋਗ ਪਾਣੀ, ਅਧਿਆਪਕਾਂ ਅਤੇ ਬੱਚਿਆਂ ਦੀ ਗਿਣਤੀ ਦਾ 1:20 ਦਾ ਅਨੁਪਾਤ ਭਾਵ ਇੱਕ ਅਧਿਆਪਕ 20 ਤੋਂ ਵੱਧ ਬੱਚਿਆਂ ਨੂੰ ਨਹੀਂ ਪੜ੍ਹਾ ਸਕੇਗਾ। ਉਸ ਦੇ ਨਾਲ ਇਕ ਕੇਅਰਟੇਕਰ ਵੀ ਹੋਵੇਗਾ ਤਾਂ ਜੋ ਬੱਚਿਆਂ ਦੀ ਸਿਹਤ ਨਾਲ ਸਮਝੌਤਾ ਨਾ ਹੋਵੇ। ਸਕੂਲ ਅੰਦਰਲੀ ਬਣਤਰ, ਰੈਸਟ ਰੂਮ ਦੀ ਵਿਵਸਥਾ, ਲੜਕੇ ਅਤੇ ਲੜਕੀਆਂ ਲਈ ਵੱਖਰੇ ਪਖਾਨੇ, ਸਾਰੇ ਸਕੂਲਾਂ ਵਿਚ ਸੀਸੀਟੀਵੀ ਕੈਮਰੇ ਵੀ ਲਾਜ਼ਮੀ ਕੀਤੇ ਗਏ ਹਨ।

ਉਨ੍ਹਾਂ ਹੋਰ ਦੱਸਿਆ ਕਿ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲਾਂ ਵਿੱਚ ਦਾਖ਼ਲੇ ਲਈ ਬੱਚੇ ਲਈ ਕੋਈ ਸਕ੍ਰੀਨਿੰਗ ਟੈਸਟ ਜਾਂ ਮਾਤਾ-ਪਿਤਾ ਦੀ ਇੰਟਰਵਿਊ ਆਦਿ ਨਹੀਂ ਹੋਵੇਗੀ। ਇਨ੍ਹਾਂ ਸਕੂਲਾਂ ਵਿੱਚ ਜੰਕ ਫੂਡ 'ਤੇ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਘਰੋਂ ਵੀ ਜੰਕ ਫੂਡ ਟਿਫ਼ਿਨ ਵਿੱਚ ਨਹੀਂ ਆਵੇਗਾ ਅਤੇ ਨਾ ਹੀ ਸਕੂਲ ਵਿੱਚ ਜਾਂ ਆਲੇ-ਦੁਆਲੇ ਜੰਕ ਫੂਡ ਵੇਚਿਆ ਜਾਵੇਗਾ ਅਤੇ ਬੱਚਿਆਂ ਨੂੰ ਖੇਡਾਂ ਰਾਹੀਂ ਸਿਖਾਇਆ ਜਾਣਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦਾ ਡਰਾਉਣ ਜਾ ਧਮਕਾਉਣ 'ਤੇ ਪਾਬੰਦੀ ਹੈ। ਬੱਚਿਆਂ 'ਤੇ ਕੰਮ ਦਾ ਕੋਈ ਬੋਝ ਨਹੀਂ ਹੋਵੇਗਾ, ਪਲੇਅ ਵੇਅ ਦੇ ਅੰਦਰ ਲਾਇਬ੍ਰੇਰੀ ਦਾ ਪ੍ਰਬੰਧ ਹੋਵੇਗਾ, ਹਰ ਮਹੀਨੇ ਬੱਚੇ ਦੀ ਸਿਹਤ ਜਾਂਚ ਹੋਵੇਗੀ ਅਤੇ ਸਕੂਲ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਰੱਖੇਗਾ। ਬੱਚਿਆਂ ਦੀ ਸੁਰੱਖਿਆ ਲਈ ਫ਼ਾਇਰ ਸੇਫ਼ਟੀ, ਸਿਹਤ ਸਹੂਲਤਾਂ ਸਭ ਦੀ ਜਾਂਚ ਕੀਤੀ ਜਾਵੇਗੀ। ਸਕੂਲ ਵਿਚ ਫ਼ੀਸਾਂ ਕਿਵੇਂ ਲਈਆਂ ਜਾਣਗੀਆਂ।

# ਮੇਅਰ ਦੇ ਸਮਰਥਕ ਸ਼ਾਮ ਲਾਲ ਜੈਨ ਬਣੇ ਬਠਿੰਡਾ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ

ਕੌਮੀ ਪਤ੍ਰਿਕਾ

ਬਠਿੰਡਾ 9 ਨਵੰਬਰ। ਨਗਰ ਨਿਗਮ ਬਠਿੰਡਾ ਦੀ ਮੰਗਲਵਾਰ ਦੁਪਹਿਰ ਨੂੰ ਜਨਰਲ ਹਾਊਸ ਮੀਟਿੰਗ ਦੌਰਾਨ ਹੋਈ ਵੋਟਿੰਗ 'ਚ ਮੇਅਰ ਪਦਮਜੀਤ ਸਿੰਘ ਮਹਿਤਾ ਦੇ ਸਮਰਥਕ ਪਾਰਸ਼ਦ ਸ਼ਾਮ ਲਾਲ ਜੈਨ ਨੇ ਸਪੱਸ਼ਟ ਬਹੁਮਤ ਨਾਲ ਜਿੱਤ ਦਰਜ ਕੀਤੀ। ਜੈਨ ਨੂੰ ਕੁੱਲ 30 ਕੌਂਸਲਰਾਂ ਦਾ ਸਮਰਥਨ ਮਿਲਿਆ, ਜਦਕਿ ਵਿਰੋਧੀ ਉਮੀਦਵਾਰ ਕਾਂਗਰਸ ਕੌਂਸਲਰ ਹਰਵਿੰਦਰ ਸਿੰਘ ਲੱਡੂ ਨੂੰ ਸਿਰਫ 12 ਵੋਟਾਂ ਹੀ ਮਿਲੀਆਂ। ਚੋਣ ਪ੍ਰਕਿਰਿਆ ਦੌਰਾਨ ਨਾਟਕੀ ਮੋੜ ਉਸ ਸਮੇਂ ਆਇਆ, ਜਦੋਂ ਵੋਟਿੰਗ ਸ਼ੁਰੂ ਹੋਣ ਨਾਲ ਹੀ ਕਾਂਗਰਸ ਉਮੀਦਵਾਰ ਹਰਵਿੰਦਰ ਸਿੰਘ ਲੱਡੂ ਨੇ ਨਤੀਜਾ ਆਉਣ ਤੋਂ ਪਹਿਲਾਂ ਹੀ ਸਦਨ ਵਿੱਚ ਖੜ੍ਹ ਕੇ ਆਪਣਾ ਨਾਂ ਵਾਪਸ ਲੈ ਲਿਆ ਅਤੇ ਸ਼ਾਮ ਲਾਲ ਜੈਨ ਦੇ ਹੱਕ ਵਿੱਚ ਸਮਰਥਨ ਦਾ ਐਲਾਨ ਕਰ ਦਿੱਤਾ। ਇਸ ਤੋਂ ਬਾਅਦ ਦੂਜੇ ਪਾਸੇ ਦੀ ਵੋਟਿੰਗ ਪ੍ਰਕਿਰਿਆ ਰੋਕ ਦਿੱਤੀ ਗਈ ਅਤੇ ਜੈਨ ਨੂੰ ਜੇਤੂ ਐਲਾਨ ਦਿੱਤਾ ਗਿਆ। ਮੇਅਰ ਸਮਰਥਕ ਗਰੁੱਪ ਨੇ ਇੱਕ ਵਾਰ ਫਿਰ ਵਿਰੋਧੀਆਂ 'ਤੇ ਬੜ੍ਹਤ ਹਾਸਲ ਕਰਦਿਆਂ ਨਿਗਮ ਵਿੱਚ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਨਤੀਜੇ ਆਉਣ ਤੋਂ ਬਾਅਦ ਸੀਨੀਅਰ ਡਿਪਟੀ ਮੇਅਰ ਬਣੇ ਸ਼ਾਮ ਲਾਲ ਜੈਨ ਨੇ ਕਿਹਾ ਕਿ ਉਹ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨਗੇ। ਜਨਰਲ ਹਾਊਸ ਦੀ ਮੀਟਿੰਗ ਦੀ ਅਗਵਾਈ ਮੇਅਰ ਪਦਮਜੀਤ ਸਿੰਘ ਮਹਿਤਾ ਨੇ ਕੀਤੀ। ਉਨ੍ਹਾਂ ਨੇ ਮੀਟਿੰਗ ਦੌਰਾਨ ਕੌਂਸਲਰ ਸ਼ਾਮ ਲਾਲ ਜੈਨ ਦਾ ਨਾਂ ਸੀਨੀਅਰ ਡਿਪਟੀ ਮੇਅਰ ਅਹੁਦੇ ਲਈ ਪ੍ਰਸਤਾਵਿਤ ਕੀਤਾ, ਜਦਕਿ ਕਾਂਗਰਸ ਵੱਲੋਂ ਹਰਵਿੰਦਰ ਸਿੰਘ ਲੱਡੂ ਨੂੰ ਉਮੀਦਵਾਰ ਬਣਾਇਆ ਗਿਆ ਸੀ। ਮੀਟਿੰਗ ਵਿੱਚ ਕੁੱਲ 42 ਕੌਂਸਲਰ ਹਾਜ਼ਰ ਸਨ, ਜਦੋਂ ਕਿ ਵਿਧਾਇਕ ਜਗਰੂਪ ਸਿੰਘ ਗਿੱਲ ਦੇ ਸਮਰਥਕ 8 ਕੌਂਸਲਰ ਗੈਰ-ਹਾਜ਼ਰ ਰਹੇ।



ਨਤੀਜਿਆਂ ਅਨੁਸਾਰ ਮਨਪ੍ਰੀਤ ਬਾਦਲ ਗਰੁੱਪ ਨੇ ਵੀ ਪਹਿਲਾਂ ਵਾਂਗ ਮੇਅਰ ਮਹਿਤਾ ਦਾ ਹੀ ਸਮਰਥਨ ਕੀਤਾ। ਇਸੇ ਦੌਰਾਨ ਜਗਰੂਪ ਸਿੰਘ ਗਿੱਲ ਅਤੇ ਉਨ੍ਹਾਂ ਦੇ ਤਿੰਨ ਸਮਰਥਕ ਪਾਰਸ਼ਦ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਦੱਸਣਯੋਗ ਹੈ ਕਿ 6 ਫ਼ਰਵਰੀ 2025 ਨੂੰ ਸਾਬਕਾ ਮੇਅਰ ਰਮਨ ਗੋਇਲ ਦੇ ਅਸਤੀਫ਼ੇ ਤੋਂ ਬਾਅਦ ਹੋਈ ਚੋਣ ਵਿੱਚ ਪਦਮਜੀਤ ਸਿੰਘ ਮਹਿਤਾ ਨੇ 33 ਕੌਂਸਲਰਾਂ ਦਾ ਸਮਰਥਨ ਪ੍ਰਾਪਤ ਕਰਕੇ ਮੇਅਰ ਦਾ ਅਹੁਦਾ ਸੰਭਾਲਿਆ ਸੀ। ਉਸ ਵੇਲੇ ਆਮ ਆਦਮੀ ਪਾਰਟੀ ਦਾ ਕੋਈ ਕੌਂਸਲਰ ਉਨ੍ਹਾਂ ਦੇ ਨਾਲ ਨਹੀਂ ਸੀ, ਪਰ ਕਾਂਗਰਸ ਅਤੇ ਮਨਪ੍ਰੀਤ ਬਾਦਲ ਸਮਰਥਕ ਪਾਰਸ਼ਦਾਂ ਦੇ ਸਹਿਯੋਗ ਨਾਲ ਉਹ ਮੇਅਰ ਬਣੇ ਸਨ। ਇਸ ਤੋਂ ਬਾਅਦ 2 ਮਈ 2025 ਨੂੰ ਕਾਂਗਰਸ ਦੇ ਸੀਨੀਅਰ ਡਿਪਟੀ ਮੇਅਰ ਅਸ਼ੋਕ ਪ੍ਰਧਾਨ ਨੂੰ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਇਹ ਅਹੁਦਾ ਖ਼ਾਲੀ ਸੀ। ਹੁਣ ਜਦ ਨਗਰ ਨਿਗਮ ਦਾ ਕਾਰਜਕਾਲ ਖ਼ਤਮ ਹੋਣ ਵਿੱਚ ਕੁੱਝ ਹੀ ਮਹੀਨੇ ਬਾਕੀ ਹਨ, ਇਸ ਚੋਣ ਨੂੰ ਮੇਅਰ ਮਹਿਤਾ ਲਈ ਇੱਕ ਸਿਆਸੀ ਪਰਖ ਮੰਨਿਆ ਜਾ ਰਿਹਾ ਸੀ। ਉਨ੍ਹਾਂ ਸਾਬਤ ਕੀਤਾ ਕਿ ਮੇਅਰ ਬਣਦੇ ਸਮੇਂ ਜਿਨ੍ਹਾਂ 30 ਕੌਂਸਲਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ, ਉਹ ਅੱਜ ਵੀ ਉਨ੍ਹਾਂ ਦੇ ਨਾਲ ਖੜ੍ਹੇ ਹਨ।

## ਨਾਬਾਲਗ ਨਾਲ ਛੇੜਛਾੜ ਦਾ ਵਿਰੋਧ ਕਰਨ 'ਤੇ ਪਿਤਾ 'ਤੇ ਹਮਲਾ

ਕਾਦੀਆਂ 9 ਨਵੰਬਰ। ਨਾਬਾਲਗ ਕੁੜੀ ਨਾਲ ਛੇੜਛਾੜ ਦਾ ਵਿਰੋਧ ਕਰਨਾ ਇਕ ਪਿਤਾ ਨੂੰ ਮਹਿੰਗਾ ਪੈ ਗਿਆ, ਜਦੋਂ ਦੋਸ਼ੀ ਨੌਜਵਾਨ ਅਤੇ ਉਸਦੇ ਸਾਥੀਆਂ ਨੇ ਉਸ 'ਤੇ ਤੇਜ਼ ਹਥਿਆਰ ਨਾਲ ਹਮਲਾ ਕਰ ਦਿੱਤਾ। ਜਾਣਕਾਰੀ ਮੁਤਾਬਕ, ਸਿਵਲ ਲਾਈਨਜ਼ ਖੇਤਰ 'ਚ ਇਕ ਬਾਰਬਰ ਦੀ ਦੁਕਾਨ 'ਤੇ ਕੰਮ ਕਰਦਾ ਨੌਜਵਾਨ ਆਉਣ-ਜਾਣ ਵਾਲੀਆਂ ਕੁੜੀਆਂ ਨਾਲ ਛੇੜਛਾੜ ਕਰਦਾ ਸੀ। ਜਦੋਂ 13 ਸਾਲਾ ਕੁੜੀ ਨੇ ਘਰ ਆ ਕੇ ਇਹ ਗੱਲ ਦੱਸੀ, ਤਾਂ ਮਾਪੇ ਸ਼ਿਕਾਇਤ ਕਰਨ ਲਈ ਦੁਕਾਨ 'ਤੇ ਪਹੁੰਚੇ। ਇਸ 'ਤੇ ਦੋਸ਼ੀ ਨੌਜਵਾਨ ਅਤੇ ਉਸਦੇ ਭਰਾ ਨੇ ਉਲਟਾ ਮਾਪਿਆਂ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਪਿਤਾ, ਜੋ ਇਕ ਧਾਰਮਿਕ ਸੰਸਥਾ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰਦੇ ਹਨ, ਦੇ ਸਿਰ ਅਤੇ ਨੱਕ 'ਤੇ ਗੰਭੀਰ ਚੋਟਾਂ ਆਈਆਂ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਐਸ.ਐਚ.ਓ. ਕਾਦੀਆਂ ਗੁਰਮੀਤ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ ਪ੍ਰਾਪਤ ਹੋ ਗਈ ਹੈ ਅਤੇ ਐਮ.ਐਲ.ਆਰ. ਮਿਲਣ ਤੋਂ ਬਾਅਦ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਮਰਹੂਮ ਬੂਟਾ ਸਿੰਘ 'ਤੇ ਟਿੱਪਣੀ ਰਾਹੀਂ ਰਾਜਾ ਵੜਿੰਗ ਨੇ ਮਨੂਵਾਦੀ ਸੋਚ ਦਾ ਪ੍ਰਗਟਾਵਾ ਕੀਤਾ : ਹਰਭਜਨ ਸਿੰਘ

ਚੰਡੀਗੜ੍ਹ 9 ਨਵੰਬਰ। ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ 'ਤੇ ਟਿੱਪਣੀਆਂ ਰਾਹੀਂ ਕਾਂਗਰਸ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੀ ਮਨੂਵਾਦੀ ਸੋਚ ਦਾ ਪ੍ਰਗਟਾਵਾ ਕੀਤਾ ਹੈ। ਇਹ ਗੱਲ ਅੱਜ ਇੱਥੇ ਜਾਰੀ ਪ੍ਰੈਸ ਨੋਟ ਰਾਹੀਂ ਹਰਭਜਨ ਸਿੰਘ ਈ. ਟੀ. ਓ. ਕੈਬਨਿਟ ਮੰਤਰੀ ਨੇ ਆਖੀ।ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਜਿਸ ਨੂੰ ਵੀਡੀਓ ਵਿੱਚ ਪੱਠੇ ਪਾਉਣ ਵਾਲਾ ਦੱਸ ਰਿਹਾ ਹੈ, ਉਸ ਦੀ ਵਿੱਦਿਅਕ ਯੋਗਤਾ ਬੀ. ਏ. ਆਨਰਜ਼, ਐੱਮ. ਏ. ਅਤੇ ਪੀ. ਐੱਚ. ਡੀ. ਸੀ. ਅਤੇ ਪੱਤਰਕਾਰੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ



ਉਪਰੰਤ 1962 ਵਿੱਚ 25 ਸਾਲ ਦੀ ਉਮਰ ਵਿੱਚ ਮੈਂਬਰ ਪਾਰਲੀਮੈਂਟ ਬਣ ਗਏ ਸਨ। ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਜਿਸ ਤਰ੍ਹਾਂ ਰਾਜਾ ਵੜਿੰਗ ਰੰਗ ਆਧਾਰਤ ਟਿੱਪਣੀ ਕਰ ਰਹੇ ਹਨ, ਇਹ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਹ ਟਿੱਪਣੀ ਰਾਜਾ ਵੜਿੰਗ ਦੀ ਦੇਸ਼ ਦੀਆਂ ਅਨੁਸੂਚਿਤ ਜਾਤੀਆਂ ਪ੍ਰਤੀ ਸੋਚ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮੁੱਢ ਤੋਂ ਹੀ ਦਲਿਤ ਵਿਰੋਧੀ ਰਹੀ ਹੈ ਅਤੇ ਇਸ ਪਾਰਟੀ ਨੇ ਡਾ. ਬੀ.ਆਰ. ਅੰਬੇਡਕਰ ਜੀ ਦਾ ਵੀ ਸਦਾ ਵਿਰੋਧ ਹੀ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਦਲਿਤ ਵਿਧਾਇਕ ਨੂੰ ਮੁਖਾਤਿਬ ਹੁੰਦਿਆ ਕਿਹਾ ਸੀ ਕਿ ਇਹ ਕਿਸ ਤਰ੍ਹਾਂ ਦਾ ਮਟੀਰੀਅਲ ਵਿਧਾਨ ਸਭਾ ਵਿੱਚ ਆ ਗਿਆ ਹੈ। ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਭਾਰਤ ਦਾ ਅਨੁਸੂਚਿਤ ਜਾਤੀ ਸਮਾਜ ਡਾ. ਬੀ.ਆਰ. ਅੰਬੇਡਕਰ ਦਾ ਸਦਾ ਰਿਣੀ ਰਹੇਗਾ, ਜਿਨ੍ਹਾਂ ਨੇ ਸਾਨੂੰ ਸੰਵਿਧਾਨ ਰਾਹੀ ਬਰਾਬਰੀ ਦੇ ਅਧਿਕਾਰ ਦਿੱਤੇ ਨਹੀਂ ਤਾਂ ਰਾਜਾ ਵੜਿੰਗ ਵਰਗੇ ਕਾਂਗਰਸੀ ਆਗੂ ਦਲਿਤਾਂ ਨੂੰ ਉੱਪਰ ਉੱਠਣ ਦਾ ਮੌਕਾ ਨਹੀਂ ਦਿੰਦੇ।

## ਬੂਟਾ ਸਿੰਘ ਟਿੱਪਣੀ ਵਿਵਾਦ 'ਤੇ ਵੜਿੰਗ ਨੂੰ AAP ਦਾ ਕਰਾਰਾ ਜਵਾਬ

ਚੰਡੀਗੜ੍ਹ 9 ਨਵੰਬਰ। ਤਰਨਤਾਰਨ ਜ਼ਿਮਨੀ ਚੋਣ ਨੂੰ ਲੈ ਕੇ ਸਾਰੀਆਂ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰ ਉਤਾਰੇ ਹਨ ਅਤੇ ਚੋਣ ਪ੍ਰਚਾਰ ਸਿਖ਼ਰਾਂ 'ਤੇ ਹੈ। ਇਸ ਦੌਰਾਨ ਰਾਜਾ ਵੜਿੰਗ ਦੇ ਮਰਹੂਮ ਬੂਟਾ ਸਿੰਘ ਬਾਰੇ ਜਾਤੀਵਾਦ ਵਾਲੇ ਬਿਆਨ 'ਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਸਖ਼ਤ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ, ਪੀਰਾਂ ਨੇ ਜਾਤੀਵਾਦ ਦੇ ਖ਼?ਲਾਫ਼ ਸੰਦੇਸ਼ ਦਿੱਤਾ ਹੈ ਪਰ ਰਾਜਾ ਵੜਿੰਗ ਜਾਤੀਵਾਦ ਦਾ ਜ਼ਹਿਰ ਤਰਨਤਾਰਨ ਜ਼ਿਮਨੀ ਚੋਣ 'ਚ ਘੋਲ ਰਹੇ ਹਨ। ਇਸ ਬਿਆਨ ਖ਼?ਲਾਫ਼ ਐੱਸ. ਸੀ. ਕਮਿਸ਼ਨ ਵਲੋਂ ਰਾਜਾ ਵੜਿੰਗ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਰਹੂਮ ਗ੍ਰਹਿ ਮੰਤਰੀ ਬੂਟਾ ਸਿੰਘ ਸਿੰਘ ਜੀ ਬਾਰੇ ਕਹੀਆਂ ਗੱਲਾਂ ਮਗਰੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਦੀ ਜਾਤੀਵਾਦ ਖ਼?ਲਾਫ਼ ਮਾਨਸਿਕਤਾ ਸਾਫ਼ ਝਲਕਦੀ ਹੈ ਅਤੇ ਇਹ ਦਲਿਤਾਂ ਅਤੇ ਗਰੀਬ ਲੋਕਾਂ ਦਾ ਅਪਮਾਨ ਹੈ। ਹਰਪਾਲ ਚੀਮਾ ਨੇ ਕਿਹਾ ਕਿ ਕਾਂਗਰਸ ਪਾਰਟੀ



ਕਹਿੰਦੀ ਹੈ ਕਿ ਅਸੀਂ ਦਲਿਤਾਂ ਦੇ ਹਮਾਇਤੀ ਹਾਂ ਪਰ ਰਜਵਾੜਾਸ਼ਾਹੀ ਸੋਚ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਕਾਂਗਰਸੀ ਆਗੂਆਂ ਅੰਦਰ ਦਲਿਤ ਵਿਰੋਧੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਹੈ ਪਰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਭ ਨੂੰ ਸੰਵਿਧਾਨ ਤਹਿਤ ਬਰਾਬਰ ਹੱਕ ਦਿੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਕਾਂਗਰਸ ਹਾਈਕਮਾਨ ਇਸ ਸਿਰਫਿਰੇ ਵਿਅਕਤੀ ਨੂੰ ਆਪਣੀ ਪਾਰਟੀ 'ਚੋਂ ਕੱਢੇਗੀ ਅਤੇ ਸਖ਼ਤ ਕਾਰਵਾਈ ਕਰੇਗੀ ਕਿਉਂਕਿ ਇਸ ਤਰ੍ਹਾਂ ਦੇ ਵਿਅਕਤੀਆਂ ਦੀ ਥਾਂ ਪੰਜਾਬ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਹਨ ਅਤੇ ਇਸ ਪਵਿੱਤਰ ਦਿਹਾੜੇ ਮੌਕੇ ਕਾਂਗਰਸ ਪਾਰਟੀ ਅਜਿਹੀ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੀ ਹੈ।

## ਹੈਂ ! 'ਕੀੜੀਆਂ ਦੇ ਡਰ' ਤੋਂ ਔਰਤ ਨੇ ਕਰ ਲਈ ਖ਼ੁਦਕੁਸ਼ੀ, ਪਤੀ ਦੇ ਨਾਮ ਛੱਡਿਆ ਭਾਵੁਕ ਸੁਸਾਈਡ ਨੋਟ

ਨੈਸ਼ਨਲ ਡੈਸਕ 9 ਨਵੰਬਰ। ਤੇਲੰਗਾਨਾ ਦੇ ਸੰਗਾਰੇਡੀ ਜ਼ਿਲ੍ਹੇ ਤੋਂ ਖ਼ੁਦਕੁਸ਼ੀ ਦਾ ਇੱਕ ਅਜਿਹਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ ਹੈ। ਪੁਲਸ ਨੇ ਦੱਸਿਆ ਕਿ 4 ਨਵੰਬਰ ਨੂੰ ਇੱਕ 25 ਸਾਲਾ ਔਰਤ ਨੇ ਆਪਣੇ ਘਰ ਵਿੱਚ ਆਤਮਹੱਤਿਆ ਕਰ ਲਈ। ਔਰਤ ਵੱਲੋਂ ਇਹ ਖ਼ੌਫ਼ਨਾਕ ਕਦਮ ਚੁੱਕਣ ਦਾ ਕਾਰਨ 'ਕੀੜੀਆਂ ਦਾ ਡਰ' ਦੱਸਿਆ ਗਿਆ ਹੈ। ਪੁਲਸ ਮੁਤਾਬਕ ਮਹਿਲਾ ਆਪਣੇ ਘਰ ਵਿੱਚ ਸਾੜ੍ਹੀ ਨਾਲ ਪੱਖੇ ਨਾਲ ਲਟਕੀ ਹੋਈ ਮਿਲੀ। ਇਸ ਔਰਤ ਦਾ ਵਿਆਹ 2022 ਵਿੱਚ ਹੋਇਆ ਸੀ ਅਤੇ ਉਸਦੀ ਤਕਰੀਬਨ ਤਿੰਨ ਸਾਲ ਦੀ ਇੱਕ ਧੀ ਵੀ ਹੈ। ਮੌਕੇ ਤੋਂ ਬਰਾਮਦ ਹੋਏ ਇੱਕ ਭਾਵੁਕ ਸੁਸਾਈਡ ਨੋਟ ਵਿੱਚ ਮ੍ਰਿਤਕ ਮਹਿਲਾ ਨੇ ਲਿਖਿਆ ਹੈ: "ਮੈਂ ਮਾਫ਼ੀ ਚਾਹੁੰਦੀ ਹਾਂ ਕਿ ਮੈਂ ਇਨ੍ਹਾਂ ਕੀੜੀਆਂ ਦੇ ਨਾਲ ਨਹੀਂ ਰਹਿ ਸਕਦੀ। ਧੀ ਦਾ ਖਿਆਲ ਰੱਖਣਾ। ਸਾਵਧਾਨ ਰਹਿਣਾ।"ਜਾਣਕਾਰੀ ਅਨੁਸਾਰ, ਘਟਨਾ ਵਾਲੇ ਦਿਨ ਮਹਿਲਾ ਨੇ ਆਪਣੀ ਧੀ ਨੂੰ ਇੱਕ ਰਿਸ਼ਤੇਦਾਰ ਦੇ ਘਰ ਛੱਡ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਘਰ ਦੀ ਸਫ਼ਾਈ ਕਰਨ ਤੋਂ ਬਾਅਦ ਉਸਨੂੰ ਲੈ ਆਵੇਗੀ। ਜਦੋਂ ਉਸਦਾ ਪਤੀ ਸ਼ਾਮ ਨੂੰ ਕੰਮ ਤੋਂ ਵਾਪਸ ਆਇਆ ਤਾਂ ਮੁੱਖ ਦਰਵਾਜ਼ਾ ਅੰਦਰੋਂ ਬੰਦ ਸੀ। ਗੁਆਂਢੀਆਂ ਦੀ ਮਦਦ ਨਾਲ ਦਰਵਾਜ਼ਾ ਤੋੜਨ 'ਤੇ ਪਤਾ ਲੱਗਾ ਕਿ ਉਸਦੀ ਪਤਨੀ ਫਾਹੇ ਨਾਲ ਲਟਕ ਰਹੀ ਸੀ। ਪੁਲਸ ਨੂੰ ਦੱਸਿਆ ਗਿਆ ਹੈ ਕਿ ਮ੍ਰਿਤਕ ਮਹਿਲਾ ਨੂੰ ਬਚਪਨ ਤੋਂ ਹੀ ਕੀੜੀਆਂ ਤੋਂ ਡਰ ਲੱਗਦਾ ਸੀ। ਇਸ ਡਰ ਕਾਰਨ ਉਸਦੇ ਜੱਦੀ ਸ਼ਹਿਰ ਮਨਚੇਰੀਅਲ ਦੇ ਇੱਕ ਹਸਪਤਾਲ ਵਿੱਚ ਉਸਦੀ ਕਾਉਂਸਲਿੰਗ ਵੀ ਕੀਤੀ ਗਈ ਸੀ।

## ਬਿਨਾਂ ਸੋਚੇ-ਸਮਝੇ ਪ੍ਰੇਮੀ ਨਾਲ ਗੁਰਦਾਸਪੁਰ ਆਈ ਕੁੜੀ, ਬਾਅਦ 'ਚ ਮੁੰਡੇ ਨੇ ਉਹ ਕੀਤਾ ਜੋ ਸੋਚਿਆ ਨਾ ਸੀ

ਕੌਮੀ ਪਤ੍ਰਿਕਾ

ਗੁਰਦਾਸਪੁਰ 9 ਨਵੰਬਰ। ਕਹਿੰਦੇ ਹਨ ਕੁੜੀਆਂ ਜ਼ਿਆਦਾ ਭਾਵੁਕ ਹੁੰਦੀਆਂ ਹਨ, ਇਸੇ ਕਾਰਨ ਮੁੰਡਿਆਂ ਦੇ ਝਾਂਸੇ ਵਿੱਚ ਆ ਕੇ ਬਿਨਾਂ ਸੋਚੇ ਸਮਝੇ ਘਰ ਬਾਹਰ ਛੱਡ ਦਿੰਦੀਆਂ ਹਨ ਅਤੇ ਬਾਅਦ ਵਿੱਚ? ਜਦੋਂ ਮੁੰਡੇ ਵੱਲੋਂ ਧੋਖਾ ਮਿਲਦਾ ਹੈ ਤਾਂ ਇਨ੍ਹਾਂ ਨੂੰ ਪਛਤਾਉਣਾ ਪੈਂਦਾ ਹੈ। ਰਾਜਸਥਾਨ ਦੀ ਰਹਿਣ ਵਾਲੀ ਇਕ ਲੜਕੀ ਨਾਲ ਅਜਿਹਾ ਹੀ ਹੋਇਆ ਹੈ ਅਤੇ ਹੁਣ ਉਹ ਨਾ ਆਪਣੇ ਘਰ ਵਾਪਸ ਜਾਣ ਸਕਦੀ ਹੈ ਤੇ ਨਾ ਮੁੰਡਾ ਉਸ ਨੂੰ ਰੱਖ ਰਿਹਾ ਹੈ। ਪੁਲਸ ਨੂੰ ਸ਼ਿਕਾਇਤ ਕਰਨ ਤੋਂ ਬਾਅਦ ਕੁੜੀ ਨੂੰ ਸਖੀ ਵਨ ਸੈਂਟਰ ਵਿਖੇ ਭੇਜ ਦਿੱਤਾ ਗਿਆ ਹੈ। ਜਿੱਥੇ ਉਸ ਨੇ ਆਪਣੀ ਆਪ ਬੀਤੀ ਪੱਤਰਕਾਰਾਂ ਸਾਹਮਣੇ ਪੇਸ਼ ਕੀਤੀ। ਕੁੜੀ ਨੇ ਦੱਸਿਆ ਕਿ ਗੁਰਦਾਸਪੁਰ ਦੇ ਬਾਬੋਵਾਲ ਦਾ ਰਹਿਣ ਵਾਲਾ ਅਨਿਲ ਨਾਮ ਦਾ ਮੁੰਡਾ ਜੋ ਆਪਣੇ ਕੰਮ ਦੇ ਸਿਲਸਿਲੇ ਵਿੱਚ ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਗਿਆ ਸੀ । ਅਨਿਲ ਨੇ ਉਸ ਨੂੰ ਝਾਂਸੇ 'ਚ ਲੈ ਕੇ ਆਪਣੇ ਜਾਲ 'ਚ ਫਸਾਇਆ ਅਤੇ ਉਸ ਦਾ ਸਰੀਰਿਕ ਸ਼ੋਸਣ ਕਰਦਾ ਰਿਹਾ ਪਰ ਬਾਅਦ 'ਚ ਉਸ ਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਕੁੜੀ ਨੇ ਰਾਜਸਥਾਨ ਵਿਚ ਅਨਿਲ ਦੇ ਖਿਲਾਫ ਜਬਰਜ਼ਿਨਾਹ ਦਾ ਮਾਮਲਾ ਦਰਜ ਕਰਵਾ ਦਿੱਤਾ। ਜਿਸ 'ਤੇ ਪੁਲਸ ਨੇ ਅਨਿਲ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ, ਪਰ ਅਨਿਲ ਦੇ ਮਾਂ, ਬਾਪ ਨੇ ਅਦਾਲਤ 'ਚ ਇਹ ਬਿਆਨ ਦਿੱਤਾ ਕਿ ਉਹ ਦੋਵਾਂ ਦਾ ਵਿਆਹ ਕਰਨ ਲਈ ਰਾਜੀ ਹਨ, ਜਿਸ 'ਤੇ ਅਨਿਲ ਨੂੰ ਅਦਾਲਤ ਨੇ ਜ਼ਮਾਨਤ 'ਤੇ ਛੱਡ ਦਿੱਤਾ । ਉਥੋਂ ਅਨਿਲ ਅਤੇ ਉਸ ਦੇ ਪਰਿਵਾਰ ਵਾਲੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਗੁਰਦਾਸਪੁਰ ਲੈ ਆਏ। ਕੁੜੀ ਉਹ ਬਿਨਾਂ ਸੋਚੇ ਸਮਝੇ ਆਪਣੇ ਮਾਤਾ-ਪਿਤਾ ਦੀ ਵੀ ਨਹੀਂ ਸੁਣੀ ਅਤੇ ਅਨਿਲ ਨਾਲ ਗੁਰਦਾਸਪੁਰ ਆ ਗਈ। ਇੱਥੇ ਬਾਬੋਵਾਲ ਵਿਖੇ ਅਨਿਲ ਦੇ ਘਰ ਕੁਝ ਦੇਰ ਤਾਂ ਠੀਕ ਸੀ, ਪਰ ਬਾਅਦ ਵਿੱਚ ਅਨਿਲ ਦੀ ਮਾਂ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਅਨਿਲ ਤੇ ਹੋਰ ਵਿਆਹ ਕਰਾਉਣ ਦਾ ਦਬਾਅ ਪਾਉਣ ਲੱਗੀ । ਉਸ ਨਾਲ ਮਾਰ ਕੁਟਾਈ ਹੋਣ ਲੱਗੀ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਜਿਸ ਤੋਂ ਬਾਅਦ ਅਨਿਲ ਦੀ ਮਾਂ ਨੇ ਇਹ ਕਹਿ ਕੇ ਉਨ੍ਹਾਂ ਨੂੰ ਵੱਖ ਕਰ ਦਿੱਤਾ ਕਿ ਅਨਿਲ ਨੂੰ ਬੇਦਖਲ ਕਰ ਦਿੱਤਾ ਗਿਆ ਹੈ। ਜਿਸ ਤੋਂ ਬਾਅਦ ਅਨਿਲ ਉਸ ਨੂੰ ਫਰੀਦਕੋਟ ਲੈ ਆਇਆ ਜਿੱਥੇ ਉਹ ਦੋਨੋਂ ਨੌਕਰੀ ਕਰਨ ਲੱਗ ਪਏ । ਉਹ ਲੋਕਾਂ ਦੇ ਘਰਾਂ ਲਈ ਟਿਫਨ ਤਿਆਰ ਕਰਦੀ ਸੀ ਪਰ ਇੱਥੇ ਵੀ ਅਨਿਲ ਆਪਣੀ ਮਾਂ ਦੇ ਕੰਟਰੋਲ ਵਿੱਚ ਸੀ ਪਹਿਲਾਂ ਉਸ ਨਾਲ ਮਾਰ ਕੁਟਾਈ ਕਰਦਾ ਅਤੇ ਵਾਪਸ ਰਾਜਸਥਾਨ ਚਲੇ ਜਾਣ ਦਾ ਦਬਾਅ ਪਾਉਂਦਾ ਤਾਂ ਫਿਰ 20 ਦਿਨ ਤੋਂ ਉਸ ਦੇ ਕੋਲ ਹੀ ਨਹੀਂ ਆਇਆ । ਉਹ ਇਕੱਲੀ 20 ਦਿਨ ਅਨਿਲ ਨੂੰ ਉਡੀਕਦੀ ਰਹੀ। ਕੁਝ ਦਿਨ ਉਸ ਨੂੰ ਭੁੱਖੇ ਵੀ ਰਹਿਣਾ ਪਿਆ, ਕਿਉਂਕਿ ਪੈਸੇ ਖਤਮ ਹੋ ਗਏ ਸਨ ਅਤੇ ਫਿਰ ਕਿਸੇ ਤਰ੍ਹਾਂ ਗੁਰਦਾਸਪੁਰ ਪਹੁੰਚ ਗਈ ,ਪਰ ਅਨਿਲ ਦੇ ਮਾਂ -ਪਿਓ ਨੇ ਉਸ ਨੂੰ ਰੱਖਣ ਤੋਂ ਇਨਕਾਰ ਕਰ ਦਿੱਤਾ ਅਤੇ ਅਨਿਲ ਨੂੰ ਗਾਇਬ ਕਰ ਦਿੱਤਾ। ਜਿਸ ਤੋਂ ਬਾਅਦ ਉਸ ਸਬੰਧਤ ਪੁਲਸ ਥਾਣੇ ਸਦਰ ਗੁਰਦਾਸਪੁਰ ਵਿਖੇ ਪਹੁੰਚੀ , ਜਿੱਥੋਂ ਉਸ ਦੇ ਬਿਆਨ ਲੈਣ ਤੋਂ ਬਾਅਦ ਉਸ ਨੂੰ ਸਖੀ ਵਨ ਸੈਂਟਰ ਭੇਜ ਦਿੱਤਾ ਗਿਆ ਹੈ। ਕੁੜੀ ਕਹਿੰਦੀ ਹੈ ਕਿ ਉਹ ਆਪਣੇ ਮਾਂ-ਪਿਓ ਨੂੰ ਛੱਡ ਚੁੱਕੀ ਹੈ, ਇਸ ਲਈ ਕਿਹੜੇ ਮੂੰਹ ਨਾਲ ਵਾਪਸ ਰਾਜਸਥਾਨ ਜਾਵੇਗੀ । ਉਹ ਅਨਿਲ ਨਾਲ ਹੀ ਰਹਿਣਾ ਚਾਹੁੰਦੀ ਹੈ ਨਹੀਂ ਤਾਂ ਜਾਨ ਦੇ ਦੇਵੇਗੀ ,ਪਰ ਅਨਿਲ ਦੇ ਘਰ ਵਾਲਿਆਂ ਨੇ ਉਸ ਨੂੰ ਗਾਇਬ ਕਰ ਦਿੱਤਾ ਹੈ । ਦੂਜੇ ਪਾਸੇ ਸਖੀ ਵਨ ਸੈਂਟਰ ਦੀ ਕਰਮਚਾਰੀ ਕੰਚਨ ਨੇ ਦੱਸਿਆ ਕਿ ਚਾਰ ਦਿਨ ਪਹਿਲਾਂ ਕੁੜੀ ਇੱਥੇ ਪਹੁੰਚੀ ਹੈ। ਦੋਵਾਂ ਪੱਖਾਂ ਨੂੰ ਬੁਲਾ ਕੇ ਇਸ ਨੂੰ ਅਨਿਲ ਦੇ ਨਾਲ ਭੇਜਿਆ ਜਾਵੇਗਾ ਅਤੇ ਇਸ ਨੂੰ ਇਨਸਾਫ ਦਵਾਉਣ ਲਈ ਇਸ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ ।

## ਚੌਂਤਾ ਦਾ ਸਰਪੰਚ ਪੰਚਾਇਤਾ ਮੈਂਬਰਾਂ ਤੇ ਸਾਥੀਆਂ ਸਣੇ ਆਮ ਆਦਮੀ ਪਾਰਟੀ 'ਚ ਸ਼ਾਮਲ

ਦੀਨਾਨਗਰ 9 ਨਵੰਬਰ। ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਵੱਖ ਵੱਖ ਪਾਰਟੀਆਂ ਦੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਹੇਠ ਹਲਕੇ ਦੇ ਪਿੰਡ ਚੌਂਤਾ ਤੋਂ ਭਾਜਪਾ ਨਾਲ ਸਬੰਧਤ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਭਾਜਪਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਭਾਜਪਾ ਨੂੰ ਛੱਡ ਕੇ 'ਆਪ' ਵਿਚ ਸ਼ਾਮਲ ਹੋਣ ਵਾਲਿਆਂ ਵਿੱਚ ਪਿੰਡ ਚੌਂਤਾ ਦੇ ਸਰਪੰਚ ਤਰਸੇਮ ਲਾਲ, ਪੰਚਾਇਤ ਮੈਂਬਰ ਅਨੂ ਕੁਮਾਰ, ਪੰਚਾਇਤ ਮੈਂਬਰ ਹੰਸ ਰਾਜ, ਜਸਪਾਲ ਸਿੰਘ ਅਤੇ ਵਰਿੰਦਰ ਕੁਮਾਰ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਨੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਕਿਹਾ ਕਿ ਸੂਬੇ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਪ੍ਰਭਾਵਿਤ ਹਨ। ਉਹ ਵੀ ਦਿਨ ਰਾਤ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ, ਜਿਸ ਕਾਰਨ ਲੋਕ ਧੜਾ ਧੜ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਵੇਲੇ ਦੀਨਾਨਗਰ ਵਿਧਾਨਸਭਾ ਹਲਕੇ ਅੰਦਰ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ, ਪੂਰੇ ਹਲਕੇ ਅੰਦਰ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ, ਪਿੰਡਾਂ ਅੰਦਰ ਖੇਡ ਸਟੇਡੀਅਮਾਂ ਦੇ ਇਲਾਵਾ ਹੋਰ ਵਿਕਾਸ ਕਾਰਜ ਵੀ ਪੂਰੇ ਜ਼ੋਰ 'ਤੇ ਹਨ। ਹਲਕਾ ਇੰਚਾਰਜ ਨੇ ਕਿਹਾ ਕਿ ਦੀਨਾਨਗਰ ਹਲਕੇ ਅੰਦਰ ਉਹਨਾਂ ਵੱਲੋਂ ਹਲਕੇ ਦੇ ਲੋਕਾਂ ਨੂੰ ਨਾਲ ਲੈ ਕੇ ਬਿਨਾਂ ਕਿਸੇ ਭੇਦਭਾਵ ਦੇ ਸਰਵਪੱਖੀ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਦੌਰਾਨ ਇਹਨਾਂ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।

## ਨਗਰ ਨਿਗਮ ਚੰਡੀਗੜ੍ਹ ਦਾ ਜਨਰਲ ਇਜਲਾਸ, ਰਹੇਗਾ ਹੰਗਾਮੇਦਾਰ

ਕੌਮੀ ਪਤ੍ਰਿਕਾ

ਚੰਡੀਗੜ੍ਹ 9 ਨਵੰਬਰ। ਚੰਡੀਗੜ੍ਹ ਨਗਰ ਨਿਗਮ ਦੀ ਜਨਰਲ ਹਾਊਸ ਮੀਟਿੰਗ ਸੋਮਵਾਰ ਨੂੰ ਸਵੇਰੇ 11 ਵਜੇ ਬੁਲਾਈ ਗਈ ਹੈ। ਖ਼ਾਸ ਗੱਲ ਇਹ ਹੈ ਕਿ ਪਹਿਲੀ ਵਾਰ ਨਗਰ ਨਿਗਮ ਚੰਡੀਗੜ੍ਹ ਦੀ ਜਨਰਲ ਹਾਊਸ ਮੀਟਿੰਗ ਦੀ ਲਾਈਵ ਟੈਲੀਕਾਸਟ ਕੀਤੀ ਜਾਵੇਗੀ। ਸ਼ਹਿਰ ਦੇ ਨਾਗਰਿਕ ਇਸ ਮੀਟਿੰਗ ਨੂੰ ਨਗਰ ਨਿਗਮ ਦੇ ਅਧਿਕਾਰਤ ਯੂ-ਟਿਊਬ ਚੈਨਲ 'ਤੇ ਲਾਈਵ ਦੇਖ ਸਕਦੇ ਹਨ। ਮੀਟਿੰਗ 'ਚ ਸ਼ਹਿਰ ਨਾਲ ਸਬੰਧਿਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਨਗਰ ਨਿਗਮ ਮੌਜੂਦਾ ਸਮੇਂ 'ਚ 926 ਵਿਅਕਤੀਗਤ ਕੂੜਾ ਇਕੱਠਾ ਕਰਨ ਵਾਲਿਆਂ ਰਾਹੀਂ ਘਰ- ਘਰ ਕੂੜਾ ਇਕੱਠਾ ਕਰਨ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਹ ਪ੍ਰਬੰਧ 1 ਜਨਵਰੀ 2021 ਤੋਂ 31 ਦਸੰਬਰ 2022 ਤੱਕ ਸਮਝੌਤੇ 'ਤੇ ਆਧਾਰਿਤ ਸੀ, ਜਿਸ ਨੂੰ ਬਾਅਦ 'ਚ ਜਨਰਲ ਅਸੈਂਬਲੀ ਵੱਲੋਂ ਕਈ ਵਾਰ ਵਧਾਇਆ ਗਿਆ। ਐੱਮ. ਓ. ਯੂ. ਦੀ ਮਿਆਦ ਸ਼ੁੱਕਰਵਾਰ ਨੂੰ ਖ਼ਤਮ ਹੋ ਗਈ ਹੈ। ਮੇਅਰ ਦੀ ਸਿਫ਼ਾਰਸ਼ 'ਤੇ ਸੰਯੁਕਤ ਜੰਗਲਾਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਨੇ ਨਵੇਂ ਸਮਝੌਤੇ ਦੀਆਂ ਸ਼ਰਤਾਂ ਨੂੰ ਅੰਤਮ ਰੂਪ ਦੇਣ ਲਈ ਕਈ ਦੌਰ ਦੀਆਂ ਮੀਟਿੰਗਾਂ ਤੋਂ




ਬਾਅਦ ਖਰੜਾ ਤਿਆਰ ਕੀਤਾ। ਇਕ ਹੋਰ ਮਹੱਤਵਪੂਰਨ ਏਜੰਡਾ ਸੈਕਟਰ-26 'ਚ ਟਰਾਂਸਪੋਰਟ ਏਰੀਆ 'ਚ ਸੜਕਾਂ ਤੇ ਪਾਰਕਿੰਗ ਸਥਾਨਾਂ ਦੀ ਮੁੜ-ਕਾਰਪੇਟਿੰਗ ਲਈ 170.92 ਲੱਖ ਰੁਪਏ ਦੀ ਮਨਜ਼ੂਰੀ ਨਾਲ ਸਬੰਧਿਤ ਹੈ। ਇਨ੍ਹਾਂ ਸੜਕਾਂ ਦੀ ਆਖ਼ਰੀ ਵਾਰ 2019 'ਚ ਮੁਰੰਮਤ ਕੀਤੀ ਗਈ ਸੀ ਪਰ ਹੁਣ ਵੱਖ-ਵੱਖ ਥਾਵਾਂ 'ਤੇ ਟੋਏ ਬਣ ਗਏ ਹਨ। ਪ੍ਰਸਤਾਵਿਤ ਰਕਮ ਦੀ ਵਰਤੋਂ ਸੜਕਾਂ ਤੇ ਪਾਰਕਿੰਗ ਸਥਾਨਾਂ ਨੂੰ ਮੁੜ ਠੀਕ ਕਰਨ ਲਈ ਕੀਤੀ ਜਾਵੇਗੀ। ਨਗਰ ਨਿਗਮ ਇੰਜੀਨੀਅਰਿੰਗ ਵਿੰਗ ਨੇ ਮਤਾ ਤਿਆਰ ਕੀਤਾ ਹੈ, ਜਿਸ ਨੂੰ ਜਨਰਲ ਅਸੈਂਬਲੀ ਵੱਲੋਂ ਵਿਚਾਰ ਤੇ ਪ੍ਰਵਾਨਗੀ ਲਈ ਰੱਖਿਆ ਗਿਆ ਹੈ। ਚੰਡੀਗੜ੍ਹ ਦੀ ਮੇਅਰ ਹਰਪ੍ਰੀਤ ਕੌਰ ਬਬਲਾ ਵੱਲੋਂ ਹਾਲ ਹੀ 'ਚ ਅੰਤਰਰਾਸ਼ਟਰੀ ਪੱਧਰ ਦੇ ਪ੍ਰੋਗਰਾਮਾਂ 'ਚ ਸ਼ਹਿਰ ਦੀ ਨੁਮਾਇੰਦਗੀ ਕੀਤੀ ਗਈ ਹੈ, ਜਿਸ ਨੂੰ ਲੈ ਕੇ ਚਰਚਾਵਾਂ ਹਨ ਕਿ ਵਿਰੋਧੀ ਧਿਰ ਦੇ ਮੈਂਬਰ ਮੇਅਰ ਵੱਲੋਂ ਕੀਤੇ ਅੰਤਰਾਸ਼ਟਰੀ ਦੌਰਿਆਂ ਨੂੰ ਜਨਤਾ ਦੇ ਪੈਸੇ ਦੀ ਬੇਲੋੜੀ ਲੁੱਟ ਦੱਸਦਿਆਂ ਵਿਰੋਧ ਕਰ ਸਕਦੇ ਹਨ। ਵਿਵਾਦਾਂ 'ਚ ਘਿਰੇ 24 ਘੰਟੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਂਣ ਵਾਲੇ ਮਨੀਮਾਜਰਾ ਪਾਇਲਟ ਪ੍ਰਾਜੈਕਟ ਨੂੰ ਲੈ ਕੇ ਵੀ ਵਿਰੋਧੀ ਧਿਰ ਦੇ ਕੌਂਸਲਰ ਇਸ ਨੂੰ ਪੱਕੇ ਤੌਰ 'ਤੇ ਰੱਦ ਕਰਨ ਦੀ ਮੰਗ ਕਰ ਸਕਦੇ ਹਨ।

## ਕੁੜੀ ਨੂੰ ਅਸ਼ਲੀਲ ਵੀਡੀਓ ਤੇ ਰਿਕਾਡਿੰਗ ਭੇਜਣ ਵਾਲੇ ਮੁੰਡਾ-ਕੁੜੀ ਖ਼ਿਲਾਫ਼ ਪਰਚਾ ਦਰਜ

ਲੁਧਿਆਣਾ 9 ਨਵੰਬਰ। ਲੜਕੀ ਨੂੰ ਅਸ਼ਲੀਲ ਵੀਡੀਓ ਅਤੇ ਰਿਕਾਡਿੰਗ ਭੇਜਣ ਦੇ ਦੋਸ਼ 'ਚ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਪੀੜਤਾਂ ਦੀ ਮਾਂ ਦੀ ਸ਼ਿਕਾਇਤ 'ਤੇ ਮੁਲਜ਼ਮ ਜਯੋਤੀ ਅਤੇ ਹਰਪ੍ਰੀਤ ਖਿਲਾਫ਼ ਮਾਮਲਾ ਦਰਜ ਕੀਤਾ ਹੈ, ਜੋ ਕਿ ਪਿੰਡ ਈਸੇਵਾਲ ਦੇ ਰਹਿਣ ਵਾਲੇ ਹਨ। ਪੀੜਤਾ ਦੀ ਮਾਂ ਨੇ ਦੱਸਿਆ ਕਿ ਮੁਲਜ਼ਮ ਜਯੋਤੀ ਰਾਹੀਂ ਉਨ੍ਹਾਂ ਨੇ ਇਕ ਕਾਰ ਖਰੀਦੀ ਸੀ ਪਰ ਕਾਰ 'ਚ ਬਹੁਤ ਕਮੀਆਂ ਸਨ। ਇਸ ਲਈ ਉਨ੍ਹਾਂ ਨੇ ਜਯੋਤੀ ਨੂੰ ਕਾਰ ਦਾ ਕੰਮ ਕਰਵਾਉਣ ਲਈ ਕਿਹਾ ਸੀ। ਇਸ 'ਤੇ ਮੁਲਜ਼ਮ ਜਯੋਤੀ ਅਤੇ ਉਸ ਦੇ ਦੋਸਤ ਹਰਪ੍ਰੀਤ ਨੇ ਬੇਟੀ ਦੇ ਮੋਬਾਈਲ 'ਤੇ ਗਲ?ਤ ਰਿਕਾਡਿੰਗ, ਅਸ਼ਲੀਲ ਵੀਡੀਓ ਭੇਜੀ ਅਤੇ ਗਾਲੀ-ਗਲੋਚ ਕਰ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ।

## ਪੰਜਾਬ 'ਚ ਅਸਲਾ ਦਾ ਲਾਇਸੈਂਸ ਅਪਲਾਈ ਕਰਨ ਵਾਲਿਆਂ ਨੂੰ ਲੈ ਕੇ ਵੱਡਾ ਖ਼ੁਲਾਸਾ

ਲੁਧਿਆਣਾ 9 ਨਵੰਬਰ। ਮਹਾਨਗਰ 'ਚ ਅਸਲੇ ਦੇ ਚਾਹਵਾਨ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਅਸਲਾ ਰੱਖਣ ਦੇ ਸ਼ੌਕੀਨ ਜਾਅਲੀ ਡੋਪ ਟੈਸਟ ਰਿਪੋਰਟ ਸਬਮਿਟ ਕਰਕੇ ਕਿਸੇ ਦੀ ਵੀ ਜਾਨ ਜ਼ੋਖਿਮ ਵਿਚ ਪਾ ਸਕਦੇ ਹਨ ਪਰ ਪੁਲਸ ਕਮਿਸ਼ਨਰੇਟ ਸਿਸਟਮ ਇਸ ਪਾਸੇ ਪੂਰੀ ਜਾਗਰੂਕਤਾ ਨਾਲ ਕੰਮ ਕਰ ਰਿਹਾ ਹੈ। ਮਹੀਨੇ ਵਿਚ ਔਸਤਨ 10-12 ਕੇਸ ਜਾਅਲੀ ਡੋਪ ਟੈਸਟ ਰਿਪੋਰਟ ਸਬਮਿਟ ਕਰਵਾਉਣ ਦੇ ਦੋਸ਼ ਵਿਚ ਪੁਲਸ ਕੇਸ ਦਰਜ ਕਰ ਰਹੀ ਹੈ। ਇਸੇ ਕੜੀ ਤਹਿਤ ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ ਪ੍ਰਿੰਸ ਸਿੰਘ ਅਤੇ ਹਰਪਿੰਦਰ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਮੁਲਜ਼ਮ ਪ੍ਰਿੰਸ ਅਤੇ ਹਰਪਿੰਦਰ ਵਲੋਂ ਅਸਲੇ ਦਾ ਲਾਇਸੈਂਸ ਲੈਣ ਲਈ ਅਪਲਾਈ ਕੀਤਾ ਗਿਆ। ਅਸਲੇ ਦਾ ਲਾਇਸੈਂਸ ਪਾਉਣ ਲਈ ਬਿਨੈਕਾਰ ਦੀ ਮਾਨਸਿਕ ਅਤੇ ਸਰੀਰਕ ਫਿਟਨੈੱਸ ਦੀ ਜਾਂਚ ਲਈ ਟੈਸਟ ਕਰਵਾਇਆ ਜਾਂਦਾ ਹੈ

# ਜਲੰਧਰ 'ਚ ਵੱਡੇ ਐਕਸ਼ਨ ਦੀ ਤਿਆਰੀ ! ਵਿਜੀਲੈਂਸ ਨੇ ਸਮਾਰਟ ਸਿਟੀ ਦੇ ਘਪਲਿਆਂ 'ਤੇ ਜਾਂਚ ਕੀਤੀ ਤੇਜ਼

ਕੌਮੀ ਪਤ੍ਰਿਕਾ

ਜਲੰਧਰ 9 ਨਵੰਬਰ। ਸਮਾਰਟ ਸਿਟੀ ਜਲੰਧਰ ਨਾਲ ਜੁੜੇ ਘਪਲਿਆਂ ਦੀ ਜਾਂਚ ਹੁਣ ਫੈਸਲਾਕੁੰਨ ਮੋੜ 'ਤੇ ਪਹੁੰਚ ਗਈ ਲੱਗਦੀ ਹੈ। ਪਤਾ ਲੱਗਾ ਹੈ ਕਿ ਸਟੇਟ ਵਿਜੀਲੈਂਸ ਬਿਊਰੋ ਦੇ ਜਲੰਧਰ ਯੂਨਿਟ ਨੇ ਜਾਂਚ ਦੀ ਰਫਤਾਰ ਤੇਜ਼ ਕਰਦੇ ਹੋਏ ਕਈ ਸਾਬਕਾ ਅਧਿਕਾਰੀਆਂ, ਠੇਕੇਦਾਰਾਂ ਅਤੇ ਪ੍ਰਾਜੈਕਟ ਨਾਲ ਜੁੜੇ ਕਰਮਚਾਰੀਆਂ ਦੇ ਬਿਆਨ ਦਰਜ ਕਰ ਲਏ ਹਨ। ਦੱਸਿਆ ਜਾ ਰਿਹਾ ਹੈ ਕਿ ਵਿਜੀਲੈਂਸ ਨੇ ਹੁਣ ਤਕ ਉਨ੍ਹਾਂ ਸਾਰੇ ਅਧਿਕਾਰੀਆਂ ਦਾ ਡਾਟਾ ਇਕੱਠਾ ਕਰ ਲਿਆ ਹੈ, ਜਿਨ੍ਹਾਂ ਨੇ ਸਮਾਰਟ ਸਿਟੀ ਪ੍ਰਾਜੈਕਟਾਂ ਨੂੰ ਤਿਆਰ ਕੀਤਾ, ਟੈਂਡਰ ਪਾਸ ਕੀਤੇ, ਕੰਮ ਕਰਵਾਏ ਅਤੇ ਭੁਗਤਾਨ ਦੀ ਮਨਜ਼ੂਰੀ ਦਿੱਤੀ। ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਅਫਸਰਾਂ ਨੂੰ ਜਵਾਬਦੇਹ ਬਣਾ ਕੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਕੁਝ ਮਾਮਲਿਆਂ ਵਿਚ ਸਰਕਾਰੀ ਪੈਨਸ਼ਨ ਤਕ ਰੋਕੇ ਜਾਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਜਾਣਕਾਰੀ ਅਨੁਸਾਰ ਵਿਜੀਲੈਂਸ ਬਿਊਰੋ ਨੇ ਉਨ੍ਹਾਂ ਸਾਰੇ ਪ੍ਰਾਜੈਕਟਾਂ ਦੀ ਜਾਂਚ ਨੂੰ ਪਹਿਲ ਦਿੱਤੀ, ਜਿਨ੍ਹਾਂ 'ਤੇ ਭ੍ਰਿਸ਼ਟਾਚਾਰ ਅਤੇ ਬੇਨਿਯਮੀਆਂ ਦੇ ਦੋਸ਼ ਲੱਗੇ ਹਨ। ਇਨ੍ਹਾਂ ਵਿਚ ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ, ਬਿਸਤ ਦੋਆਬ ਨਹਿਰ ਸੁੰਦਰੀਕਰਨ ਪ੍ਰਾਜੈਕਟ ਅਤੇ ਸਮਾਰਟ ਰੋਡ ਪ੍ਰਾਜੈਕਟ ਪ੍ਰਮੁੱਖ ਹਨ। ਇਨ੍ਹਾਂ ਯੋਜਨਾਵਾਂ 'ਤੇ ਕਰੋੜਾਂ ਰੁਪਏ ਖਰਚ ਹੋਏ ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਦਾ ਲਾਭ ਜਨਤਾ ਨੂੰ ਨਹੀਂ ਮਿਲਿਆ। ਸਮਾਰਟ ਸਿਟੀ ਮਿਸ਼ਨ ਤਹਿਤ ਲੱਗਭਗ 900 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਲੰਧਰ ਦੇ ਵਿਕਾਸ ਕਾਰਜਾਂ 'ਤੇ ਖਰਚ ਕੀਤੀ ਗਈ ਸੀ ਪਰ ਸ਼ਹਿਰ ਦੀ ਹਾਲਤ ਦੇਖ ਕੇ ਸਪੱਸ਼ਟ ਹੈ ਕਿ ਪ੍ਰਾਜੈਕਟਾਂ ਵਿਚ ਉਮੀਦ ਮੁਤਾਬਕ ਸੁਧਾਰ ਨਹੀਂ ਹੋਇਆ। ਕੈਗ ਦੀ ਆਡਿਟ ਰਿਪੋਰਟ ਨੇ ਵੀ ਇਨ੍ਹਾਂ ਪ੍ਰਾਜੈਕਟਾਂ ਵਿਚ ਗੰਭੀਰ ਵਿੱਤੀ ਗੜਬੜੀਆਂ ਉਜਾਗਰ ਕੀਤੀਆਂ ਹਨ, ਜਿਸ ਤੋਂ ਬਾਅਦ ਵਿਜੀਲੈਂਸ ਨੇ ਜਾਂਚ ਦਾ ਘੇਰਾ ਹੋਰ ਵਧਾ ਦਿੱਤਾ ਹੈ। ਸੂਤਰਾਂ ਅਨੁਸਾਰ ਵਿਜੀਲੈਂਸ ਉਨ੍ਹਾਂ ਅਫਸਰਾਂ ਦੀ ਸੂਚੀ ਤਿਆਰ ਕਰ ਚੁੱਕੀ ਹੈ, ਜੋ ਸਮਾਰਟ ਸਿਟੀ ਵਿਚ ਸਾਈਟ ਇੰਜੀਨੀਅਰ, ਕੰਸਲਟੈਂਟ, ਪ੍ਰਾਜੈਕਟ ਐਕਸਪਰਟ, ਟੀਮ ਲੀਡਰ ਅਤੇ ਸੀ. ਈ. ਓ. ਪੱਧਰ 'ਤੇ ਕੰਮ ਕਰ ਰਹੇ ਸਨ। ਇਹ ਅਫਸਰ ਪ੍ਰਾਜੈਕਟ ਮਨਜ਼ੂਰੀ, ਟੈਂਡਰਿੰਗ ਅਤੇ ਪੇਮੈਂਟ ਪ੍ਰਕਿਰਿਆ ਨਾਲ ਸਿੱਧੇ ਜੁੜੇ ਸਨ। ਇਨ੍ਹਾਂ ਵਿਚੋਂ ਕਈ ਅਧਿਕਾਰੀ ਹੁਣ ਰਿਟਾਇਰ ਹੋ ਕੇ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਜੇਕਰ ਜਾਂਚ ਵਿਚ ਦੋਸ਼ ਸਿੱਧ ਹੋਇਆ ਤਾਂ ਸਰਕਾਰ ਗ੍ਰਿਫ਼ਤਾਰੀ ਵਰਗੀ ਕਾਰਵਾਈ ਵੀ ਕਰ ਸਕਦੀ ਹੈ। ਸਮਾਰਟ ਸਿਟੀ ਜਲੰਧਰ ਵਿਚ ਕਦੀ ਪਾਰਦਰਸ਼ਿਤਾ ਨਹੀਂ ਰਹੀ। ਨਾ ਤਾਂ ਪ੍ਰਾਜੈਕਟਾਂ ਨਾਲ ਜੁੜੀ ਜਾਣਕਾਰੀ ਵੈੱਬਸਾਈਟ 'ਤੇ ਪਾਈ ਗਈ ਅਤੇ ਨਾ ਹੀ ਆਰ. ਟੀ. ਆਈ. ਦਾ ਜਵਾਬ ਦਿੱਤਾ ਗਿਆ। ਇਥੋਂ ਤਕ ਕਿ ਕਿਸੇ ਵੀ ਪ੍ਰਾਜੈਕਟ 'ਤੇ ਪ੍ਰੈੱਸ ਕਾਨਫਰੰਸ ਤਕ ਨਹੀਂ ਕੀਤੀ ਗਈ। ਇਸ ਕਾਰਨ ਸਮਾਰਟ ਸਿਟੀ ਕੰਪਨੀ ਨੂੰ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਵਾਂਗ ਕੰਮ ਕਰਨ ਵਾਲਾ ਕਾਰਪੋਰੇਟ ਅਦਾਰਾ ਤਕ ਕਿਹਾ ਜਾਣ ਲੱਗਾ ਸੀ। ਸਮਾਰਟ ਸਿਟੀ ਦੇ ਕਈ ਅਹੁਦਿਆਂ 'ਤੇ ਆਊਟਸੋਰਸ ਏਜੰਸੀਆਂ ਜ਼ਰੀਏ ਮਨਚਾਹੇ ਕਰਮਚਾਰੀਆਂ ਨੂੰ ਰੱਖਿਆ ਗਿਆ। ਇਨ੍ਹਾਂ ਵਿਚੋਂ ਕਈ ਨਗਰ ਨਿਗਮ ਦੇ ਸੇਵਾਮੁਕਤ ਅਧਿਕਾਰੀ ਸਨ, ਜੋ ਪੈਨਸ਼ਨ ਲੈਂਦੇ ਹੋਏ ਦੋਹਰੀ ਕਮਾਈ ਕਰ ਰਹੇ ਸਨ। ਹੁਣ ਵਿਜੀਲੈਂਸ ਇਹ ਜਾਂਚ ਕਰ ਰਹੀ ਹੈ ਕਿ ਇਨ੍ਹਾਂ ਨਿਯੁਕਤੀਆਂ ਪਿੱਛੇ ਕਿਹੜੇ ਅਫਸਰਾਂ ਦੀ ਭੂਮਿਕਾ ਸੀ ਅਤੇ ਕਿਸ ਨੂੰ ਅਣਉਚਿਤ ਲਾਭ ਪਹੁੰਚਾਇਆ ਗਿਆ। ਵਿਜੀਲੈਂਸ ਬਿਊਰੋ ਵਿੱਤੀ ਗੜਬੜੀਆਂ ਤੋਂ ਅੱਗੇ ਵਧ ਕੇ ਉਨ੍ਹਾਂ ਪ੍ਰਾਪਰਟੀਆਂ ਦੀ ਵੀ ਜਾਂਚ ਕਰਨ ਦੀ ਤਿਆਰੀ ਵਿਚ ਹੈ, ਜੋ ਕਥਿਤ ਤੌਰ 'ਤੇ ਭ੍ਰਿਸ਼ਟਾਚਾਰ ਦੇ ਪੈਸਿਆਂ ਨਾਲ ਹਾਸਲ ਕੀਤੀਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਬਿਊਰੋ ਨੇ ਇਸ ਸਬੰਧ ਵਿਚ ਆਰੰਭਿਕ ਜਾਣਕਾਰੀ ਜੁਟਾ ਲਈ ਹੈ ਅਤੇ ਜਲਦ ਕੁਝ ਅਧਿਕਾਰੀਆਂ ਦੀ ਪ੍ਰਾਪਰਟੀ ਦੀ ਜਾਂਚ ਸ਼ੁਰੂ ਹੋ ਸਕਦੀ ਹੈ। ਸਮਾਰਟ ਸਿਟੀ ਪ੍ਰਾਜੈਕਟਾਂ ਨੂੰ ਲੈ ਕੇ ਕੈਗ ਦੀ ਜਾਂਚ ਤੋਂ ਬਾਅਦ ਆਈ ਰਿਪੋਰਟ ਅਤੇ ਵਿਜੀਲੈਂਸ ਦੀ ਜਾਂਚ ਸਿਰਫ ਵਿੱਤੀ ਬੇਨਿਯਮੀਆਂ 'ਤੇ ਕੇਂਦਰਿਤ ਹੈ, ਜਦਕਿ ਤਕਨੀਕੀ ਮੁਲਾਂਕਣ (ਟੈਕਨੀਕਲ ਇਵੈਲਿਊਏਸ਼ਨ) ਅਜੇ ਬਾਕੀ ਹੈ। ਵਿਜੀਲੈਂਸ ਟੀਮ ਜਲਦ ਪ੍ਰਾਜੈਕਟ ਸਾਈਟਾਂ 'ਤੇ ਜਾ ਕੇ ਮੌਕੇ ਦੀ ਜਾਂਚ ਕਰੇਗੀ ਤਾਂ ਕਿ ਕੰਮਾਂ ਦੀ ਅਸਲ ਕੁਆਲਿਟੀ ਅਤੇ ਸਮਾਰਟ ਸਿਟੀ ਦੇ ਨਾਂ 'ਤੇ ਹੋਏ ਕਰੋੜਾਂ ਰੁਪਏ ਦੇ ਘਪਲੇ ਹੁਣ




ਘਟੀਆ ਨਿਰਮਾਣ ਦੀ ਸੱਚਾਈ ਸਾਹਮਣੇ ਆ ਸਕੇ। ਜੇਕਰ ਜਾਂਚ ਨਿਰਪੱਖ ਰਹੀ ਤਾਂ ਇਹ ਸੰਭਾਵਨਾ ਹੈ ਕਿ ਨਾ ਸਿਰਫ ਸਥਾਨਕ, ਸਗੋਂ ਚੰਡੀਗੜ੍ਹ ਬੈਠੇ ਸੀਨੀਅਰ ਅਧਿਕਾਰੀ ਵੀ ਇਸ ਦੇ ਘੇਰੇ ਵਿਚ ਆ ਸਕਦੇ ਹਨ। ਕੁੱਲ ਮਿਲਾ ਕੇ ਜਲੰਧਰ ਵਿਜੀਲੈਂਸ ਦੇ ਰਾਡਾਰ 'ਤੇ ਹਨ। ਅਫਸਰਾਂ ਤੋਂ ਲੈ ਕੇ ਠੇਕੇਦਾਰਾਂ ਤਕ ਸਭ ਦੀ ਜਵਾਬਦੇਹੀ ਤੈਅ ਹੋਵੇਗੀ ਅਤੇ ਇਸ ਵਾਰ ਕਾਰਵਾਈ ਸਿਰਫ ਫਾਈਲਾਂ ਤਕ ਸੀਮਤ ਨਹੀਂ ਰਹਿਣ ਵਾਲੀ, ਅਜਿਹਾ ਮੰਨਿਆ ਜਾ ਰਿਹਾ ਹੈ।